ਸੋਮਵਾਰ, 12 ਜਨਵਰੀ, 2026
29 ਪੋਹ { ਨਾਨਕਸ਼ਾਹੀ 557, ਬਿਕਰਮੀ 2082 }
ਜਿਲਦ/VOL. : 74
ਅੰਕ/NO. : 223

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA •MONDAY, 12 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਭਾਜਪਾ ਦੀ ਫਿਰਕੂ ਹਿੰਸਾ ਭੜਕਾਉਣ ਦੀ ਸਾਜ਼ਿਸ਼ ਸਫਲ ਨਹੀਂ ਹੋਣ ਦੇਵਾਂਗੇ : ਭਗਵੰਤ ਮਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੇ ਦਿੱਲੀ ਵਿਧਾਨ ਸਭਾ ਦੇ ਵੀਡੀਓ ਨਾਲ ਛੇੜਛਾੜ ਕਰਨ ਲਈ ਭਾਜਪਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਨੂੰ ਪੰਜਾਬ ਵਿੱਚ ਫਿਰਕੂ ਹਿੰਸਾ ਭੜਕਾਉਣ ਦੀ ਘਟੀਆ ਸਾਜ਼ਿਸ਼ ਕਰਾਰ ਦਿੱਤਾ।ਇਹ ਕਹਿੰਦਿਆਂ ਕਿ ਧਰਮ ਨਿਰਪੱਖ ਪੰਜਾਬ ਸਰਕਾਰ ਅਜਿਹੇ ਮਨਸੂਬਿਆਂ ਨੂੰ ਸਫ਼ਲ ਨਹੀਂ ਹੋਣ ਦੇਵੇਗੀ, ਮੁੱਖ ਮੰਤਰੀ ਨੇ ਕਿਹਾ ਕਿ ਵੀਡੀਓ ਨੂੰ ਐਡਿਟ ਕਰਕੇ ਇਸ ਵਿੱਚ ਜਾਣਬੁੱਝ ਕੇ ਗਲਤ ਸ਼ਬਦਾਵਲੀ ਸ਼ਾਮਲ ਕੀਤੀ ਗਈ ਹੈ, ਜੋ ਕਿ ਸਿੱਖ ਧਰਮ ਦੀ ਘੋਰ ਬੇਅਦਬੀ ਹੈ।ਉਨ੍ਹਾ ਨਾਲ ਹੀ ਦੱਸਿਆ ਕਿ ਫੋਰੈਂਸਿਕ ਜਾਂਚ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਤਿਸ਼ੀ ਨੇ ਆਪਣੇ ਬਿਆਨ ਵਿੱਚ ਕਿਤੇ ਵੀ 'ਗੁਰੂ' ਸ਼ਬਦ ਬੋਲਿਆ ਹੀ ਨਹੀਂ।

ਭਾਜਪਾ ਨੇਤਾ ਕਪਿਲ ਮਿਸ਼ਰਾ ਵਿਰੁੱਧ ਪੰਜਾਬ ਪੁਲਸ ਦੀ ਕਾਰਵਾਈ ਨੂੰ ਜਾਇਜ਼ ਦੱਸਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਝੂਠੀ ਵੀਡੀਓ ਕਲਿੱਪ ਵਿਧਾਨ ਸਭਾ ਦੇ ਅਧਿਕਾਰਤ ਰਿਕਾਰਡ ਵਿੱਚ ਕਿਤੇ ਵੀ ਨਹੀਂ ਅਤੇ ਭਾਜਪਾ ਚੰਡੀਗੜ੍ਹ, ਬੀ ਬੀ ਐੱਮ ਬੀ ਅਤੇ ਪੰਜਾਬ ਯੂਨੀਵਰਸਿਟੀ ਵਰਗੇ ਮੁੱਦਿਆਂ 'ਤੇ ਪੰਜਾਬ ਵਿਰੋਧੀ ਮਾਨਸਿਕਤਾ ਨਾਲ ਚੱਲ ਰਹੀ ਹੈ।ਉਨ੍ਹਾ ਕਿਹਾ ਕਿ ਅਜਿਹੇ ਵਿੱਚ ਵਿਰੋਧੀ ਧਿਰ ਦੇ ਨੇਤਾ ਘਟੀਆ ਰਾਜਨੀਤੀ ਕਰਦਿਆਂ ਸੂਬਾ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਰਕੇ ਇਸ ਝੂਠ ਦਾ ਬਚਾਅ ਕਰਨ ਲਈ ਤਰਲੋ-ਮੱਛੀ ਹੋ ਰਹੇ ਹਨ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ੁਰੂਆਤ ਤੋਂ ਹੀ ਭਾਜਪਾ ਨੇ ਫਿਰਕਾਪ੍ਰਸਤੀ, ਵੰਡ ਅਤੇ ਨਫ਼ਰਤ ਦੀ ਰਾਜਨੀਤੀ ਕੀਤੀ ਹੈ ਅਤੇ ਇਸੇ ਦੇ ਹਿੱਸੇ ਵਜੋਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਭਾਜਪਾ ਨੇ ਪੰਜਾਬ ਵਿੱਚ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਲਈ ਇਸ ਏਜੰਡੇ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਦੇ ਵੀਡੀਓ ਨਾਲ ਛੇੜਛਾੜ ਕਰਦਿਆਂ ਇਸ ਵਿੱਚ ਇਤਰਾਜ਼ਯੋਗ ਸ਼ਬਦਾਵਲੀ ਸ਼ਾਮਲ ਕੀਤੀ ਹੈ।ਇੱਥੋਂ ਤੱਕ ਕਿ ਫੋਰੈਂਸਿਕ ਜਾਂਚ 'ਚ ਵੀ ਸਪੱਸ਼ਟ ਤੌਰ 'ਤੇ ਸਾਬਤ ਹੋ ਗਿਆ ਹੈ ਕਿ 'ਆਪ' ਨੇਤਾ ਨੇ ਕਿਤੇ ਵੀ ਗੁਰੂ ਸ਼ਬਦ ਬੋਲਿਆ ਹੀ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨਾ ਭਗਵਾ ਪਾਰਟੀ ਦੀ ਪੁਰਾਣੀ ਰਣਨੀਤੀ ਹੈ ਅਤੇ ਇਸ ਕਾਰਵਾਈ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ, ਕਿਉਂਕਿ ਵੀਡੀਓ ਨਾਲ ਛੇੜਛਾੜ ਕਰਕੇ ਉਨ੍ਹਾਂ ਨੇ ਬੇਅਦਬੀ ਕੀਤੀ ਹੈ, ਜੋ ਕਿ ਬਿਲਕੁਲ ਵੀ ਬਰਦਾਸ਼ਤ ਯੋਗ ਨਹੀਂ।ਉਨ੍ਹਾ ਕਿਹਾ ਕਿ ਇਹ • ਬਾਕੀ ਸਫਾ 2 'ਤੇ

## ਪ੍ਰੀਖਿਆਵਾਂ ਲਈ ਮੁਫਤ ਕੋਚਿੰਗ ਦੀ ਸ਼ੁਰੂਆਤ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਐਤਵਾਰ ਨੂੰ ਬਠਿੰਡਾ ਦੀ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਮਿਸ਼ਨ ਪ੍ਰਗਤੀ ਅਧੀਨ ਦਾਖ਼ਲ ਹੋਏ ਉਮੀਦਵਾਰਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਵਿੱਚ ਨੌਕਰੀ ਲੱਭਣ ਵਾਲਿਆਂ ਨੂੰ ਨੌਕਰੀ ਦੇਣ ਵਾਲਿਆਂ ਵਿੱਚ ਬਦਲਣ ਲਈ ਵਿਆਪਕ ਯਤਨਾਂ ਦੇ ਹਿੱਸੇ ਵਜੋਂ ਐੱਸ ਐੱਸ ਬੀ, ਪੁਲਸ ਅਤੇ ਹਥਿਆਰਬੰਦ ਬਲਾਂ ਸਮੇਤ ਹੋਰ ਭਰਤੀ ਪ੍ਰੀਖਿਆਵਾਂ ਲਈ ਪੇਂਡੂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਮੁਫਤ ਅਕਾਦਮਿਕ ਅਤੇ ਸਰੀਰਕ ਸਿਖਲਾਈ ਪ੍ਰਦਾਨ ਕਰਨ ਦੇ ਯਤਨ ਕੀਤੇ ਗਏ ਹਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਠੰਢ • ਬਾਕੀ ਸਫਾ 2 'ਤੇ

## ਐੱਨ ਆਰ ਆਈ ਜੋੜੇ ਨਾਲ 14 ਕਰੋੜ ਤੇ ਸਾਬਕਾ ਪੁਲਸ ਅਫਸਰ ਦੀ ਪਤਨੀ ਨਾਲ ਢਾਈ ਕਰੋੜ ਦੀ ਠੱਗੀ


ਐੱਨ ਆਰ ਆਈ ਜੋੜਾ ਆਪਣੀ ਦਾਸਤਾਨ ਸੁਣਾਉਂਦਾ ਹੋਇਆ।

**ਨਵੀਂ ਦਿੱਲੀ** : ਇੱਥੇ ਬਜ਼ੁਰਗ ਐੱਨ ਆਰ ਆਈ ਜੋੜੇ ਨਾਲ ਲੱਗਭੱਗ 14 ਕਰੋੜ ਰੁਪਏ ਦੀ ਠੱਗੀ ਹੋ ਗਈ। ਦਿੱਲੀ ਪੁਲਸ ਮੁਤਾਬਕ, ਇਹ ਠੱਗੀ 'ਡਿਜੀਟਲ ਅਰੈਸਟ' ਰਾਹੀਂ ਕੀਤੀ ਗਈ, ਜਿਸ ਵਿੱਚ ਪੀੜਤਾਂ ਉੱਤੇ ਡਰ ਅਤੇ ਮਾਨਸਿਕ ਦਬਾਅ ਬਣਾ ਕੇ ਪੈਸੇ ਟਰਾਂਸਫਰ ਕਰਵਾਏ ਗਏ। ਗ੍ਰੇਟਰ ਕੈਲਾਸ਼-2 ਦੀ ਰਹਿਣ ਵਾਲੀ 77 ਸਾਲਾ ਐੱਨ ਆਰ ਆਈ ਮਹਿਲਾ ਨੇ ਇਸ ਸੰਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਵੇਰਵਿਆਂ ਅਨੁਸਾਰ ਇਹ ਘਟਨਾ 24 ਦਸੰਬਰ 2025 ਤੋਂ 9 ਜਨਵਰੀ 2026 ਦਰਮਿਆਨ ਵਾਪਰੀ, ਜਦੋਂ ਇੱਕ ਨੌਸਰਬਾਜ਼ ਨੇ ਆਪਣੇ-ਆਪ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦਾ ਅਧਿਕਾਰੀ ਦੱਸਦੇ ਹੋਏ ਫੋਨ ਕਾਲ ਕੀਤੀ।

ਠੱਗ ਨੇ ਦਾਅਵਾ ਕੀਤਾ ਕਿ ਉਸ (ਮਹਿਲਾ) ਦਾ ਮੋਬਾਈਲ ਨੰਬਰ ਅਸ਼ਲੀਲ ਅਤੇ ਅਪਮਾਨਜਨਕ ਕਾਲਾਂ ਲਈ ਵਰਤਿਆ ਜਾ ਰਿਹਾ ਹੈ ਅਤੇ ਉਸ ਦੇ ਬੈਂਕ ਖਾਤਿਆਂ ਵਿੱਚ ਕਾਲਾ ਧਨ ਮਿਲਿਆ ਹੈ। ਇਸ ਤੋਂ ਇਲਾਵਾ ਉਸ ਨੂੰ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਜਾਂਚ ਹੇਠ ਹੋਣ ਦੀ ਧਮਕੀ ਦਿੱਤੀ ਗਈ। ਠੱਗਾਂ ਨੇ ਤੁਰੰਤ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦੇ ਕੇ ਪੀੜਤਾ ਨੂੰ ਡਰਾਇਆ ਅਤੇ ਲਗਾਤਾਰ ਫੋਨ ਕਾਲਾਂ ਰਾਹੀਂ ਮਾਨਸਿਕ ਤਣਾਅ ਵਿੱਚ ਰੱਖਿਆ।

ਪੀੜਤਾ ਦੇ ਪਤੀ ਡਾ. ਓਮ ਤਨੇਜਾ ਨੇ ਕਿਹਾ ਕਿ ਠੱਗਾਂ ਕੋਲ ਉਨ੍ਹਾਂ ਬਾਰੇ ਕਾਫੀ ਨਿੱਜੀ ਜਾਣਕਾਰੀ ਸੀ, ਜਿਸ ਦੇ ਡਰ ਕਾਰਨ ਉਨ੍ਹਾਂ ਆਰ ਟੀ ਜੀ ਐੱਸ ਰਾਹੀਂ ਵੱਖ-ਵੱਖ ਖਾਤਿਆਂ ਵਿੱਚ 14 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ। ਪੀੜਤਾ ਨੇ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਹੈ।

ਹੈਦਰਾਬਾਦ ਦੀ ਰਿਪੋਰਟ ਅਨੁਸਾਰ ਸਾਈਬਰ ਠੱਗਾਂ ਨੇ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ 'ਤੇ ਵੱਧ ਮੁਨਾਫੇ ਦਾ ਲਾਲਚ ਦੇ ਕੇ ਇੱਥੇ ਇੱਕ ਸਾਬਕਾ ਆਈ ਪੀ ਐੱਸ ਅਧਿਕਾਰੀ ਦੀ ਪਤਨੀ ਨਾਲ 2.58 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਮਹਿਲਾ ਨੇ ਦੱਸਿਆ ਕਿ ਪਿਛਲੇ ਸਾਲ ਨਵੰਬਰ ਵਿੱਚ ਉਸ ਨੂੰ ਇੱਕ ਮੈਸੇਜਿੰਗ ਐਪ 'ਤੇ ਸਟਾਕ ਮਾਰਕੀਟ ਰਾਹੀਂ ਭਾਰੀ ਮੁਨਾਫਾ ਕਮਾਉਣ ਦਾ ਸੱਦਾ ਮਿਲਿਆ ਸੀ।

ਆਨਲਾਈਨ ਟਰੇਡਿੰਗ ਦੀ ਤਕਨੀਕੀ ਜਾਣਕਾਰੀ ਨਾ ਹੋਣ ਕਾਰਨ ਉਸ ਨੇ ਆਪਣੇ ਪਤੀ ਨੂੰ ਉਸ ਦੀ ਤਰਫੋਂ ਗਰੁੱਪ ਵਿੱਚ ਸ਼ਾਮਲ ਹੋਣ ਲਈ ਕਿਹਾ, ਜੋ 29 ਨਵੰਬਰ ਨੂੰ ਸ਼ਾਮਲ ਹੋ ਗਏ। ਇਸ ਤੋਂ ਤੁਰੰਤ ਬਾਅਦ ਦਿਨੇਸ਼ ਸਿੰਘ ਨਾਂਅ ਦੇ ਵਿਅਕਤੀ ਨੇ ਗਰੁੱਪ ਵਿੱਚ ਵਿਸਤ੍ਰਿਤ ਸੁਨੇਹੇ ਭੇਜ ਕੇ ਕਲਾਸਾਂ ਅਤੇ ਚਰਚਾਵਾਂ ਸ਼ੁਰੂ ਕਰ ਦਿੱਤੀਆਂ। ਉਸ ਦੇ ਸੁਨੇਹੇ ਇੰਨੇ ਵਿਦਵਤਾਪੂਰਨ ਅਤੇ ਵਿਸ਼ਲੇਸ਼ਣਾਤਮਕ ਸਨ ਕਿ ਗਰੁੱਪ ਮੈਂਬਰਾਂ ਵਿੱਚ ਪੂਰਾ ਭਰੋਸਾ ਪੈਦਾ ਹੋ ਗਿਆ।

ਦਿਨੇਸ਼ ਸਿੰਘ ਅਤੇ ਉਸ ਦੇ ਸਾਥੀਆਂ ਨੇ ਦਾਅਵਾ ਕੀਤਾ ਕਿ ਉਹ ਭਾਰਤ ਵਿੱਚ ਸੇਬੀ ਰਜਿਸਟਰਡ ਸੰਸਥਾ ਰਾਹੀਂ ਵਪਾਰ ਕਰਦੇ ਹਨ ਅਤੇ ਗਰੁੱਪ ਵਿੱਚ ਰਜਿਸਟਰੇਸ਼ਨ ਸਰਟੀਫਿਕੇਟਾਂ ਦੀਆਂ ਕਾਪੀਆਂ ਵੀ ਸਾਂਝੀਆਂ ਕੀਤੀਆਂ। ਇਨ੍ਹਾਂ ਹਦਾਇਤਾਂ ਅਨੁਸਾਰ ਮਹਿਲਾ ਨੇ ਆਪਣੇ ਪਤੀ ਦੀ ਮਦਦ ਨਾਲ ਉਸ ਦੇ ਨਾਂਅ 'ਤੇ ਟਰੇਡਿੰਗ ਖਾਤਾ ਖੋਲ੍ਹਿਆ। ਲਗਾਤਾਰ ਲਾਲਚ ਵਿੱਚ ਆ ਕੇ ਉਸ ਨੇ ਸੋਨੇ 'ਤੇ ਲੋਨ ਲੈ ਕੇ ਵੀ ਵੱਡੀ ਰਕਮ ਜਮ੍ਹਾਂ ਕਰਵਾਈ ਤਾਂ ਜੋ ਕਥਿਤ ਆਈ ਪੀ ਓ ਵਿੱਚ ਹਿੱਸਾ ਲਿਆ ਜਾ ਸਕੇ।

ਇਸ ਦੌਰਾਨ ਉਸ ਦੇ ਪਤੀ ਨੇ ਵਾਰ-ਵਾਰ ਸੁਚੇਤ ਕੀਤਾ ਕਿ ਰੋਜ਼ਾਨਾ ਪੱਛਮੀ ਬੰਗਾਲ, ਅਸਾਮ, ਭੁਬਨੇਸ਼ਵਰ ਅਤੇ ਦਿੱਲੀ ਵਰਗੇ ਵੱਖ-ਵੱਖ ਬੈਂਕ ਖਾਤਿਆਂ ਦੇ ਨੰਬਰ ਦਿੱਤੇ ਜਾ ਰਹੇ ਹਨ, ਜੋ ਸ਼ੱਕੀ ਸਨ। ਜਦੋਂ ਮਹਿਲਾ ਨੇ ਇੰਟਰਨੈੱਟ 'ਤੇ ਖੋਜ ਕੀਤੀ ਤਾਂ ਉਸ ਨੂੰ ਦੇਸ਼ ਭਰ ਵਿੱਚ ਹੋਈਆਂ ਅਜਿਹੀਆਂ ਧੋਖਾਧੜੀਆਂ ਬਾਰੇ ਪਤਾ ਲੱਗਿਆ। 5 ਜਨਵਰੀ ਨੂੰ ਉਸ ਨੇ 10 ਲੱਖ ਰੁਪਏ ਕਢਵਾਏ, ਜੋ ਛੇ ਛੋਟੀਆਂ ਕਿਸ਼ਤਾਂ ਵਿੱਚ ਆਏ, ਜਿਸ ਨਾਲ ਉਸ ਦਾ ਸ਼ੱਕ ਹੋਰ ਪੱਕਾ ਹੋ ਗਿਆ। ਮਹਿਲਾ ਨੇ ਦੱਸਿਆ ਕਿ ਠੱਗਾਂ ਨੇ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਇੱਕ ਨਾਮੀ ਕੰਪਨੀ ਦਾ ਭੇਸ ਧਾਰ ਕੇ ਉਸ ਨਾਲ 2.58 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਇਸ ਸੰਬੰਧੀ 6 ਜਨਵਰੀ ਨੂੰ ਐੱਫ ਆਈ ਆਰ ਦਰਜ ਕੀਤੀ ਗਈ ਹੈ।

## 1746 ਪੁਲਸ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ



**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਜਲੰਧਰ ਦੇ ਪੀ ਏ ਪੀ ਗਰਾਊਂਡ ਵਿਖੇ 1746 ਪੁਲਸ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਵੰਡੇ। ਉਹਨਾ ਕਿਹਾ ਕਿ ਪੰਜਾਬ ਸਰਕਾਰ 16 ਮਾਰਚ, 2022 ਤੋਂ ਰੋਜ਼ਾਨਾ ਔਸਤਨ 45 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਰਹੀ ਹੈ, ਜਿਸ ਨਾਲ ਚਾਰ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ 63,027 ਨਿਯੁਕਤੀਆਂ ਕਰਕੇ ਇਤਿਹਾਸ ਰਚਿਆ ਗਿਆ ਹੈ।ਪੰਜਾਬ ਪੁਲਸ ਦੇ ਹਥਿਆਰਬੰਦ ਅਤੇ ਜ਼ਿਲ੍ਹਾ ਕਾਡਰ ਦੇ 1,746 ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਮੁੱਖ ਮੰਤਰੀ ਨੇ ਕਿਹਾ, 'ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਕੁਝ ਨੌਜਵਾਨਾਂ ਨੇ ਦੋ ਜਾਂ ਤਿੰਨ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਹਨ। ਆਪਣੇ ਕਾਰਜਕਾਲ ਦੇ ਪਹਿਲੇ ਦਿਨ ਤੋਂ ਹੀ ਮੈਂ ਇਹ ਯਕੀਨੀ ਬਣਾਇਆ ਕਿ ਯੋਗ ਨੌਜਵਾਨਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲੇ ਅਤੇ ਇਸੇ ਕਰਕੇ ਹੁਣ ਤੱਕ 63,027 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ। ਅੱਜ 1746 ਹੋਰ ਨੌਜਵਾਨ ਪੰਜਾਬ ਸਰਕਾਰ ਦੇ ਪਰਵਾਰ ਵਿੱਚ ਸ਼ਾਮਲ ਹੋਏ ਹਨ, ਜੋ ਹੁਣ ਸੂਬੇ ਦੀ ਸਮਾਜਕ ਅਤੇ ਆਰਥਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਨਗੇ।' ਇਸ ਮੌਕੇ ਕੈਬਨਿਟ ਮੰਤਰੀ ਮਹਿੰਦਰ ਭਗਤ, ਡੀ ਜੀ ਪੀ ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

## ਸਾਂਝੀ ਲੀਡਰਸ਼ਿਪ ਹੇਠ ਅਸੰਬਲੀ ਚੋਣਾਂ ਲੜਾਂਗੇ



**ਬਠਿੰਡਾ** : ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਐਤਵਾਰ ਕਿਹਾ ਕਿ ਕਾਂਗਰਸ 2027 ਦੀਆਂ ਅਸੰਬਲੀ ਚੋਣਾਂ ਪਾਰਟੀ ਦੀ ਸਾਂਝੀ ਲੀਡਰਸ਼ਿਪ ਹੇਠ ਲੜੇਗੀ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਘੇਲ ਨੇ ਕਿਹਾ ਕਿ ਪਾਰਟੀ ਦੇ ਸਾਰੇ ਸੀਨੀਅਰ ਆਗੂ ਮੁੱਖ ਮੰਤਰੀ ਦਾ ਚਿਹਰਾ ਹਨ। ਇਸ ਮੌਕੇ ਬਘੇਲ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਆਗੂ ਮੌਜੂਦ ਸਨ। ਬਘੇਲ ਨੇ ਕਿਹਾ ਕਿ 2017 ਦੀਆਂ ਪੰਜਾਬ ਚੋਣਾਂ ਨੂੰ ਛੱਡ ਕੇ ਜਦੋਂ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਿਆ ਗਿਆ ਸੀ, ਕਾਂਗਰਸ ਨੇ ਹਮੇਸ਼ਾ ਸਾਂਝੀ ਲੀਡਰਸ਼ਿਪ ਹੇਠ ਚੋਣਾਂ ਲੜੀਆਂ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਉਮੀਦਵਾਰ ਬਾਰੇ ਆਖਰੀ ਫੈਸਲਾ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ ਵੱਲੋਂ ਲਿਆ ਜਾਵੇਗਾ। ਬਘੇਲ ਕਾਂਗਰਸ ਦੇ 'ਮਗਨਰੇਗਾ ਬਚਾਓ ਸੰਗਰਾਮ' ਦੇ ਪਹਿਲੇ ਪੜਾਅ ਦੇ ਆਖਰੀ ਗੇੜ ਲਈ ਪੰਜਾਬ ਦੌਰੇ 'ਤੇ ਹਨ।

## ਅੰਗੀਠੀ ਦੇ ਧੂੰਏਂ ਨਾਲ ਪਤੀ-ਪਤਨੀ ਤੇ ਬੇਟੇ ਦੀ ਮੌਤ

**ਤਰਨ ਤਾਰਨ** : ਹਰੀਕੇ ਵਿੱਚ ਸਨਿੱਚਰਵਾਰ ਰਾਤ ਵੇਲੇ ਪਰਵਾਰ ਦੇ ਤਿੰਨ ਜੀਆਂ ਦੀ ਅੰਗੀਠੀ ਦੇ ਧੂੰਏਂ ਕਾਰਨ ਮੌਤ ਹੋ ਗਈ। ਨੌਂ ਸਾਲਾ ਮੁੰਡੇ ਕਿਸ਼ਨ ਸਿੰਘ ਦੀ ਹਾਲਤ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਗੰਭੀਰ ਬਣੀ ਹੋਈ ਸੀ। ਮ੍ਰਿਤਕਾਂ ਵਿੱਚ 20 ਸਾਲ ਦਾ ਅਰਸ਼ਦੀਪ ਸਿੰਘ, 19 ਸਾਲ ਦੀ ਉਸ ਦੀ ਪਤਨੀ ਜਸ਼ਨਦੀਪ ਕੌਰ ਅਤੇ ਉਨ੍ਹਾਂ ਦਾ ਡੇਢ ਮਹੀਨੇ ਦਾ ਮੁੰਡਾ ਗੁਰਬਾਜ਼ ਸਿੰਘ ਸ਼ਾਮਲ ਹੈ। ਕਿਸ਼ਨ ਸਿੰਘ ਅਰਸ਼ਦੀਪ ਸਿੰਘ ਦਾ ਰਿਸ਼ਤੇਦਾਰ ਹੈ ਅਤੇ ਪਿੰਡ ਸਰਹਾਲੀ ਤੋਂ ਆਪਣੀ ਭੈਣ ਨੂੰ ਮਿਲਣ ਆਇਆ ਸੀ।

## ਸੋਮਨਾਥ ਮੰਦਰ ਦੇ ਪੁਨਰ-ਨਿਰਮਾਣ ਦੇ ਵਿਰੋਧੀ ਅਜੇ ਵੀ ਸਰਗਰਮ : ਮੋਦੀ

**ਸੋਮਨਾਥ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੋਮਨਾਥ ਮੰਦਰ ਦੇ ਪੁਨਰ-ਨਿਰਮਾਣ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਹਾਲੇ ਵੀ ਸਰਗਰਮ ਹਨ ਅਤੇ ਭਾਰਤ ਨੂੰ ਉਨ੍ਹਾਂ ਨੂੰ ਹਰਾਉਣ ਲਈ ਇਕਜੁੱਟ ਅਤੇ ਮਜ਼ਬੂਤ ਰਹਿਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸੋਮਨਾਥ ਨੂੰ ਤੋੜਨ ਵਾਲੇ ਇਤਿਹਾਸ ਦੇ ਪੰਨਿਆਂ ਵਿੱਚ ਹੀ ਰਹਿ ਗਏ ਹਨ। ਗੁਜਰਾਤ ਦੇ ਗਿਰ ਸੋਮਨਾਥ ਜ਼ਿਲ੍ਹੇ ਵਿੱਚ ਸਥਿਤ ਇਤਿਹਾਸਕ ਮੰਦਰ 'ਤੇ ਪਿਛਲੇ ਸਮੇਂ ਵਿੱਚ ਹੋਏ ਹਮਲਿਆਂ ਦਾ ਹਵਾਲਾ ਦਿੰਦੇ ਹੋਏ ਮੋਦੀ ਨੇ ਕਿਹਾ ਕਿ ਲੋਕਾਂ ਦੇ ਦਿਲ ਕਦੇ ਵੀ ਤਲਵਾਰ ਦੀ ਨੋਕ ਨਾਲ ਨਹੀਂ ਜਿੱਤੇ ਜਾ ਸਕਦੇ। ਇਸ ਕਰ ਕੇ ਇਸ ਮੰਦਰ ਦਾ ਮੁੜ ਨਿਰਮਾਣ ਹੁੰਦਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸੋਮਨਾਥ ਦਾ 1000 ਸਾਲਾਂ ਦਾ ਇਤਿਹਾਸ ਤਬਾਹੀ ਅਤੇ ਹਾਰ ਦਾ ਨਹੀਂ, ਸਗੋਂ ਜਿੱਤ ਅਤੇ ਪੁਨਰ-ਨਿਰਮਾਣ ਦਾ ਹੈ। ਵਿਦੇਸ਼ੀ ਹਮਲਾਵਰਾਂ ਵੱਲੋਂ ਇਸ ਮੰਦਰ ਨੂੰ ਵਾਰ-ਵਾਰ ਤਬਾਹ ਕੀਤਾ ਗਿਆ ਸੀ, ਜਿਸ ਦੀ ਸ਼ੁਰੂਆਤ ਸਾਲ 1026 ਵਿੱਚ ਮਹਿਮੂਦ ਗਜ਼ਨਵੀ ਦੇ ਹਮਲੇ ਤੋਂ ਹੋਈ ਸੀ। ਸਦੀਆਂ ਤੋਂ ਇਸ ਦੇ ਵਿਨਾਸ਼ ਦੀਆਂ ਕਈ ਵਾਰ ਕੋਸ਼ਿਸ਼ਾਂ ਦੇ ਬਾਵਜੂਦ ਭਗਵਾਨ ਸ਼ਿਵ ਨੂੰ ਸਮਰਪਤ ਸੋਮਨਾਥ ਮੰਦਰ ਅੱਜ ਵੀ ਵਿਸ਼ਵਾਸ ਅਤੇ ਰਾਸ਼ਟਰੀ ਸਵੈਮਾਣ ਦੇ ਸ਼ਕਤੀਸ਼ਾਲੀ ਪ੍ਰਤੀਕ ਵਜੋਂ ਸਥਾਪਤ ਹੈ ਤੇ ਇਸ ਦੀ ਪ੍ਰਾਚੀਨ ਸ਼ਾਨ ਨੂੰ ਬਹਾਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

## ਕਿਰਤੀਆਂ ਦਾ ਮਸੀਹਾ ਸੀ ਕਾਮਰੇਡ ਗਿੱਲ : ਬੰਤ ਬਰਾੜ



**ਲੁਧਿਆਣਾ** : ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ (ਰਜਿ : 41) ਦੇ ਸਾਬਕਾ ਸੂਬਾ ਪ੍ਰਧਾਨ, ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਸੂਬਾ ਕੌਂਸਲ ਮੈਂਬਰ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਸਰਪ੍ਰਸਤ ਕਾਮਰੇਡ ਗੁਰਨਾਮ ਸਿੰਘ ਗਿੱਲ, ਜੋ ਬੀਤੇ ਦਿਨੀਂ ਪਰਵਾਰ ਨੂੰ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ ਵਿੱਚ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਰਾਗੀ ਜਥੇ ਵੱਲੋਂ ਕੀਤੇ ਵੈਰਾਗਮਈ ਕੀਰਤਨ ਤੋਂ ਬਾਅਦ ਅੰਤਮ ਅਰਦਾਸ ਹੋਣ ਉਪਰੰਤ ਕਾਮਰੇਡ ਗਿੱਲ ਦੇ ਵੱਡੇ ਪੁੱਤਰ ਅਮਰਜੀਤ ਸਿੰਘ ਨੂੰ ਨਾਨਕਿਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਸਤਾਰਾਂ ਦੇ ਕੇ ਸਨਮਾਨਤ ਕੀਤਾ। ਇਸ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਗਮ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਅਤੇ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਜੁਝਾਰੂ ਆਗੂ ਗਿੱਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਗੁਰਨਾਮ ਸਿੰਘ ਗਿੱਲ ਕਿਰਤੀਆਂ ਦਾ ਮਸੀਹਾ ਸੀ, ਜਿਸ ਨੇ ਪੂਰਾ ਜੀਵਨ ਭਾਈ ਲਾਲੋਆਂ ਦਾ ਵਕੀਲ ਬਣ ਕੇ ਕਿਰਤੀਆਂ 'ਤੇ ਹੋਣ ਵਾਲੇ ਹਰੇਕ ਧੱਕੇ ਦਾ ਜਥੇਬੰਦਕ ਤਾਕਤ ਨਾਲ ਮੂੰਹ ਤੋੜ ਜਵਾਬ ਦਿੱਤਾ।ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਾਮਰੇਡ ਗੁਰਨਾਮ ਗਿੱਲ ਨੂੰ ਸਿਧਾਂਤਕ ਤੌਰ 'ਤੇ ਪਰਪੱਕ, ਇਰਾਦੇ ਦੇ ਪੱਕੇ, ਆਪਣੀ ਗੱਲ ਬੇਬਾਕੀ ਨਾਲ ਕਹਿਣ ਵਾਲੇ ਆਗੂ ਦੇ ਤੌਰ 'ਤੇ ਯਾਦ ਕੀਤਾ।ਪੰਜਾਬ ਏਟਕ ਦੇ ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਾਮਰੇਡ ਗਿੱਲ ਨੂੰ ਆਪਣਾ ਗੁਰੂ ਦੱਸਿਆ। ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਕਾਮਰੇਡ ਗਿੱਲ ਦੇ ਜੀਵਨ ਨਾਲ ਜੁੜੇ ਸੰਘਰਸ਼ਾਂ ਦੀਆਂ ਅਣਗਿਣਤ ਘਟਨਾਵਾਂ ਨੂੰ ਹਾਜ਼ਰੀਨ ਨਾਲ ਸਾਂਝਾ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ। ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਾਮਰੇਡ ਗਿੱਲ ਦੀ ਆਪਣੀ ਜਥੇਬੰਦੀ ਫੈਡਰੇਸ਼ਨ ਏਟਕ, ਜਿਸ ਦੇ ਉਹ 1996 ਤੋਂ 2000 ਤੱਕ ਸੂਬਾ ਪ੍ਰਧਾਨ ਰਹੇ, ਨਾਲ ਆਖਰੀ ਸਾਹਾਂ ਤੱਕ ਰਹੀ ਦਿਲੀ ਨੇੜਤਾ ਦੀ ਪ੍ਰਸੰਸਾ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ।ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਦੇ ਸੂਬਾ ਪ੍ਰਧਾਨ ਰਾਧੇਸ਼ਿਆਮ ਨੇ ਕਾਮਰੇਡ ਗਿੱਲ ਨਾਲ ਗੁਜ਼ਰੇ ਅੱਧੀ ਸਦੀ ਦੇ ਸਫ਼ਰ ਨੂੰ ਯਾਦ ਕਰਕੇ ਗਿੱਲ ਨੂੰ ਬਹੁਗੁਣਾਂ ਵਾਲਾ ਆਗੂ ਕਹਿ ਕੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਦੂਰ-ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ, ਸਕੇ-ਸਬੰਧੀਆਂ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਕਾਮਰੇਡ ਗਿੱਲ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕੀਤਾ, ਜਿਨ੍ਹਾਂ ਵਿੱਚ ਹਜ਼ਾਰਾ ਸਿੰਘ ਗਿੱਲ, ਰਾਜਿੰਦਰ ਸਿੰਘ ਰਾਜਪੁਰਾ, ਸੰਤੋਖ ਸਿੰਘ ਬੋਪਾਰਾਏ, ਭਿੰਦਰ ਸਿੰਘ ਚਾਹਲ, ਹਰਭਜਨ ਸਿੰਘ ਪਿਲਖਣੀ, ਦੇਵਰਾਜ, ਸੁਖਜੰਟ ਸਿੰਘ ਬਰਨਾਲਾ, ਚਮਕੌਰ ਸਿੰਘ ਬੀਰਮੀ, ਰਛਪਾਲ ਸਿੰਘ ਪਾਲੀ, ਬਲਜੀਤ ਕੁਮਾਰ ਧੀਮਾਨ, ਬਲਬੀਰ ਸਿੰਘ ਮਾਨ, ਗੁਰਮੇਲ ਸਿੰਘ ਨਾਹਰ, ਜਸਵਿੰਦਰ ਸਿੰਘ ਘੁਮਾਣ, ਐਡਵੋਕੇਟ ਨਵਲ ਕਿਸ਼ੋਰ ਛਿੱਬੜ, ਸੀ ਪੀ ਆਈ ਦੇ ਕੰਟਰੋਲ ਕਮਿਸ਼ਨ ਦੇ ਚੈਅਰਮੈਨ ਰਮੇਸ਼ ਰਤਨ, ਪੀ ਏ ਯੂ ਦੇ ਆਗੂ ਰਾਜਿੰਦਰ ਪਾਲ ਸਿੰਘ ਔਲਖ, ਨਰਕੇਸਰ ਰਾਏ, ਬੈਂਕ ਇੰਪਲਾਈਜ਼ ਦੇ ਆਗੂ ਗੌੜ, ਤੇਜਵੰਤ ਸਿੰਘ ਸਿੱਧੂ, ਪ੍ਰਮਜੀਤ ਸਿੰਘ ਜਨਤਾ ਨਗਰ ਆਦਿ ਨੇ ਹਾਜ਼ਰੀ ਭਰੀ। ਇਸ ਮੌਕੇ ਕਾਮਰੇਡ ਗਿੱਲ ਦੀ ਉਚੀ ਸ਼ਖਸੀਅਤ ਨੂੰ ਸਮਰਪਿਤ 'ਨਵਾਂ ਜ਼ਮਾਨਾ' ਵਿੱਚ ਦਿੱਤੇ ਸਪਲੀਮੈਂਟ ਦਾ ਅੰਕ ਵੀ ਰਿਲੀਜ਼ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬਾਖ਼ੂਬੀ ਸੂਬਾਈ ਆਗੂ ਕੇਵਲ ਸਿੰਘ ਬਨਵੈਤ ਨੇ ਨਿਭਾਈ।

## ਈਰਾਨ ਦੀ ਅਮਰੀਕਾ ਨੂੰ ਦਖਲ ਵਿਰੁੱਧ ਚੇਤਾਵਨੀ

**ਤਹਿਰਾਨ** : ਈਰਾਨ ਵਿੱਚ ਹਿੰਸਾ ਵਧਣ ਦਰਮਿਆਨ ਅਮਰੀਕਾ ਨੇ ਕਿਹਾ ਹੈ ਕਿ ਜੇ ਈਰਾਨ ਦੀ ਸਰਕਾਰ ਪ੍ਰਦਰਸ਼ਨਕਾਰੀਆਂ 'ਤੇ ਕਾਰਵਾਈ ਕਰਦੀ ਹੈ ਤਾਂ ਫੌਜੀ ਕਾਰਵਾਈ ਹੋ ਸਕਦੀ ਹੈ। ਇਸ ਸੰਬੰਧੀ ਅਮਰੀਕੀ ਅਧਿਕਾਰੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਥੋਂ ਦੀ ਹਾਲਤ ਬਾਰੇ ਜਾਣਕਾਰੀ ਦਿੱਤੀ।

ਇਸ ਦੌਰਾਨ ਈਰਾਨ ਦੀ ਸੰਸਦ ਦੇ ਸਪੀਕਰ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਇਸਲਾਮਿਕ ਦੇਸ਼ 'ਤੇ ਹਮਲਾ ਕਰਦਾ ਹੈ ਤਾਂ ਈਰਾਨ ਵੱਲੋਂ ਅਮਰੀਕੀ ਫੌਜ ਅਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਈਰਾਨ ਸਰਕਾਰ ਨੇ ਇਕ ਦਿਨ ਪਹਿਲਾਂ ਪ੍ਰਦਰਸ਼ਨਕਾਰੀਆਂ ਨੂੰ ਚੇਤਾਵਨੀ ਦਿੱਤੀ ਸੀ ਕਿ ਜਿਹੜਾ ਸਰਕਾਰ ਖਿਲਾਫ ਪ੍ਰਦਰਸ਼ਨ ਕਰੇਗਾ, ਉਸ ਨੂੰ ਅੱਲ੍ਹਾ ਦਾ ਦੁਸ਼ਮਣ ਮੰਨਿਆ ਜਾਵੇਗਾ ਤੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਈਰਾਨ ਦੇ ਧਾਰਮਕ ਆਗੂ ਨੇ ਹੁਣ ਦੇਸ਼ ਦੀ ਕਮਾਨ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ ਨੂੰ ਸੌਂਪ ਦਿੱਤੀ ਹੈ।

ਈਰਾਨ ਨੇ ਆਪਣੇ ਅੰਡਰਗਰਾਊਂਡ ਮਿਜ਼ਾਈਲ ਯੂਨਿਟ ਨੂੰ ਵੀ ਸਰਗਰਮ ਰਹਿਣ ਦੇ ਹੁਕਮ ਦੇ ਦਿੱਤੇ ਹਨ। ਇਹ ਕਿਆਸ ਲਾਏ ਜਾ ਰਹੇ ਹਨ ਕਿ ਜੇ ਕਿਸੇ ਹੋਰ ਦੇਸ਼ ਨੇ ਦਖਲਅੰਦਾਜ਼ੀ ਕੀਤੀ ਤਾਂ ਈਰਾਨ ਇਨ੍ਹਾਂ ਮਿਜ਼ਾਇਲਾਂ ਦੀ ਵਰਤੋਂ ਕਰ ਸਕਦਾ ਹੈ। ਇਕ ਮੈਗਜ਼ੀਨ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਈਰਾਨ ਦੀ ਰਾਜਧਾਨੀ ਵਿੱਚ ਹੀ ਦੋ ਸੌ ਤੋਂ ਜ਼ਿਆਦਾ ਜਣਿਆਂ ਦੀ ਮੌਤ ਹੋ ਚੁੱਕੀ ਹੈ ਤੇ ਇਹ ਮੌਤਾਂ ਗੋਲੀ ਲੱਗਣ ਨਾਲ ਹੋਈਆਂ ਹਨ।

ਈਰਾਨ ਵਿੱਚ ਇੰਟਰਨੈਟ ਸੇਵਾਵਾਂ ਬੰਦ ਹਨ ਅਤੇ ਫੋਨ ਲਾਈਨਾਂ ਕੱਟ ਦਿੱਤੀਆਂ ਗਈਆਂ ਹਨ, ਜਿਸ ਕਾਰਨ ਪ੍ਰਦਰਸ਼ਨਾਂ ਦਾ ਮੁਲਾਂਕਣ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਅਮਰੀਕਾ-ਆਧਾਰਤ ਨਿਊਜ਼ ਏਜੰਸੀ ਅਨੁਸਾਰ ਵਿਰੋਧ ਪ੍ਰਦਰਸ਼ਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 72 ਹੈ ਅਤੇ 2300 ਤੋਂ ਵੱਧ ਹੋਰਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਟਰੰਪ ਨੇ ਪ੍ਰਦਰਸ਼ਨਕਾਰੀਆਂ ਦਾ ਸਮਰਥਨ ਕਰਦਿਆਂ ਕਿਹਾ ਕਿ ਅਮਰੀਕਾ ਮਦਦ ਲਈ ਤਿਆਰ ਹੈ।

## 'ਮੋਦੀ ਸਰਕਾਰ ਦਾ ਹਰ ਕਦਮ ਜਮਹੂਰੀਅਤ ਵਿਰੋਧੀ'

### ਜ਼ਿਲ੍ਹਾ ਜਲੰਧਰ ਕਾਨ.ਫਰੰਸ 18 ਜਨਵਰੀ ਤੇ ਸੂਬਾ ਕਾਨ.ਫਰੰਸ 17-18 ਫਰਵਰੀ ਨੂੰ



**ਜਲੰਧਰ (ਗਿਆਨ ਸੈਦਪੁਰੀ)**
'ਮਨਰੇਗਾ ਕਾਨੂੰਨ ਸੰਵਿਧਾਨ ਵਿੱਚ ਕੀਤੀ ਕਲਪਨਾ ਦਾ ਅਨੁਸਾਰੀ ਸੀ। ਇਹ ਗਰੀਬ ਲੋਕਾਂ ਨੂੰ ਇੱਕ ਅਧਿਕਾਰ ਮੁਹੱਈਆ ਕਰਵਾਉਂਦਾ ਸੀ। ਇਸ ਨੂੰ ਖੋਹ ਕੇ ਭਾਜਪਾ ਸਰਕਾਰ ਨੇ ਇੱਕ ਤਰ੍ਹਾਂ ਦੀ ਸੰਵਿਧਾਨ ਦੀ ਭਾਵਨਾ ਦੀ ਉਲੰਘਣਾ ਕੀਤੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ। ਉਹ ਇੱਥੇ ਪਾਰਟੀ ਦਫ਼ਤਰ ਵਿੱਚ ਸੀ ਪੀ ਆਈ ਦੀ ਜ਼ਿਲ੍ਹਾ ਕਾਰਜਕਾਰਨੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਦਾ ਹਰੇਕ ਕਦਮ ਦੇਸ਼ ਦੀ ਜਮਹੂਰੀਅਤ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ। ਵਿਦਿਆਰਥੀ ਆਗੂਆਂ ਉਮਰ ਖਾਲਿਦ ਵਰਗਿਆਂ ਦੀ ਜ਼ਮਾਨਤ ਨਹੀਂ ਹੋਣ ਦਿੱਤੀ ਜਾ ਰਹੀ, ਜਦ ਕਿ ਭਾਜਪਾ ਦੇ ਆਗੂ ਕੁਲਦੀਪ ਸੇਂਗਰ ਜੋ ਸਰੀਰਕ ਸ਼ੋਸ਼ਣ ਅਤੇ ਕਤਲ ਦਾ ਦੋਸ਼ੀ ਹੈ, ਨੂੰ ਜੇਲ੍ਹ ਵਿੱਚੋਂ ਬਾਹਰ ਕਢਵਾ ਲਿਆ ਹੈ।

ਕਮਿਊਨਿਸਟ ਆਗੂ ਬਰਾੜ ਨੇ ਅਮਰੀਕਾ ਵੱਲੋਂ ਵੈਨਜ਼ੁਏਲਾ 'ਤੇ ਕੀਤੀ ਗਈ ਕਾਰਵਾਈ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਉਥੋਂ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਭਾਰਤ ਅਤੇ ਹੋਰ ਦੇਸ਼ਾਂ ਪ੍ਰਤੀ ਨਿੱਤ ਦਿਨ ਦੇ ਬੋਲ-ਕਬੂਲਾਂ 'ਤੇ ਸਾਡੇ ਪ੍ਰਧਾਨ ਮੰਤਰੀ ਦੀ ਚੁੱਪ ਸਭ ਨੂੰ ਹੈਰਾਨ ਕਰ ਰਹੀ ਹੈ। • ਬਾਕੀ ਸਫਾ 2 'ਤੇ

## ਅੱਜ-ਨਾਮਾ

ਤੋੜੇ ਰਿਕਾਰਡ ਸਿਆਲ ਕਈ ਏਸ ਵਾਰੀ,
ਸਰੀਰਾਂ ਨੂੰ ਸਰਦ ਹਵਾ ਰਹੀ ਚੀਰ ਬੇਲੀ।
ਦਿਨੇ ਤਾਂ ਕੰਮ ਦਾ ਸਦਾ ਧਿਆਨ ਰਹਿੰਦਾ,
ਚੱਲਦਾ ਰਹਿੰਦਾ ਈ ਗਰਮ ਸਰੀਰ ਬੇਲੀ।
ਪੈਂਦੀ ਸ਼ਾਮ ਤਾਂ ਲੱਗ ਜਾਏ ਛਿੜਨ ਕਾਂਬਾ,
ਦਿੱਸਦੀ ਓਦੋਂ ਹੀ ਅਸਲ ਤਸਵੀਰ ਬੇਲੀ।
ਵਸੀਲਿਆਂ ਵਾਲੇ ਤਾਂ ਕਰੀ ਪ੍ਰਬੰਧ ਰੱਖਣ,
ਸੁੱਝਦੀ ਗਰੀਬ ਨੂੰ ਨਹੀਂ ਤਦਬੀਰ ਬੇਲੀ।
ਰੈਣ ਬਸੇਰੇ ਕੁਝ ਸ਼ਹਿਰਾਂ ਦੇ ਵਿੱਚ ਭਾਵੇਂ,
ਕਰੇ ਸਟਾਫ ਨਹੀਂ ਚੱਜ ਨਾਲ ਗੱਲ ਬੇਲੀ।
ਕਰੜੇ ਨਿਯਮ ਹੀ ਪੇਸ਼ ਨਹੀਂ ਜਾਣ ਦੇਂਦੇ,
ਔਕੜ ਹੋਵੇ ਕੋਈ ਓਥੇ ਨਹੀਂ ਹੱਲ ਬੇਲੀ।

-ਤੀਸ ਮਾਰ ਖਾਂ

## ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ 15 ਮਾਰਚ ਨੂੰ

### ਸਿਰਫ ਮਤੇ ਪਾਸ ਕਰਨ ਨਾਲ ਪੰਜਾਬੀ ਲਾਗੂ ਨਹੀਂ ਹੋਣੀ : ਸਰਦਾਰਾ ਸਿੰਘ ਜੌਹਲ



**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਜਨਰਲ ਕੌਂਸਲ ਦੀ ਇਕੱਤਰਤਾ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨਗੀ ਮੰਡਲ ਵਿਚ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਐੱਸ ਐੱਸ ਜੌਹਲ, ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਸ਼ਾਮਲ ਸਨ।ਡਾ. ਸਰਬਜੀਤ ਸਿੰਘ ਨੇ ਦੋ ਸਾਲ 'ਚ ਹੋਣ ਵਾਲੇ ਕੰਮਾਂ ਵਿਚ ਉਨ੍ਹਾਂ ਵੱਡੇ ਕਾਰਜਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਨਾਲ ਅਕਾਦਮੀ ਦਾ ਸਮਾਜ ਵਿਚ ਸਿਰ ਉਚਾ ਹੋਇਆ ਹੈ। ਪ੍ਰੋ. ਕਿਸ਼ਨ ਸਿੰਘ ਰਚਨਾਵਲੀ ਦੇ ਸੰਪੂਰਨ ਸੈੱਟ ਤੋਂ ਇਲਾਵਾ ਆਲੋਚਨਾ ਮੈਗਜ਼ੀਨ ਦੀ ਲਗਾਤਾਰਤਾ ਨੂੰ ਬਣਾਈ ਰੱਖਣਾ ਅਤੇ ਇਸ ਤੋਂ ਬਿਨਾਂ ਮਾਤ ਭਾਸ਼ਾ ਸੰਬੰਧੀ ਅਤੇ ਕੁਝ ਹੋਰ ਪੁਸਤਕਾਂ ਵੀ ਛਾਪੀਆਂ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਨਾਲ ਮੀਟਿੰਗ ਕਰਕੇ ਪੰਜਾਬੀ ਭਾਸ਼ਾ ਦੇ ਗੰਭੀਰ ਮਸਲਿਆਂ ਨੂੰ ਹੱਲ ਕਰਵਾਇਆ।ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਪ੍ਰੈਲ 2025 ਤੋਂ ਹੁਣ ਤੱਕ ਦੀਆਂ ਸਾਹਿਤਕ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਜਨਰਲ ਕੌਂਸਲ ਵੱਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਉਨ੍ਹਾ ਅਕਾਦਮੀ ਵਲੋਂ ਉਲੀਕੇ ਗਏ ਸਮਾਗਮਾਂ ਨੂੰ ਕਰਵਾਉਣ ਦੀ ਪ੍ਰਵਾਨਗੀ ਵੀ ਲਈ। ਡਾ. ਪੰਧੇਰ ਨੇ ਸਾਲ 2026-2027 ਦਾ ਅਨੁਮਾਨਤ ਬਜਟ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਅਕਾਦਮੀ ਦੀ ਅਪ੍ਰੈਲ 2026-2028 ਤੱਕ ਦੀ ਚੋਣ ਸੰਬੰਧੀ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਚੋਣ 15 ਮਾਰਚ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਕਰਵਾਈ ਜਾਵੇਗੀ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਰਬਉਚ ਸਨਮਾਨ ਫ਼ੈਲੋਸ਼ਿਪ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੂੰ ਦੇਣ ਲਈ ਪ੍ਰਬੰਧਕੀ ਬੋਰਡ ਦੇ ਫ਼ੈਸਲੇ ਨੂੰ ਸਰਬਸੰਮਤੀ ਨਾਲ ਜਨਰਲ ਕੌਂਸਲ ਵੱਲੋਂ ਪ੍ਰਵਾਨ ਕੀਤਾ ਗਿਆ। ਜਨਰਲ ਕੌਂਸਲ ਵਿਚ ਅੱਠ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਪੰਜਾਬ ਦੀ ਧਰਤੀ 'ਤੇ ਸਕੂਲਾਂ, ਕਾਲਜਾਂ ਅਤੇ ਨਿੱਜੀ ਯੂਨੀਵਰਸਿਟੀਆਂ ਵਿਚ ਸਰਕਾਰੀ ਨਿਯਮਾਂ ਅਨੁਸਾਰ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ, ਪੰਜਾਬ ਦੀਆਂ ਸਮੁੱਚੀਆਂ ਅਦਾਲਤਾਂ ਦੀ ਕਾਰਵਾਈ ਪੰਜਾਬੀ ਭਾਸ਼ਾ ਵਿਚ ਹੋਵੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਫ਼ਤਰੀ ਕੰਮਕਾਜ ਅਤੇ ਸਿੱਖਿਆ ਵਿਚ ਪਹਿਲਾ ਦਰਜਾ ਦਿਵਾਉਣ ਲਈ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਵੇ, ਪੰਜਾਬ ਵਿਚ ਪੰਜਾਬੀ ਭਾਸ਼ਾ ਪ੍ਰਤੀ ਜਵਾਬਦੇਹੀ ਲਈ ਪੰਜਾਬੀ ਵਿਚ ਕੰਮ ਨਾ ਕਰਨ ਵਾਲੇ ਸਮੂਹ ਸਰਕਾਰੀ ਅਰਧ ਸਰਕਾਰੀ ਅਤੇ ਨਿੱਜੀ ਖੇਤਰ ਦੇ ਕਰਮਚਾਰੀਆਂ ਲਈ ਸਜ਼ਾ ਨਿਰਧਾਰਿਤ ਕਰਨ ਲਈ ਪੰਜਾਬੀ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਜਾਵੇ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਦੀ ਆਵਾਜ਼ ਬੰਦ ਕਰਨ ਦੀਆਂ ਸਰਕਾਰੀ, ਗ਼ੈਰ-ਸਰਕਾਰੀ ਅਤੇ ਫ਼ਿਰਕੂ ਕੋਸ਼ਿਸ਼ਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਇਤਿਹਾਸ ਅਤੇ ਕਾਰਜ ਨੂੰ ਮੁੱਖ ਰੱਖ • ਬਾਕੀ ਸਫਾ 2 'ਤੇ

## ਕਿਸਾਨਾਂ ਦੀ ਫਸਲ ਵਾਹੁਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ

**ਅੰਮ੍ਰਿਤਸਰ** : ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਲਖਬੀਰ ਸਿੰਘ ਨਿਜਾਮਪੁਰ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਦੇ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰਾ ਨੇ ਪੱਤਰਕਾਰਾਂ ਦੇ ਸਾਹਮਣੇ ਕਿਸਾਨ ਬਾਜ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਵਜਿੰਦਰ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਖਾਨਕੋਟ ਨੂੰ ਪੇਸ਼ ਕਰਕੇ ਦੋਸ਼ ਲਾਇਆ ਕਿ ਇਨ੍ਹਾਂ ਦੀ ਕਰੀਬ 10 ਏਕੜ ਜ਼ਮੀਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸ ਦੇ ਅਧੀਨ ਚੱਲਦੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਟਰੱਸਟ ਵੱਲਾ ਵੱਲੋਂ 31 ਦਸੰਬਰ ਨੂੰ ਟਾਸਕ ਫੋਰਸ ਤੇ ਟਰੈਕਟਰਾਂ ਨਾਲ ਧੱਕੇ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਜ਼ਮੀਨ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਦੇ ਸਾਹਮਣੇ ਅੰਮ੍ਰਿਤਸਰ-ਮਹਿਤਾ ਰੋਡ 'ਤੇ ਸਥਿਤ ਹੈ।

ਪੀੜਤ ਕਿਸਾਨਾਂ ਨੇ ਦੋਸ਼ ਲਾਇਆ ਕਿ ਇਸ ਜ਼ਮੀਨ ਉੱਪਰ ਖੇਤੀ ਕਰਦਿਆਂ ਉਨ੍ਹਾਂ ਨੂੰ ਤਕਰੀਬਨ 60 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਜ਼ਮੀਨ ਅੰਦਰ ਕਰਨੈਲ ਸਿੰਘ ਦੇ ਨਾਂਅ ਉੱਪਰ ਟਿਊਬਵੈੱਲ ਦਾ ਕੁਨੈਕਸ਼ਨ ਵੀ ਚੱਲ ਰਿਹਾ ਹੈ।ਜ਼ਮੀਨ ਸੰਬੰਧੀ ਅਦਾਲਤ ਅੰਦਰ ਵੀ ਕੇਸ ਚੱਲ ਰਹੇ ਹਨ। ਕੋਈ 10 ਸਾਲ ਪਹਿਲਾਂ ਵੀ ਉਨ੍ਹਾਂ ਦੀ ਫਸਲ ਇਨ੍ਹਾਂ ਵੱਲੋਂ ਬਰਬਾਦ ਕੀਤੀ ਗਈ ਸੀ, ਜਿਸ ਸੰਬੰਧੀ ਉਨ੍ਹਾਂ ਅਦਾਲਤ ਵਿੱਚ ਕੇਸ ਕੀਤਾ ਸੀ। ਅਦਾਲਤ ਨੇ ਟਰੱਸਟ ਨੂੰ 5 ਲੱਖ ਰੁਪਏ ਫਸਲ ਦੇ ਹਰਜਾਨਾ ਦਾ ਜੁਰਮਾਨਾ ਪਾਇਆ ਸੀ। ਉਪਰੋਕਤ ਕੇਸ ਖਿਲਾਫ ਇਨ੍ਹਾਂ ਵੱਲੋਂ ਕੀਤੀ ਗਈ ਅਪੀਲ ਨੂੰ ਸੈਸ਼ਨ ਕੋਰਟ ਨੇ ਖਾਰਜ ਕਰ ਦਿੱਤਾ, ਜਿਸ ਖਿਲਾਫ ਇਨ੍ਹਾਂ ਵੱਲੋਂ ਹਾਈਕੋਰਟ ਵਿੱਚ ਅਪੀਲ ਕੀਤੀ ਗਈ ਹੈ, ਜੋ ਕਿ ਪੈਂਡਿੰਗ ਹੈ। ਇਸੇ ਤਰ੍ਹਾਂ ਇੱਕ ਕੇਸ ਵਿੱਚ ਅਦਾਲਤ ਨੇ ਉਨ੍ਹਾਂ ਨੂੰ ਜ਼ਮੀਨ 'ਤੇ ਕਾਬਜ਼ ਮੰਨਦਿਆਂ ਹੋਇਆਂ ਉਨ੍ਹਾਂ ਦੇ ਹੱਕ ਵਿੱਚ ਫੈਸਲੇ ਦਿੱਤੇ। ਉਨ੍ਹਾਂ • ਬਾਕੀ ਸਫਾ 2 'ਤੇ

## 'ਮਨਰੇਗਾ ਬਚਾਓ ਰੁਜ਼ਗਾਰ ਬਚਾਓ' ਤਹਿਤ 15 ਨੂੰ ਮਾਨਸਾ ਰੈਲੀ 'ਚ ਪੁੱਜਣ ਦਾ ਸੱਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਗਾਤਾਰ ਮਨਰੇਗਾ ਨੂੰ ਖ਼ਤਮ ਕਰਨ ਸੰਬੰਧੀ ਲੰਬੇ ਸਮੇਂ ਤੋਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਸਨ।ਪਹਿਲਾਂ ਇਸ ਦਾ ਬਜਟ ਘਟਾਉਣ ਤੇ 18 ਦਸੰਬਰ ਨੂੰ ਪਾਰਲੀਮੈਂਟ 'ਚ ਵੀ ਬੀ ਜੀ ਰਾਮ ਜੀ ਦੇ ਨਾਂਅ ਹੇਠ ਜਾਰੀ ਨੋਟੀਫਿਕੇਸ਼ਨ ਤਹਿਤ ਮਨਰੇਗਾ ਨੂੰ ਅਸਿੱਧੇ ਤੌਰ 'ਤੇ ਖ਼ਤਮ ਕਰਕੇ ਸੰਘਾਂ ਕਰ ਦਿੱਤੀਆਂ ਗਈਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸੰਘਰਸ਼ੀ ਲੋਕਾਂ ਵੱਲੋਂ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਨੇ ਨੇੜਲੇ ਪਿੰਡ ਭੈਣੀਬਾਘਾ ਤੇ ਉੱਭਾ ਵਿਖੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ 60:40 ਦੇ ਅਨੁਪਾਤ ਤਹਿਤ, ਜੋ ਆਰਥਿਕ ਬੋਝ ਸੂਬਾ ਸਰਕਾਰਾਂ 'ਤੇ ਪਾਇਆ ਹੈ, ਆਰਥਿਕ ਤੌਰ 'ਤੇ ਪਹਿਲਾਂ ਹੀ ਕਮਜ਼ੋਰ ਰਾਜ ਸਰਕਾਰਾਂ ਇਹ ਬਜਟ ਨੂੰ ਚੁਕਾ ਨਹੀਂ ਸਕਣਗੀਆਂ, ਜਿਸ ਕਾਰਨ ਮਨਰੇਗਾ ਵਰਕਰਾਂ ਨੂੰ ਰੁਜ਼ਗਾਰ ਨਹੀਂ ਮਿਲੇਗਾ।ਉਨ੍ਹਾਂ ਭਾਜਪਾ ਦੀ ਗਰੀਬ, ਮਜ਼ਦੂਰ ਵਿਰੋਧੀ ਇਸ ਨੀਤੀ ਨੂੰ ਜਨਤਕ ਕਰਨ ਲਈ 'ਨਰੇਗਾ ਬਚਾਓ ਰੁਜ਼ਗਾਰ ਬਚਾਓ' ਰੈਲ ਪੰਦਰਵਾੜੇ ਤਹਿਤ ਮਾਨਸਾ ਵਿਖੇ 15 ਜਨਵਰੀ ਨੂੰ ਹੋਣ ਵਾਲੀ ਰੋਸ ਰੈਲੀ 'ਚ ਪੁੱਜਣ ਦਾ ਸੱਦਾ ਦਿੱਤਾ।ਆਗੂਆਂ ਨੇ ਇਸ ਮੌਕੇ ਮਨਰੇਗਾ ਵਰਕਰਾਂ ਵੱਲੋਂ ਬਿਜਲੀ ਐਕਟ 2025, ਚਾਰ ਲੇਬਰ ਕੋਡ ਤੇ ਬੀਜ ਬਿੱਲ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ।ਮੀਟਿੰਗ ਮੌਕੇ ਹੋਰਨਾਂ ਤੋਂ ਇਲਾਵਾ ਮੋਤੀ ਸਿੰਘ ਭੈਣੀਬਾਘਾ, ਬਲਵੰਤ ਸਿੰਘ ਭੈਣੀਬਾਘਾ, ਰਮੇਸ਼ ਸਿੰਘ, ਕੁਲਦੀਪ ਕੌਰ ਪੱਖ, ਸੋਮਾ ਕੌਰ ਉੱਭਾ ਆਦਿ ਆਗੂ ਹਾਜ਼ਰ ਸਨ।

## ਬਰਸਾਲ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਬਰਸਾਲ ਵਿਖੇ ਸਰਪੰਚ ਹਰਦੀਪ ਸਿੰਘ ਦੀ ਅਗਵਾਈ ਵਿੱਚ ਨਸ਼ਿਆਂ ਦੇ ਖ਼ਤਰਨਾਕ ਨਤੀਜਿਆਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦੀ ਕਰਨ ਲਈ ਜਾਗਰੂਕਤਾ ਰੈਲੀ ਕੱਢੀ ਗਈ ਤੇ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਣਾ ਦਿੱਤੀ ਗਈ।ਮਨਦੀਪ ਸਿੰਘ ਬਰਸਾਲ ਨੇ ਸਿਹਤ ਵਿਭਾਗ ਵੱਲੋਂ ਨਸ਼ੇ ਛੱਡਣ ਲਈ ਇਲਾਜ ਸੰਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਪੰਚਾਇਤ ਸੈਕਟਰੀ ਨਰਿੰਦਰਜੀਤ ਸਿੰਘ ਤੇ ਥਾਣੇਦਾਰ ਪਰਮਜੀਤ ਸਿੰਘ ਵੱਲੋਂ ਵੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਤੇ ਨਸ਼ਾ ਕਰ ਰਹੇ ਨੌਜਵਾਨਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਤ ਕੀਤਾ।ਇਸ ਮੌਕੇ ਪੰਚ ਦਵਿੰਦਰ ਸਿੰਘ, ਸੁਖਦਰਸ਼ਨ ਸਿੰਘ, ਪ੍ਰਧਾਨ ਬਲਦੇਵ ਸਿੰਘ ਰਾਣਾ, ਯੂਥ ਆਗੂ ਅਮ ਰਵੀ ਢਿੱਲੋਂ, ਕੁਲਜੀਤ ਸਿੰਘ, ਸੁਖਦੀਪ ਸਿੰਘ ਫ਼ੌਜੀ, ਕੁਲਦੀਪ ਸਿੰਘ ਚੀਮਨਾ, ਰਣਜੀਤ ਸਿੰਘ, ਮਾਸਟਰ ਮਲਕੀਤ ਸਿੰਘ, ਕਿਰਨਦੀਪ ਸਿੰਘ ਫ਼ੌਜੀ, ਮਾਸਟਰ ਗੁਰਚਰਨ ਸਿੰਘ, ਪੰਚ ਕਮਲਜੀਤ ਕੌਰ, ਸੰਦੀਪ ਕੌਰ, ਸੁਲਤਾਨ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।

## ਨਗਰ ਕੌਂਸਲ ਚੋਣਾਂ ਅਮਨ-ਸ਼ਾਂਤੀ ਨਾਲ ਹੋਣਗੀਆਂ : ਬਰਸਟ

**ਸਮਾਣਾ (ਗੁਰਪਿਆਰ ਸਿੰਘ ਚੱਠਾ)**-ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸਮਾਣਾ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੂਰੇ ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਮੁਕੰਮਲ ਤੌਰ 'ਤੇ ਅਮਨ-ਸ਼ਾਂਤੀ ਨਾਲ ਕਰਵਾਈਆਂ ਜਾਣਗੀਆਂ।ਚੇਅਰਮੈਨ ਬਰਸਟ ਨੇ ਕਿਹਾ ਕਿ ਕਾਂਗਰਸ, ਅਕਾਲੀ ਤੇ ਭਾਜਪਾ ਸਰਕਾਰਾਂ ਨਗਰ ਕੌਂਸਲ ਚੋਣਾਂ ਵਿੱਚ ਆਪਣੀ ਸਿਆਸੀ ਸ਼ਕਤੀ ਦੀ ਦੁਰਵਰਤੋਂ ਕਰਕੇ ਧੱਕੇਸ਼ਾਹੀ ਨਾਲ ਚੋਣਾਂ ਜਿੱਤਦੀਆਂ ਸਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੇ ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਅਮਨ-ਸ਼ਾਂਤੀ ਨਾਲ ਕਰਵਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।ਬਰਸਟ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਆਧੁਨਿਕ ਸਹੂਲਤ ਦੇਣ ਲਈ ਪੰਜਾਬ ਦੀਆਂ ਅਨਾਜ ਮੰਡੀਆਂ ਨੂੰ ਸੋਲਰ ਸਿਸਟਮ ਨਾਲ ਜੋੜ ਰਹੀ ਹੈ। ਜਿਨ੍ਹਾਂ ਮੰਡੀਆਂ ਦੇ ਫੜ੍ਹ ਕੱਚੇ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ ਤੇ ਜਿਨ੍ਹਾਂ ਮੰਡੀਆਂ ਦੇ ਫੜ੍ਹ ਛੋਟੇ ਹਨ, ਉੱਥੇ ਵੱਡੇ ਫੜ੍ਹਾਂ ਦੀ ਉਸਾਰੀ ਕੀਤੀ ਜਾ ਰਹੀ ਹੈ।ਉਨ੍ਹਾ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਜੋ ਸਹੂਲਤਾਂ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਦਿੱਤੀਆਂ ਹਨ, ਉਸ ਕਾਰਨ ਪੰਜਾਬ ਵਿੱਚ 2027 ਵਿੱਚ ਫਿਰ ਤੋਂ ਆਮ ਆਦਮੀ ਪਾਰਟੀ ਦੀ ਹੀ ਸਰਕਾਰ ਬਣੇਗੀ, ਕਿਉਂਕਿ ਪੰਜਾਬ ਦੀਆਂ ਦੂਜੀਆਂ ਸਿਆਸੀ ਪਾਰਟੀਆਂ ਆਪਣੀ ਅੰਦਰੂਨੀ ਲੜਾਈ ਵਿੱਚ ਉਲਝੀਆਂ ਹੋਈਆਂ ਹਨ।



## ਸਰਬੱਤ ਦਾ ਭਲਾ ਟਰੱਸਟ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ



**ਕੋਟ ਈਸੇ ਖਾਂ (ਅਰੋੜਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਉੱਘੇ ਸਮਾਜ ਸੇਵੀ ਡਾਕਟਰ ਐੱਸ. ਪੀ. ਸਿੰਘ ਓਬਰਾਏ ਤੇ ਕੌਮੀ ਪ੍ਰਧਾਨ ਸ੍. ਜੱਸਾ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧੁੰਦ ਤੇ ਰਾਤ ਦੇ ਹਨੇਰਿਆਂ ਵਿੱਚ ਬਿਨਾਂ ਬੈਕ ਲਾਈਟਾਂ ਕਾਰਨ ਹੋ ਰਹੇ ਹਾਦਸਿਆਂ ਦੇ ਬਚਾਅ ਲਈ ਟ੍ਰੈਫਿਕ ਇੰਚਾਰਜ ਕੋਟ ਈਸੇ ਖਾਂ ਤਰਸੇਮ ਸਿੰਘ ਦੇ ਸਹਿਯੋਗ ਨਾਲ ਬਿਨਾਂ ਬੈਕ ਲਾਈਟਾਂ ਵਾਲੇ ਵਾਹਨਾਂ ਨੂੰ ਰਿਫਲੈਕਟਰ ਲਗਾਏ ਗਏ ਤਾਂ ਕਿ ਧੁੰਦ ਤੇ ਹਨੇਰੇ ਕਾਰਨ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ।ਇਸ ਮੌਕੇ ਤਰਸੇਮ ਸਿੰਘ ਨੇ ਡਾਕਟਰ ਐੱਸ. ਪੀ. ਸਿੰਘ ਓਬਰਾਏ ਦੇ ਅਜਿਹੇ ਕਾਰਜਾਂ ਦੀ ਸ਼ਲਾਘਾ ਕੀਤੀ।ਸਰਬੱਤ ਦਾ ਭਲਾ ਟਰੱਸਟ ਇਕਾਈ ਮੋਗਾ ਦੇ ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ ਨੇ ਦੱਸਿਆ ਕਿ ਸਾਡੇ ਟਰੱਸਟ ਵੱਲੋਂ ਬਲਾਕਾਂ ਮੁਤਾਬਕ ਤਕਰੀਬਨ 5,000 ਵਾਹਨਾਂ 'ਤੇ ਇਹ ਰਿਫਲੈਕਟਰ ਲਗਾਏ ਜਾਣਗੇ, ਜਿਸ ਦੀ ਸ਼ੁਰੂਆਤ ਮੋਗਾ ਤੋਂ ਕੀਤੀ ਗਈ ਸੀ।ਅੱਜ ਅਸੀਂ ਕੋਟ ਈਸੇ ਖਾਂ ਵਿਖੇ ਇਥੋਂ ਦੀ ਟੀਮ ਦੇ ਸਹਿਯੋਗ ਰਿਫਲੈਕਟਰ ਲਗਾਏ ਹਨ।ਇਸ ਮੌਕੇ ਟ੍ਰੈਫਿਕ ਇੰਚਾਰਜ ਤਰਸੇਮ ਸਿੰਘ, ਸਰਬੱਤ ਦਾ ਭਲਾ ਟਰੱਸਟ ਮੋਗਾ ਟਰੱਸਟੀ ਤੇ ਰੂਰਲ ਐੱਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਟਰੱਸਟੀ ਜਗਤਾਰ ਸਿੰਘ, ਟਰੱਸਟੀ ਰਾਮ ਸਿੰਘ, ਟਰੱਸਟੀ ਸੁਖਦੇਵ ਸਿੰਘ ਢੇਸੀ ਆਦਿ ਤੇ ਹੋਰ ਪੁਲਸ ਮੁਲਾਜ਼ਮ ਹਾਜ਼ਰ ਸਨ।

## 'ਆਪ' ਨੇ ਹਲਕਾ ਆਤਮ ਨਗਰ ਦੇ ਮਿਹਨਤੀ ਵਰਕਰਾਂ ਨੂੰ ਦਿੱਤਾ ਮਾਣ-ਸਨਮਾਨ

*ਮਨਪ੍ਰੀਤ ਸਿੰਘ ਟਰੇਡਰ ਕਮਿਸ਼ਨ ਦੇ ਚੇਅਰਪਰਸਨ ਤੇ ਅਸ਼ੋਕ ਪੁਰੀ ਸਮੇਤ 10 ਮੈਂਬਰ ਨਿਯੁਕਤ*



**ਲੁਧਿਆਣਾ (ਐੱਮ ਐੱਸ ਭਾਟੀਆ)**-ਪਾਰਟੀ ਪ੍ਰਤੀ ਸੇਵਾਵਾਂ ਦੇਖਦੇ ਹੋਏ ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਵਿਧਾਨ ਸਭਾ ਟਰੇਡਰ ਕਮਿਸ਼ਨ ਵੱਲੋਂ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਸਰਗਰਮ ਵਲੰਟੀਅਰ ਨੂੰ ਮਾਣ ਸਨਮਾਨ ਬਖਸ਼ਦੇ ਹੋਏ ਮਨਪ੍ਰੀਤ ਸਿੰਘ ਨੂੰ ਟਰੇਡਰ ਕਮਿਸ਼ਨ ਦਾ ਚੇਅਰਪਰਸਨ ਤੇ ਅਸ਼ੋਕ ਪੁਰੀ ਸਮੇਤ ਰਜਿੰਦਰ ਸਿੰਘ, ਸਤਬੀਰ ਬਿੰਦਰਾ, ਦੀਪਕ ਅਰੋੜਾ, ਜਰਨੈਲ ਸਿੰਘ, ਸਤਿੰਦਰ ਸਿੰਘ, ਲਖਵੀਰ ਸ਼ਰਮਾ, ਹਰਮੀਤ ਭਾਟੀਆ, ਦੀਪਕ ਚਾਵਲਾ ਤੇ ਬਲਜਿੰਦਰ ਸਿੰਘ ਬਿੱਲਾ ਨੂੰ ਮੈਂਬਰ ਨਿਯੁਕਤ ਕੀਤਾ ਗਿਆ।ਇਸ ਨਿਯੁਕਤੀ 'ਤੇ ਉਕਤ ਅਹੁਦੇਦਾਰਾਂ ਤੇ ਮੈਂਬਰਾਂ ਨੇ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਸ੍. ਮਨੀਸ਼ ਸਿਸੋਦੀਆ, ਪੰਜਾਬ ਦੇ ਪ੍ਰਧਾਨ ਸ੍. ਅਮਨ ਅਰੋੜਾ ਸਮੇਤ ਸਾਰੀ ਆਪ ਹਾਈ ਕਮਾਂਡ ਤੇ ਖਾਸ ਤੌਰ 'ਤੇ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦੁਆਇਆ ਕਿ ਉਹ ਵਪਾਰੀ ਵਰਗ ਦੇ ਹੱਕਾਂ ਦੀ ਗੱਲ ਵਿਧਾਇਕ ਕੁਲਵੰਤ ਸਿੰਘ ਸਿੱਧੂ ਰਾਹੀਂ ਪੰਜਾਬ ਸਰਕਾਰ ਤੱਕ ਪਹੁੰਚਾਉਣਗੇ।ਉਨ੍ਹਾਂ ਹੋਰ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਤੇ ਪਿਛਲੀਆਂ ਸਰਕਾਰਾਂ ਦੀਆਂ ਨਲਾਇਕੀਆਂ ਨੂੰ ਘਰ ਘਰ ਪੁੰਹਚਾਉਣ ਲਈ ਦਿਨ-ਰਾਤ ਇਕ ਕਰ ਦੇਣਗੇ ਤਾਂ ਜੋ 2027 ਵਿੱਚ ਆਪ ਸਰਕਾਰ ਮੁੜ ਤੋਂ ਪੰਜਾਬ ਦੀ ਸਤਾ ਸੰਭਾਲਦੇ ਹੋਏ ਕਰਵਾਏ ਜਾ ਰਹੇ ਸਰਬਪੱਖੀ ਵਿਕਾਸ ਨੂੰ ਨੇਪਰੇ ਚੜ੍ਹਾ ਸਕੇ।

## 'ਆਪ' ਦਾ ਸੂਬੇ ਨੂੰ ਨਸ਼ਾ ਮੁਕਤ ਬਣਾਉਣਾ ਮੁੱਖ ਉਦੇਸ਼ : ਕਟਾਰੀਆ

### ਪੋਸਟਰ ਲਾ ਕੇ ਤੇ ਘਰ ਘਰ ਜਾ ਕੇ ਨਸ਼ਿਆਂ ਬਾਰੇ ਕੀਤਾ ਜਾਗਰੂਕ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਹੋਈ ਮੁਹਿੰਮ ਤਹਿਤ ਦੂਜੇ ਦਿਨ ਵੀ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਵੱਲੋਂ ਨਗਰ ਪੰਚਾਇਤ ਮੱਖੂ ਦੇ ਵਾਰਡ ਨੰਬਰ 10 ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪੈਦਲ ਯਾਤਰਾ ਕੱਢ ਕੇ ਗਲੀਆਂ ਮੁਹੱਲਿਆਂ ਵਿੱਚ ਪੋਸਟਰ ਲਗਾ ਕੇ ਅਤੇ ਘਰ ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤੇ ਹੋਏ ਦੂਜੇ ਪੜਾਅ ਤਹਿਤ ਨਸ਼ੇ ਦੇ ਕਾਰੋਬਾਰ ਨੂੰ ਪੰਜਾਬ ਅੰਦਰੋਂ ਪੂਰੀ ਤਰ੍ਹਾਂ ਖਤਮ ਕਰਨ ਲਈ ਹੋਰ ਸਖਤ ਕਦਮ ਚੁੱਕੇ ਜਾਣਗੇ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਇਸ ਨਾਮੁਰਾਦ ਅਲਾਮਤ ਨੂੰ ਪੰਜਾਬ 'ਚੋਂ ਖਤਮ ਕਰਕੇ ਦਮ ਲਵੇਗੀ।'ਆਪ' ਸਰਕਾਰ ਦਾ ਮੁੱਖ ਉਦੇਸ਼ ਸੂਬੇ ਨੂੰ ਨਸ਼ਾ ਮੁਕਤ ਬਣਾਉਣਾ ਤੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣਾ ਹੈ, ਜਿਸ ਲਈ ਪੰਜਾਬ ਸਰਕਾਰ ਦਿਨ ਰਾਤ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਵਰਗ ਨੂੰ ਸਾਰੀਆਂ ਸੁੱਖ ਸਹੂਲਤਾਂ ਦੇਣ ਲਈ ਜਿੱਥੇ ਸੰਜੀਦਗੀ ਦੇ ਨਾਲ ਯਤਨ ਕਰ ਰਹੀ ਹੈ, ਉੱਥੇ ਨਾਲ ਹੀ ਸਾਰੇ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਵਚਨਬੱਧ ਹੈ।ਇਸ ਮੌਕੇ ਹੀਰਾ ਸਿੰਘ ਐੱਮ ਸੀ, ਗੁਰਪ੍ਰੀਤ ਸਿੰਘ ਯੂਥ ਆਗੂ, ਸੋਨੂੰ ਧਾਲੀਵਾਲ, ਪੋਲੇਸ ਧਾਲੀਵਾਲ, ਗੁਲਸ਼ਨ ਲਹਿਰਾ, ਨਗਰ ਪੰਚਾਇਤ ਮੱਖੂ ਦੇ ਸੈਨਟਰੀ ਕਲਰਕ ਰਾਜ ਕਮਲ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਅਰਵਿੰਦਰ ਸਿੰਘ, ਹੀਰਾ ਸਿੰਘ, ਰਾਜੂ ਮੇਟ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸਿਹਤ ਮੰਤਰੀ ਵੱਲੋਂ 'ਸਾਡਾ ਪਟਿਆਲਾ, ਅਸੀਂ ਸਵਾਰੀਏ' ਤਹਿਤ ਸ਼ਹਿਰ 'ਚ ਸਫਾਈ ਮੁਹਿੰਮ ਦਾ ਐਲਾਨ

▪ ਡਾ. ਬਲਬੀਰ ਸਿੰਘ ਤ੍ਰਿਪੜੀ ਵਿਖੇ ਸਫਾਈ ਮੁਹਿੰਮ 'ਚ ਹਿੱਸਾ ਲੈਂਦੇ ਹੋਏ ਸ਼ਾਮਲ



**ਪਟਿਆਲਾ (ਰਾਜਿੰਦਰ ਥਿੰਦ)**

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ 'ਮੇਰਾ ਪਟਿਆਲਾ, ਮੈਂ ਹੀ ਸਵਾਰਾਂ' ਵੱਲੋਂ ਆਯੋਜਿਤ ਸਫਾਈ ਮੁਹਿੰਮ ਵਿੱਚ ਹਿੱਸਾ ਲੈਂਦੇ ਹੋਏ ਨਵੀਂ ਮੁਹਿੰਮ 'ਸਾਡਾ ਪਟਿਆਲਾ, ਅਸੀਂ ਸਵਾਰੀਏ' ਤਹਿਤ ਪਟਿਆਲਾ ਸ਼ਹਿਰ ਦੀ ਸਫਾਈ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਇੱਥੇ ਤ੍ਰਿਪੜੀ ਵਿਖੇ ਇਸ ਸਫਾਈ ਮੁਹਿੰਮ ਦੀ ਸ਼ੁਰੂਆਤ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਨਤਕ ਥਾਵਾਂ 'ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਤੇ ਜੁਰਮਾਨਾ ਕੀਤਾ ਜਾਵੇਗਾ।ਉਨ੍ਹਾਂ ਨੇ ਕੌਂਸਲਰਾਂ ਨਾਲ ਤਾਲਮੇਲ ਕਰਕੇ ਵਾਰਡ-ਪੱਧਰੀ ਸਫਾਈ ਮੁਹਿੰਮ ਸ਼ੁਰੂ ਕਰਨ ਲਈ 'ਮੇਰਾ ਪਟਿਆਲਾ, ਮੈਂ ਹੀ ਸਵਾਰਾਂ' ਦੇ ਵਲੰਟੀਅਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਸਿਹਤ ਮੰਤਰੀ ਨੇ ਪਟਿਆਲਾ ਨੂੰ ਇੱਕ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਸਥਾਨਕ ਵਸਨੀਕਾਂ ਨੂੰ ਨਾਗਰਿਕ ਸਮਝ ਅਪਣਾਉਣ ਦੀ ਅਪੀਲ ਕੀਤੀ ਤੇ ਕੌਂਸਲਰਾਂ ਨੂੰ ਆਪਣੇ-ਆਪਣੇ ਵਾਰਡ ਗੋਦ ਲੈਣ 'ਤੇ ਜ਼ੋਰ ਦਿੱਤਾ।ਉਨ੍ਹਾਂ ਭਰੋਸਾ ਦਿੱਤਾ ਕਿ ਪਟਿਆਲਾ ਦੇ ਵਿਕਾਸ ਤੇ ਸਫਾਈ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਤੇ ਸ਼ਹਿਰ ਵਿੱਚ ਤੇਜ਼ੀ ਨਾਲ ਵਿਕਾਸ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕੂੜੇ ਦੀ ਪੈਦਾਵਾਰ ਨੂੰ ਘਟਾਉਣ ਤੇ ਘਰੇਲੂ ਪੱਧਰ 'ਤੇ ਕੂੜੇ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਕਰਨ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਜੋ ਇਸ ਨੂੰ ਸਿੱਧਾ ਮਟੀਰੀਅਲ ਰਿਕਵਰੀ ਫੈਸਿਲਿਟੀ ਵਿੱਚ ਭੇਜਿਆ ਜਾ ਸਕੇ।ਸਿਹਤ ਮੰਤਰੀ ਦਾ ਧੰਨਵਾਦ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਦੇ ਅੱਚ ਪੀ ਐੱਸ ਲਾਂਬਾ, ਕਰਨਲ ਜਵੰਦੀ ਤੇ ਕਰਨਲ ਕਰਮਿੰਦਰ ਸਿੰਘ ਨੇ ਇਸ ਦਿਨ ਨੂੰ ਮੁਹਿੰਮ ਲਈ ਇੱਕ ਇਤਿਹਾਸਕ ਪਲ ਦੱਸਿਆ। ਇਸ ਦੌਰਾਨ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ, ਏਡੀਸੀ ਸ਼ਹਿਰੀ ਵਿਕਾਸ ਡਾ. ਇਸਮਤ ਵਿਜੇ ਸਿੰਘ, ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐੱਸਡੀਐੱਮ ਅਸ਼ੋਕ ਕੁਮਾਰ, ਵੱਡੀ ਗਿਣਤੀ ਵਿੱਚ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਟੀਮ ਮੈਂਬਰ ਮੌਜੂਦ ਸਨ।

## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਬਿਜਲੀ ਬਿਲ ਦਾ ਡਟਵਾਂ ਵਿਰੋਧ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ:) ਮੰਡਲ ਧੂਰੀ ਦੀ ਮੀਟਿੰਗ ਸਾਥੀ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਉਪਰੰਤ ਜਥੇਬੰਦੀ ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ ਮੀਟਿੰਗ 'ਚ ਬਿਜਲੀ ਬਿਲ 2025 ਦਾ ਵਿਰੋਧ ਕਰਦਿਆਂ ਸਰਕਾਰ ਦੀਆਂ ਨੀਤੀਆਂ ਨੂੰ ਮੁਲਾਜ਼ਮ, ਕਿਸਾਨ ਤੇ ਮਜ਼ਦੂਰ ਵਿਰੋਧੀ ਕਰਾਰ ਦਿੰਦਿਆਂ ਕਿਹਾ ਗਿਆ ਕਿ ਸਰਕਾਰ ਮਹਿੰਗਾਈ 'ਤੇ ਕਾਬੂ ਪਾਉਣ 'ਚ ਅਸਫਲ ਸਾਬਿਤ ਹੋਈ ਹੈ।ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਪੰਜਾਬੀ ਪੈਨਸ਼ਨਰਾਂ ਦਾ 16 ਪ੍ਰਤੀਸ਼ਤ ਡੀ ਏ ਦੇਣ ਤੇ ਮੈਡੀਕਲ ਬਿਲ 1000 ਰੁਪਏ ਤੋਂ ਵਧਾ ਕੇ 2000 ਰੁਪਏ ਕਰਨ, 31-12-2015 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ 2.59 ਦੇ ਫੈਕਟਰ ਨਾਲ ਪੈਨਸ਼ਨ 'ਚ ਸੋਧ ਕਰਨ, 23 ਸਾਲਾ ਪ੍ਰੋਫੀਸੈਂਸੀ ਪਦ ਉੱਨਤ ਸਕੇਲ ਰਹਿੰਦੇ ਪੈਨਸ਼ਨਰਾਂ ਨੂੰ ਦੇਣ ਅਤੇ 2004 ਤੋਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਪੈਨਸ਼ਨਰਾਂ ਦਾ 16 ਪ੍ਰਤੀਸ਼ਤ ਡੀ ਏ ਜਾਰੀ ਨਹੀਂ ਕਰਦੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।ਮੀਟਿੰਗ 'ਚ ਸਰਕਲ ਆਗੂ ਭੂਪ ਸਿੰਘ, ਜੇ ਈ ਅਮਰਜੀਤ ਸਿੰਘ ਅਮਨ, ਜੋਗਿੰਦਰ ਸਿੰਘ, ਜਸਪਾਲ ਸਿੰਘ ਖੁਰਮੀ, ਇੰਦਰਜੀਤ ਸਿੰਘ, ਦਲਜੀਤ ਸਿੰਘ, ਸੁਰਜੀਤ ਸਿੰਘ ਸ਼ੇਰਪੁਰ, ਬਲਵਿੰਦਰ ਸਿੰਘ ਚਾਂਗਲੀ, ਕੇਹਰ ਸਿੰਘ ਤੇ ਹੋਰ ਬਹੁਤ ਸਾਰੇ ਅਹੁਦੇਦਾਰਾਂ ਨੇ ਭਾਗ ਲਿਆ।

## ਬਿਜਲੀ ਘਰਾਂ ਦੀਆਂ ਜਾਇਦਾਦਾਂ ਵੇਚਣ ਤੇ ਨਿੱਜੀਕਰਨ ਵਿਰੁੱਧ ਮੀਟਿੰਗਾਂ ਜਾਰੀ



**ਲੁਧਿਆਣਾ (ਸਤੀਸ਼ ਸਚਦੇਵਾ)**-ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ ਦੀ ਸਾਂਝੀ ਅਗਵਾਈ ਹੇਠ ਕੇਂਦਰੀ ਹਕੂਮਤ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਦੇ ਨਿੱਜੀਕਰਨ ਵਾਲੇ ਬਿਜਲੀ ਐਕਟ (ਸੋਧ) ਬਿੱਲ 2025 ਨੂੰ ਰੱਦ ਕਰਵਾਉਣ ਲਈ ਤੇ ਪੰਜਾਬ ਸਰਕਾਰ ਵੱਲੋਂ ਉਪਰੋਕਤ ਦਿਸ਼ਾ ਵਿੱਚ ਬਿਜਲੀ ਘਰਾਂ ਦੀਆਂ ਜਾਇਦਾਦਾਂ ਵੇਚਣ ਦੀਆਂ ਯੋਜਨਾਵਾਂ ਨੂੰ ਵਾਪਸ ਕਰਵਾਉਣ ਲਈ 'ਬਿਜਲੀ ਬਚਾਓ ਲੋਕ ਲਹਿਰ' ਦੀ ਉਸਾਰੀ ਵਾਸਤੇ ਪਿੰਡ-ਪਿੰਡ ਜਨਤਕ ਮੀਟਿੰਗਾਂ ਦਾ ਸਿਲਸਿਲਾ ਜ਼ੋਰਦਾਰ ਢੰਗ ਨਾਲ ਚਲਾਇਆ ਜਾ ਰਿਹਾ ਹੈ।ਇਸ ਲੜੀ ਦੀ ਕੜੀ ਅਧੀਨ ਅੱਜ ਮੁੱਲਾਂਪੁਰ ਇਲਾਕੇ ਦੇ ਪਿੰਡਾਂ ਪੰਡੋਰੀ, ਮੰਡਿਆਣੀ, ਖੰਜਰਵਾਲ, ਤਲਵੰਡੀ ਕਲਾਂ ਤੇ ਪਿੰਡ ਮੁੱਲਾਂਪੁਰ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਦੀ ਸ਼ਮੂਲੀਅਤ ਵਾਲੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।ਤਲਵੰਡੀ ਕਲਾਂ ਤੇ ਪਿੰਡ ਮੁੱਲਾਂਪੁਰ ਸਮੇਤ ਉਪਰੋਕਤ ਪਿੰਡਾਂ ਵਿਖੇ ਕੀਤੀਆਂ ਵਿਸ਼ਾਲ ਮੀਟਿੰਗਾਂ ਦੀ ਲੜੀ ਦੌਰਾਨ ਵੱਖ-ਵੱਖ ਆਗੂਆਂ ਗੁਰਦਿਆਲ ਸਿੰਘ ਤਲਵੰਡੀ, ਜਸਦੇਵ ਸਿੰਘ ਲਲਤੋਂ, ਅਮਰੀਕ ਸਿੰਘ ਤਲਵੰਡੀ, ਰਣਜੀਤ ਸਿੰਘ ਗੁੜੇ, ਚਰਨਜੀਤ ਸਿੰਘ ਤਲਵੰਡੀ, ਬਲਵਿੰਦਰ ਸਿੰਘ ਤਲਵੰਡੀ, ਜਸਵੰਤ ਸਿੰਘ ਮਾਨ ਤੇ ਪੰਚ ਹਰਦੀਪ ਸਿੰਘ ਮੁੱਲਾਂਪੁਰ ਨੇ ਉਚੇਚੇ ਤੌਰ 'ਤੇ ਸੰਬੋਧਨ ਕੀਤਾ।ਮੀਟਿੰਗਾਂ 'ਚ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਬਲਵੀਰ ਸਿੰਘ ਮੁੱਲਾਂਪੁਰ, ਦਵਿੰਦਰ ਸਿੰਘ ਪ੍ਰਧਾਨ, ਮਨਜੀਤ ਸਿੰਘ ਪ੍ਰਧਾਨ, ਗੁਰਪ੍ਰੀਤ ਸਿੰਘ ਪ੍ਰਧਾਨ ਮਿਲਕ ਸੁਸਾਇਟੀ, ਸੁਖਜੀਤ ਸਿੰਘ ਸਾਬਕਾ ਪ੍ਰਧਾਨ, ਜਥੇਦਾਰ ਬਖਸ਼ੀਸ਼ ਸਿੰਘ, ਜਥੇਦਾਰ ਨਿਹਾਲ ਸਿੰਘ, ਜਗਦੀਪ ਸਿੰਘ ਜੱਗਾ (ਕੈਨੇਡਾ), ਜਗਦੇਵ ਸਿੰਘ ਸਾਬਕਾ ਪੰਚ, ਮੋਹਨ ਸਿੰਘ ਪ੍ਰਧਾਨ (ਸਾਰੇ ਮੁੱਲਾਂਪੁਰ), ਗੁਰਬਖਸ਼ ਸਿੰਘ ਤਲਵੰਡੀ, ਗੁਰਚਰਨ ਸਿੰਘ ਤਲਵੰਡੀ, ਗੁਰਪਾਲ ਸਿੰਘ, ਮਲਕੀਤ ਸਿੰਘ, ਨਛੱਤਰ ਸਿੰਘ, ਕਰਨੈਲ ਸਿੰਘ, ਮਨਮੋਹਣ ਸਿੰਘ ਪੰਡੋਰੀ, ਅਮਰਜੀਤ ਸਿੰਘ ਸੇਖੋਂ ਪੰਡੋਰੀ, ਗੁਰਦੀਪ ਸਿੰਘ ਮੰਡਿਆਣੀ, ਗੁਰਚਰਨ ਸਿੰਘ ਮੰਡਿਆਣੀ, ਅਮਰਜੀਤ ਸਿੰਘ ਖੰਜਰਵਾਲ, ਮੇਵਾ ਸਿੰਘ ਖੰਜਰਵਾਲ ਉਚੇਚੇ ਤੌਰ 'ਤੇ ਸ਼ਾਮਲ ਹੋਏ।

# ਡੀ ਸੀ ਦਫਤਰ ਦਰਜਾ ਚਾਰ ਮੁਲਾਜ਼ਮਾਂ ਦੇ ਅਹੁਦੇਦਾਰਾਂ ਦੀ ਚੋਣ

▪ ਰਾਮ ਸਿੰਘ ਪ੍ਰਧਾਨ ਤੇ ਸਰਦੂਲ ਸਿੰਘ ਜਨਰਲ ਸਕੱਤਰ ਚੁਣੇ



**ਫਰੀਦਕੋਟ/ਕੋਟਕਪੂਰਾ (ਡਿਸੂਜਾ, ਬੇਦੀ/ਭੁੱਲਰ)**

ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਬਲਾਕ ਡੀ ਸੀ ਦਫਤਰ ਫਰੀਦਕੋਟ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕਰਨ ਲਈ ਸਥਾਨਕ ਮਿੰਨੀ ਸਕੱਤਰੇਤ ਸਾਹਮਣੇ ਪਾਰਕ ਵਿੱਚ ਦਰਜਾ ਚਾਰ ਮੁਲਾਜ਼ਮਾਂ ਦੀ ਇੱਕ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਚੇਅਰਮੈਨ ਨਛੱਤਰ ਸਿੰਘ ਭਾਣਾ, ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ, ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਸਰਪ੍ਰਸਤ ਅਸ਼ੋਕ ਕੌਸ਼ਲ ਦੀ ਸਾਂਝੀ ਅਗਵਾਈ ਹੇਠ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਪ੍ਰਤੀ ਧਾਰਨ ਕੀਤੀ ਗਈ ਨਾ-ਪੱਖੀ ਪਹੁੰਚ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਸਰਕਾਰ ਨੇ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ 16 ਫੀਸਦੀ ਦੀ ਦਰ ਨਾਲ ਪੰਜ ਕਿਸ਼ਤਾਂ ਦੱਬ ਕੇ ਇੱਕ ਮਾੜਾ ਇਤਿਹਾਸ ਸਿਰਜਿਆ ਹੈ।ਸਾਰੇ ਉੱਚ ਅਧਿਕਾਰੀ 58 ਫੀਸਦੀ ਡੀ ਏ ਲੈ ਰਹੇ ਹਨ ਤੇ ਸਧਾਰਨ ਮੁਲਾਜ਼ਮਾਂ ਨੂੰ 42 ਫੀਸਦੀ ਦੇ ਕੇ ਡੰਗ ਟਪਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਦਾ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਲੀਰੋ ਲੀਰ ਕਰ ਦਿੱਤਾ ਹੈ, ਪੰਜਾਬ ਮੰਤਰੀ ਮੰਡਲ ਦੇ ਫੈਸਲਾ ਕਰਨ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ।ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਆਊਟ ਸੋਰਸ ਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ ਅਤੇ ਇਨ੍ਹਾਂ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਮੀਟਿੰਗ ਨੇ ਸਰਵਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਡਿਪਟੀ ਕਮਿਸ਼ਨਰ ਫਰੀਦਕੋਟ ਵੱਲੋਂ ਦਰਜਾ ਚਾਰ ਮੁਲਾਜ਼ਮਾਂ ਤੋਂ ਤਰੱਕੀ ਲੈ ਕੇ ਕਲਰਕ ਵਜੋਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਦੀ ਅਣਦੇਖੀ ਕਰਕੇ ਰੀਵਰਟ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਡਿਪਟੀ ਕਮਿਸ਼ਨਰ ਫਰੀਦਕੋਟ ਤੋਂ ਮੰਗ ਕੀਤੀ ਗਈ ਕਿ ਇਨ੍ਹਾਂ ਮੁਲਾਜ਼ਮਾਂ ਸਬੰਧੀ ਜਾਰੀ ਕੀਤੇ ਗਏ ਹੁਕਮ ਤੁਰੰਤ ਵਾਪਸ ਲਏ ਜਾਣ।ਨਵੀਂ ਚੁਣੀ ਗਈ ਟੀਮ ਵਿੱਚ ਰਾਮ ਸਿੰਘ ਸੋਮਾ ਪ੍ਰਧਾਨ, ਰੋਹਿਤ ਸੋਬਤੀ ਮੀਤ ਪ੍ਰਧਾਨ, ਸਰਦੂਲ ਸਿੰਘ ਜਨਰਲ ਸਕੱਤਰ, ਚਮਕੌਰ ਸਿੰਘ ਵਿੱਤ ਸਕੱਤਰ, ਰਾਮ ਸਿੰਘ ਰਾਵਤ ਪ੍ਰੈੱਸ ਸਕੱਤਰ, ਜਗਦੀਪ ਸਿੰਘ ਸਹਾਇਕ ਵਿੱਤ ਸਕੱਤਰ, ਰਾਮ ਗਣੇਸ਼ ਸਲਾਹਕਾਰ ਤੇ ਸਿਮਰਨਪ੍ਰੀਤ ਕੌਰ ਸੰਯੁਕਤ ਸਕੱਤਰ ਚੁਣੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗ ਮੁਰਾਰੀ ਲਾਲ, ਗੁਰਦੀਪ ਸਿੰਘ, ਰਾਜਦੇਵ ਸਿੰਘ, ਬਲਵੰਤ ਸਿੰਘ, ਭੋਲਾ ਸਿੰਘ, ਗੁਰਤੇਜ ਸਿੰਘ, ਭੁਪਿੰਦਰ ਸਿੰਘ, ਤਰਸੇਮ ਸਿੰਘ, ਮੈਡਮ ਸੁਮਨ, ਸਿਮਰਜੀਤ ਕੌਰ, ਸੁਖਜੀਤ ਕੌਰ ਤੇ ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

## ਠੰਢ ਨਾਲ ਅਣਪਛਾਤੇ ਵਿਅਕਤੀ ਦੀ ਮੌਤ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਠੰਢ ਕਾਰਨ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ।



ਦੁਰਗਾ ਸ਼ਕਤੀ ਮੰਦਰ ਨੇੜੇ ਠੰਢ ਵਿੱਚ ਇੱਕ ਵਿਅਕਤੀ ਬੇਹੋਸ਼ੀ ਦੀ ਹਾਲਤ ਵਿੱਚ ਪਿਆ ਸੀ, ਜਿਸ ਨੂੰ ਕਾਮਰੇਡ ਜਗਦੀਸ਼ ਰਾਏ ਬੌਬੀ ਵੱਲੋਂ ਪੁਲਸ ਤੇ ਪ੍ਰਸ਼ਾਸਨ ਦੀ ਮੱਦਦ ਨਾਲ ਹਸਪਤਾਲ ਪੁਚਾਇਆ ਗਿਆ। ਮਾਛੀਵਾੜਾ ਹਸਪਤਾਲ 'ਚ ਉਸਦੀ ਹਾਲਤ ਨੂੰ ਗੰਭੀਰ ਦੇਖਦਿਆਂ ਲੁਧਿਆਣਾ ਰੈਫ਼ਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਫ਼ਿਲਹਾਲ ਪੁਲਸ ਵੱਲੋਂ ਲਾਸ਼ ਕਬਜ਼ੇ 'ਚ ਕਰ 72 ਘੰਟੇ ਲਈ ਮੋਰਚਰੀ ਲੁਧਿਆਣਾ ਵਿਖੇ ਰਖਵਾ ਦਿੱਤਾ ਗਿਆ ਹੈ। ਕਾਮਰੇਡ ਜਗਦੀਸ਼ ਰਾਏ ਬੌਬੀ ਨੇ ਦੱਸਿਆ ਕਿ ਇਹ ਵਿਅਕਤੀ ਪਿਛਲੇ ਕੁਝ ਦਿਨਾਂ ਤੋਂ ਮਾਛੀਵਾੜਾ ਵਿਖੇ ਘੁੰਮ ਰਿਹਾ ਸੀ, ਪਰ ਠੰਢ ਕਾਰਨ ਇਹ ਬੇਹੋਸ਼ ਹੋ ਕੇ ਗਿਰ ਗਿਆ, ਜਿਸ ਤੋਂ ਬਾਅਦ ਇਲਾਜ ਦੌਰਾਨ ਇਸ ਦੀ ਮੌਤ ਹੋ ਗਈ। ਸਹਾਇਕ ਥਾਣੇਦਾਰ ਸੰਜੀਵ ਕੁਮਾਰ ਮੌਕੇ 'ਤੇ ਪੁੱਜੇ, ਜਿਨ੍ਹਾਂ ਨੇ ਠੰਢ ਨਾਲ ਮਰੇ ਇਸ ਵਿਅਕਤੀ ਦੀ ਜਾਂਚ ਕੀਤੀ ਤਾਂ ਉਸਦੇ ਕੱਪੜਿਆਂ 'ਚੋਂ ਅਜਿਹਾ ਕੋਈ ਦਸਤਾਵੇਜ਼ ਨਾ ਮਿਲਿਆ, ਜਿਸ ਤੋਂ ਉਸਦੀ ਪਛਾਣ ਹੋ ਸਕੇ।

## ਥੱਬ ਬਲਾਓ ਕੁੰਗ ਫੂ ਅਕੈਡਮੀ ਵੱਲੋਂ ਖਿਡਾਰੀਆਂ ਦਾ ਬੈੱਲਟ ਟੈਸਟ



**ਜਲੰਧਰ (ਨ ਜ਼ ਸ)**-ਥੱਬ ਬਲਾਓ ਕੁੰਗ ਫੂ ਅਕੈਡਮੀ ਜਲੰਧਰ ਵੱਲੋਂ ਮਕਸੂਦਾਂ ਹੈੱਡਕਵਾਟਰ ਵਿਖੇ ਖਿਡਾਰੀਆਂ ਦਾ ਬੈਲਟ ਟੈਸਟ ਕਰਵਾਇਆ ਗਿਆ, ਜਿਸ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਪ੍ਰਮੋਸ਼ਨ ਵਜੋਂ ਸਰਟੀਫਿਕੇਟ ਤੇ ਬੈਲਟ ਦੇ ਕੇ ਸਨਮਾਨਤ ਕੀਤਾ ਗਿਆ।ਗਰੀਨ ਬੈਲਟ ਵਾਲਿਆਂ ਦੀ ਲਿਖਤੀ ਪ੍ਰੀਖਿਆ ਵੀ ਲਈ ਗਈ।ਅਕੈਡਮੀ ਦੇ ਮਾਸਟਰ ਸਿਫੂ ਟੀ ਨਾਰਜ਼ਰੀ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਤੰਦਰੁਸਤ ਰਹਿਣ ਲਈ ਖੇਡਾਂ ਨੂੰ ਜੀਵਨ ਦਾ ਹਿੱਸਾ ਬਣਾਉਂਦੇ ਹੋਏ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ।ਮਾਸਟਰ ਸੀਫੂ ਟੀ ਨਾਰਜ਼ਾਰੀ ਨੇ ਦੱਸਿਆ ਕਿ ਬੱਚਿਆਂ ਦੇ ਸਰੀਰਕ ਵਿਕਾਸ ਦੇ ਨਾਲ ਨਾਲ ਬੌਧਿਕ ਵਿਕਾਸ ਲਈ ਸਮੇਂ ਸਮੇਂ 'ਤੇ ਲਿਖਤੀ ਪ੍ਰੀਖਿਆ ਵੀ ਲਈ ਜਾਇਆ ਕਰੇਗੀ।ਉਨ੍ਹਾਂ ਖਿਡਾਰੀਆਂ ਨੂੰ ਖੇਡ ਖੇਤਰ ਵਿੱਚ ਆਪਣੇ ਪੰਜਾਬ ਦਾ ਨਾਮ ਦੇਸ਼ਾਂ ਵਿਦੇਸ਼ਾਂ ਵਿੱਚ ਰੌਸ਼ਨ ਕਰਨ ਲਈ ਪੂਰੀ ਮਿਹਨਤ, ਲਗਨ ਤੇ ਖੇਲ ਭਾਵਨਾ ਨਾਲ ਖੇਡਣ ਲਈ ਪ੍ਰੇਰਿਆ।ਮਾਸਟਰ ਨੇ ਐਨੀ ਠੰਡ ਦੇ ਮੌਸਮ ਵਿਚ ਬੱਚਿਆਂ ਦੇ ਮਾਤਾ-ਪਿਤਾ ਨੂੰ ਬੱਚਿਆਂ ਦੇ ਨਾਲ ਨਾਲ ਆਪ ਵੀ ਪੂਰੇ ਅਨੁਸ਼ਾਸਨ ਵਿੱਚ ਰਹਿ ਬੱਚਿਆਂ ਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

## ਨਿੱਜੀ ਦੁੱਖ ਤੋਂ ਵੱਡਾ ਫਰਜ਼ : ਭਤੀਜੇ ਦੀ ਮੌਤ ਦੇ ਬਾਵਜੂਦ ਵੀ ਸੀ ਕਨਵੋਕੇਸ਼ਨ ਸਮਾਰੋਹ 'ਚ ਮੌਜੂਦ ਰਹੇ



ਭਤੀਜੇ ਦੀ ਫਾਈਲ ਫੋਟੋ।

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਕਿਹਾ ਜਾਂਦਾ ਹੈ ਕਿ ਜ਼ਿੰਮੇਵਾਰੀ ਦਾ ਭਾਰ ਵਿਅਕਤੀ ਨੂੰ ਅੰਦਰੋਂ ਮਜ਼ਬੂਤ ਕਰਦਾ ਹੈ।ਹਾਲਾਂਕਿ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ ਐੱਫ ਯੂ ਐੱਚ ਐੱਸ) ਦੇ ਵਾਈਸ-ਚਾਂਸਲਰ ਪ੍ਰੋ. ਡਾ. ਰਾਜੀਵ ਸੂਦ ਦੁਆਰਾ ਦਿਖਾਈ ਗਈ ਹਿੰਮਤ ਤੇ ਸਮਰਪਣ ਨੇ ਇੱਕ ਮਿਸਾਲ ਕਾਇਮ ਕੀਤੀ ਹੈ।ਘਰ ਵਿੱਚ ਆਪਣੇ ਨੌਜਵਾਨ ਭਤੀਜੇ ਦੀ ਮੌਤ ਦੇ ਸੋਗ ਦੇ ਵਿਚਕਾਰ, ਡਾ. ਸੂਦ ਨੇ ਨਾ ਸਿਰਫ ਕਨਵੋਕੇਸ਼ਨ ਸਮਾਰੋਹ ਦੀ ਸ਼ਾਨ ਨੂੰ ਬਣਾਈ ਰੱਖਿਆ, ਸਗੋਂ ਪੂਰੀ ਜ਼ਿੰਮੇਵਾਰੀ ਨਾਲ, ਸਮਾਰੋਹ ਸਮਾਪਤ ਹੋਣ ਤੋਂ ਬਾਅਦ ਹੀ ਦਿੱਲੀ ਲਈ ਰਵਾਨਾ ਹੋਏ। ਹਾਲ ਹੀ ਵਿੱਚ ਡਾ. ਰਾਜੀਵ ਸੂਦ ਦੇ ਭਤੀਜੇ ਦਾ ਅਚਾਨਕ ਦੇਹਾਂਤ ਹੋ ਗਿਆ।ਪਰਿਵਾਰ ਬਹੁਤ ਸੋਗ ਵਿੱਚ ਸੀ ਤੇ ਇਹ ਵਾਈਸ-ਚਾਂਸਲਰ ਲਈ ਬਹੁਤ ਮੁਸ਼ਕਲ ਸਮਾਂ ਸੀ।ਇਸ ਦੇ ਬਾਵਜੂਦ ਉਸ ਨੇ ਯੂਨੀਵਰਸਿਟੀ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਰਵਉੱਚ ਰੱਖਿਆ।ਉਹ ਪੰਜਾਬ ਦੇ ਰਾਜਪਾਲ ਤੇ ਕੈਬਨਿਟ ਮੰਤਰੀਆਂ ਦੀ ਮੌਜੂਦਗੀ ਵਿੱਚ ਹੋਏ ਕਨਵੋਕੇਸ਼ਨ ਸਮਾਰੋਹ ਦੌਰਾਨ ਮੌਜੂਦ ਰਹੇ ਤੇ ਇਹ ਯਕੀਨੀ ਬਣਾਇਆ ਕਿ ਸਾਰੇ ਸਮਾਗਮ ਸ਼ਰਧਾ ਨਾਲ ਕਰਵਾਏ ਜਾਣ।ਡਾ. ਸੂਦ ਨੇ ਪੂਰੇ ਸਮਾਰੋਹ ਦੌਰਾਨ ਇੱਕ ਅਨੁਸ਼ਾਸਤ ਤੇ ਗੰਭੀਰ ਪ੍ਰਗਟਾਵਾ ਬਣਾਈ ਰੱਖਿਆ, ਵਿਦਿਆਰਥੀਆਂ ਤੇ ਪਤਵੰਤਿਆਂ ਦੇ ਉਤਸ਼ਾਹ ਨੂੰ ਬਣਾਈ ਰੱਖਿਆ।ਜਿਵੇਂ ਹੀ ਰਸਮੀ ਕਾਰਵਾਈਆਂ ਤੇ ਮੰਤਰੀਆਂ ਦੀ ਵਿਦਾਇਗੀ ਪੂਰੀ ਹੋਈ ਡਾ. ਸੂਦ ਤੁਰੰਤ ਦੁਖੀ ਪਰਿਵਾਰ ਨੂੰ ਦਿਲਾਸਾ ਦੇਣ ਲਈ ਦਿੱਲੀ ਸਥਿਤ ਆਪਣੇ ਨਿਵਾਸ ਲਈ ਰਵਾਨਾ ਹੋ ਗਏ।ਜਦੋਂ ਪਰਿਵਾਰ ਸੋਗ ਮਨਾ ਰਿਹਾ ਸੀ, ਸੈਂਕੜੇ ਵਿਦਿਆਰਥੀਆਂ ਦੇ ਭਵਿੱਖ ਦੇ ਕਨਵੋਕੇਸ਼ਨ ਦਾ ਜਸ਼ਨ ਮਨਾਇਆ ਜਾ ਰਿਹਾ ਸੀ, ਤਾਂ ਪੂਰਾ ਸ਼ਹਿਰ ਤੇ ਯੂਨੀਵਰਸਿਟੀ ਸਟਾਫ ਡਾ. ਸੂਦ ਨੂੰ ਆਪਣੀਆਂ ਭਾਵਨਾਵਾਂ 'ਤੇ ਕਾਬੂ ਪਾਉਣ ਤੇ ਯੂਨੀਵਰਸਿਟੀ ਪ੍ਰਤੀ ਆਪਣੇ ਪਿਆਰ ਤੇ ਫਰਜ਼ ਨੂੰ ਤਰਜੀਹ ਦੇਣ ਲਈ ਸਲਾਮ ਕਰਦਾ ਹੈ।ਉਨ੍ਹਾਂ ਦੀ ਕਾਰਜਸ਼ੀਲਤਾ ਸਾਬਿਤ ਕਰਦੀ ਹੈ ਕਿ ਇੱਕ ਸੱਚਾ ਨੇਤਾ ਉਹ ਹੁੰਦਾ ਹੈ, ਜੋ ਨਿੱਜੀ ਦੁੱਖ ਨੂੰ ਜਨਤਕ ਸੇਵਾ ਵਿੱਚ ਵਿਘਨ ਨਹੀਂ ਪਾਉਣ ਦਿੰਦਾ।

# ਸਫਾ 1 ਦੇ ਬਾਕੀ...

## ਭਾਜਪਾ ਦੀ ਫਿਰਕੂ ਹਿੰਸਾ...

ਘਟੀਆ ਹਰਕਤ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਜ਼ਰੂਰ ਮਿਲੇਗੀ।

ਭਾਜਪਾ ਨੇਤਾ ਕਪਿਲ ਮਿਸ਼ਰਾ ਦਾ ਹਵਾਲਾ ਦਿੰਦਿਆਂ ਮਾਨ ਨੇ ਕਿਹਾ ਕਿ ਜਿਸ ਨੇਤਾ ਨੇ ਸੋਸ਼ਲ ਮੀਡੀਆ 'ਤੇ ਇਹ ਐਡਿਟਡ (ਛੇੜਛਾੜ ਵਾਲਾ) ਵੀਡੀਓ ਅਪਲੋਡ ਕੀਤਾ ਸੀ, ਉਸ ਨੂੰ ਆਪਣੇ ਕੁਕਰਮਾਂ ਦੇ ਨਤੀਜੇ ਭੁਗਤਣੇ ਪੈਣਗੇ ਅਤੇ ਪੰਜਾਬ ਪੁਲਸ ਨੇ ਉਸ ਵਿਰੁੱਧ ਸਹੀ ਕੇਸ ਦਰਜ ਕੀਤਾ ਹੈ। ਇੱਥੇ ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰ ਦਾ ਕੋਈ ਮਸਲਾ ਨਹੀਂ। ਕਪਿਲ ਮਿਸ਼ਰਾ 'ਤੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸੂਬਾਈ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅੱਜ ਅਜੀਬੋ-ਗਰੀਬ ਸਥਿਤੀ ਵਿੱਚ ਘਿਰ ਗਏ ਹਨ ਕਿਉਂਕਿ ਉਹ ਵਾਰ-ਵਾਰ ਝੂਠ ਦਾ ਸਹਾਰਾ ਲੈ ਕੇ ਪੰਜਾਬ ਪ੍ਰਤੀ ਭਾਜਪਾ ਦੇ ਰਵੱਈਏ ਨੂੰ ਜਾਇਜ਼ ਠਹਿਰਾਉਣ ਲਈ ਮਜਬੂਰ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਅਤੇ ਇਸ ਦੀ ਲੀਡਰਸ਼ਿਪ 'ਚ ਮਹਾਨ ਸਿੱਖ ਗੁਰੂ ਸਾਹਿਬਾਨ ਪ੍ਰਤੀ ਸਤਿਕਾਰ ਦੀ ਭਾਵਨਾ ਕਿਤੇ ਨਜ਼ਰ ਨਹੀਂ ਆਉਂਦੀ ਅਤੇ ਪ੍ਰਧਾਨ ਮੰਤਰੀ ਕੋਲ ਤਾਂ ਕਦੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ (ਸ਼ਹੀਦੀ ਵਰ੍ਹੇਗੰਢ) ਦੀ ਯਾਦ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਸਵੀਕਾਰਨ ਦਾ ਸਮਾਂ ਵੀ ਨਹੀਂ ਸੀ। ਹਰ ਕੋਈ ਜਾਣਦਾ ਹੈ ਕਿ ਨਾ ਤਾਂ ਪ੍ਰਧਾਨ ਮੰਤਰੀ ਅਤੇ ਨਾ ਹੀ ਭਾਜਪਾ ਦਾ ਕੋਈ ਸੀਨੀਅਰ ਨੇਤਾ ਜਾਂ ਕੇਂਦਰੀ ਮੰਤਰੀ ਇਨ੍ਹਾਂ ਸਮਾਗਮਾਂ 'ਚ ਨਤਮਸਤਕ ਹੋਣ ਲਈ ਪੰਜਾਬ ਆਇਆ। ਇਹ ਸਿੱਖਾਂ ਅਤੇ ਸਾਡੇ ਮਹਾਨ ਗੁਰੂ ਸਾਹਿਬਾਨ ਪ੍ਰਤੀ ਸੌੜੀ ਅਤੇ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਮਾਨ ਨੇ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਪੰਜਾਬ ਅਤੇ ਇਸ ਦੀ ਸਰਕਾਰ ਵਿਰੁੱਧ ਇੱਕੋ ਪਟੜੀ 'ਤੇ ਚੱਲ ਰਹੇ ਹਨ। ਇਹ ਪਾਰਟੀਆਂ ਇਕੋ ਦਿਨ ਵੱਖ-ਵੱਖ ਸਮੇਂ 'ਤੇ ਇੱਕੋ ਜਿਹੇ ਪ੍ਰੈੱਸ ਨੋਟ ਵੀ ਜਾਰੀ ਕਰਦੀਆਂ ਹਨ, ਜਿਨ੍ਹਾਂ ਦਾ ਇੱਕੋ-ਇੱਕ ਉਦੇਸ਼ ਸੂਬਾ ਸਰਕਾਰ ਵਿਰੁੱਧ ਜ਼ਹਿਰ ਫੈਲਾਉਣਾ ਹੈ।ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਵਿੱਚ ਖਤਰੇ ਦੀਆਂ ਗੱਲਾਂ ਨੂੰ ਨਕਾਰਦਿਆਂ ਉਨ੍ਹਾ ਕਾਨੂੰਨ ਵਿਵਸਥਾ ਬਣਾਏ ਰੱਖਣ ਦੀ ਵਚਨਬੱਧਤਾ ਜਤਾਈ। ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸਾਧਦਿਆਂ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਪੰਜਾਬ ਦੇ ਮੁੱਦਿਆਂ 'ਤੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ, ਪਰ ਇਹ ਉਹੀ ਆਗੂ ਹਨ, ਜਿਨ੍ਹਾਂ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ ਲਈ ਸਹਿਮਤੀ ਦਿੱਤੀ ਸੀ ਅਤੇ ਜਿਨ੍ਹਾਂ ਕਾਲੇ ਖੇਤੀ ਕਾਨੂੰਨਾਂ ਲਈ ਮੋਦੀ ਦੀ ਪ੍ਰਸੰਸਾ ਵੀ ਕੀਤੀ ਸੀ। ਉਨ੍ਹਾ ਕਿਹਾ ਕਿ ਇਹ ਪਾਰਟੀਆਂ ਪਹਿਲਾਂ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਨੂੰ ਸਰਪ੍ਰਸਤੀ ਵੀ ਦਿੰਦੀਆਂ ਰਹੀਆਂ। ਅੱਜ ਵੀ ਉਹ ਗੈਂਗਸਟਰਾਂ ਨੂੰ ਟਿਕਟਾਂ ਦੇ ਰਹੇ ਹਨ। ਸਾਬਕਾ ਕਾਂਗਰਸੀ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਵਰ੍ਹਦਿਆਂ ਮਾਨ ਨੇ ਕਿਹਾ ਕਿ ਰੰਧਾਵਾ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾ ਦੇ ਪਿਤਾ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਅਪ੍ਰੇਸ਼ਨ ਬਲੂ ਸਟਾਰ ਲਈ ਵਧਾਈ ਦਿੱਤੀ ਸੀ। ਗੁਰਦਾਸਪੁਰ ਤੋਂ ਮੌਜੂਦਾ ਲੋਕ ਸਭਾ ਮੈਂਬਰ ਉਸੇ ਕਾਂਗਰਸ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ, ਜਿਸ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਕ ਸਥਾਨਾਂ ਵਿਚੋਂ ਇੱਕ 'ਤੇ ਅਪ੍ਰੇਸ਼ਨ ਬਲੂ ਸਟਾਰ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਰਕੇ ਵਿਰੋਧੀ ਧਿਰ ਦੇ ਨੇਤਾ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਉਨ੍ਹਾ ਕਿਹਾ ਕਿ ਇਸ ਸਭ ਦੇ ਬਾਵਜੂਦ ਮੇਰੀ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।

ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਮੇਰੇ ਲਈ ਸਭ ਕੁਝ ਤੋਂ ਉਪਰ ਹਨ ਅਤੇ ਮੈਂ ਉਥੋਂ ਆਉਣ ਵਾਲੇ ਕਿਸੇ ਵੀ ਆਦੇਸ਼ ਦਾ ਸੱਚੀ ਭਾਵਨਾ ਨਾਲ ਪਾਲਣ ਕਰਾਂਗਾ।ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੇਰੇ ਅਤੇ ਮੇਰੇ ਪਰਵਾਰ ਲਈ ਹਮੇਸ਼ਾ ਸਰਵਉਚ ਸੀ, ਹੈ ਅਤੇ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਸਾਡਾ ਅਤਿ-ਸਤਿਕਾਰਯੋਗ ਅਸਥਾਨ ਹੈ, ਜਿੱਥੋਂ ਸਮੂਹ ਸਿੱਖ ਭਾਈਚਾਰੇ ਅਤੇ ਸੰਗਤ ਨੂੰ ਇਲਾਹੀ ਸ਼ਾਂਤੀ, ਤਾਕਤ, ਸਮਰੱਥਾ ਅਤੇ ਸੇਧ ਮਿਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਹੋਏ ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਗਠਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸਿੱਟ ਬਣਾਉਣ ਪਿੱਛੇ ਕੋਈ ਰਾਜਨੀਤੀ ਨਹੀਂ। ਉਨ੍ਹਾ ਕਿਹਾ ਕਿ ਜਿਨ੍ਹਾਂ ਇਹ ਪਾਪ ਕੀਤਾ ਹੈ, ਉਹ ਹੀ ਜਾਂਚ ਤੋਂ ਡਰਦੇ ਹਨ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਲਗਭਗ 14 ਸਾਲ ਪਹਿਲਾਂ ਹੋਈ ਸੀ ਅਤੇ ਬਹੁਤ ਸਾਰੇ ਮੈਂਬਰਾਂ ਦੇ ਦੇਹਾਂਤ ਜਾਂ ਵਿਦੇਸ਼ ਚਲੇ ਜਾਣ ਦੇ ਬਾਵਜੂਦ ਇਸ ਸਤਿਕਾਰਤ ਸੰਸਥਾ ਦਾ ਕੰਮਕਾਜ ਜਾਰੀ ਰਿਹਾ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਈ ਅਧਿਕਾਰੀਆਂ ਵੱਲੋਂ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਸਮੇਂ-ਸਮੇਂ 'ਤੇ ਗੁੰਮਰਾਹਕੁੰਨ ਬਿਆਨ ਵੀ ਦਿੱਤੇ ਗਏ।

## ਪ੍ਰੀਖਿਆਵਾਂ ਲਈ ਮੁਫਤ...

ਦੇ ਬਾਵਜੂਦ ਇਕੱਠੇ ਹੋਏ ਲੋਕਾਂ ਦਾ ਸਵਾਗਤ ਕੀਤਾ ਅਤੇ ਇਸ ਪ੍ਰੋਗਰਾਮ ਨੂੰ ਪੰਜਾਬ ਦੇ ਬੱਚਿਆਂ ਲਈ ਇੱਕ ਸੁਨਹਿਰੀ ਭਵਿੱਖ ਦੀ ਸ਼ੁਰੂਆਤ ਦੱਸਿਆ।ਉਨ੍ਹਾ ਕਿਹਾ—ਪੰਜਾਬ ਸਰਕਾਰ ਨੇ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਮਿਸ਼ਨ ਪ੍ਰਗਤੀ ਤਹਿਤ ਇਹ ਕੋਚਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿੱਥੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਸ਼ੁਰੂ ਕੀਤੀ ਗਈ ਹੈ। ਇਸ ਦਾ ਉਦੇਸ਼ ਹੋਣਹਾਰ ਵਿਦਿਆਰਥੀਆਂ ਖਾਸ ਕਰਕੇ ਪੇਂਡੂ ਖੇਤਰਾਂ ਦੇ, ਜਿਨ੍ਹਾਂ ਦੀ ਗੁਣਵੱਤਾ ਅਤੇ ਕਿਫਾਇਤੀ ਕੋਚਿੰਗ ਸਹੂਲਤਾਂ ਤੱਕ ਪਹੁੰਚ ਨਹੀਂ ਹੈ, ਨੂੰ ਸਹੂਲਤ ਦੇਣਾ ਹੈ।ਮੁਕਾਬਲੇ ਵਾਲੇ ਮਾਹੌਲ ਵਿੱਚ ਉਮੀਦਵਾਰਾਂ ਨੂੰ ਦਰਪੇਸ਼ ਚੁਣੌਤੀਆਂ ਦਾ ਹਵਾਲਾ ਦਿੰਦੇ ਹੋਏ ਮਾਨ ਨੇ ਕਿਹਾ ਕਿ ਜ਼ਰੂਰੀ ਅਧਿਐਨ ਸਮੱਗਰੀ ਅਤੇ ਮਹਿੰਗੀਆਂ ਕਿਤਾਬਾਂ ਅਕਸਰ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਰਹਿੰਦੀਆਂ ਹਨ। ਉਨ੍ਹਾ ਆਖਿਆ ਕਿ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਮੈਂਬਰਾਂ ਵਜੋਂ ਚੁਣਿਆ ਜਾਵੇਗਾ ਅਤੇ ਲੋੜੀਂਦੀਆਂ ਕਿਤਾਬਾਂ ਮੁਫਤ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਪ੍ਰੋਗਰਾਮ ਮੌਜੂਦਾ ਬੁਨਿਆਦੀ ਢਾਂਚੇ ਅਤੇ ਸਰੋਤਾਂ ਦੀ ਵਰਤੋਂ ਕਰਕੇ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਮਹੱਤਵਪੂਰਨ ਵਿੱਤੀ ਬੱਚਤ ਹੁੰਦੀ ਹੈ। ਮਾਨ ਨੇ ਕਿਹਾ ਕਿ ਇਹ ਪ੍ਰੋਗਰਾਮ ਇੱਕ ਅਧਿਆਪਕ-ਮਾਰਗ ਦਰਸ਼ਕ ਮਾਡਲ ਦੀ ਪਾਲਣਾ ਕਰਦਾ ਹੈ, ਜਿਸ ਵਿੱਚ ਫੈਕਲਟੀ ਮੈਂਬਰ ਖੁਦ ਉਮੀਦਵਾਰ ਹੁੰਦੇ ਹਨ, ਜੋ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਏ ਹਨ। ਮੁੱਖ ਮੰਤਰੀ ਨੇ ਕਿਹਾ—ਇਹ ਪਹਿਲਕਦਮੀ 'ਨੌਜਵਾਨਾਂ ਦੀ ਮਦਦ ਕਰਨ ਵਾਲੇ' ਮਾਡਲ ਵਜੋਂ ਉਭਰੀ ਹੈ ਅਤੇ ਇਸ ਨੂੰ ਸਿੱਖਿਆ ਸ਼ਾਸਤਰੀਆਂ, ਯੂਨੀਵਰਸਿਟੀਆਂ, ਪੁਲਸ, ਅਥਲੀਟਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਵਿਦਿਆਰਥੀਆਂ ਅਤੇ ਸਮਾਜ ਦੇ ਹਰ ਵਰਗ ਦਾ ਸਮਰਥਨ ਪ੍ਰਾਪਤ ਹੈ। ਇਸ ਸਮੂਹਿਕ ਭਾਗੀਦਾਰੀ ਨੇ ਪ੍ਰੋਗਰਾਮ ਨੂੰ ਇੱਕ ਭਾਈਚਾਰਾ-ਸੰਚਾਲਿਤ ਅਤੇ ਸਹਿਯੋਗੀ ਮਾਡਲ ਵਿੱਚ ਬਦਲ ਦਿੱਤਾ ਹੈ। ਇਸ ਮੌਕੇ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਮੇਅਰ ਨਗਰ ਨਿਗਮ ਪਦਮਜੀਤ ਮਹਿਤਾ, ਡੀ ਆਈ ਜੀ ਬਠਿੰਡਾ ਰੇਂਜ ਹਰਜੀਤ ਸਿੰਘ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐੱਸ ਐੱਸ ਪੀ ਅਮਨੀਤ ਕੌਂਡਲ ਆਦਿ ਹਾਜ਼ਰ ਸਨ।

## 'ਮੋਦੀ ਸਰਕਾਰ ਦਾ...

ਕਾਮਰੇਡ ਬਰਾੜ ਨੇ ਪੰਜਾਬ ਦੀ ਗੱਲ ਕਰਦਿਆਂ ਕਿਹਾ ਕਿ ਇੱਥੇ ਹਰ ਰੋਜ਼ ਗੈਂਗਸਟਰਾਂ ਵੱਲੋਂ ਕਤਲ ਕੀਤੇ ਜਾ ਰਹੇ ਹਨ। ਗੈਂਗਸਟਰ ਹਥਿਆਰ ਲੈ ਕੇ ਬੇਖ਼ੌਫ਼ ਘੁੰਮ ਰਹੇ ਹਨ। ਅਣਮਨੁੱਖੀ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਹਨ। ਪੰਜਾਬ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਨਾਅਰਾ ਇੱਕ ਤਰ੍ਹਾਂ ਮਜ਼ਾਕ ਬਣ ਕੇ ਰਹਿ ਗਿਆ ਹੈ। ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਨਸ਼ਿਆਂ ਦਾ ਪਸਾਰ ਘਰ-ਘਰ ਪਹੁੰਚ ਗਿਆ ਹੈ। ਕਾਮਰੇਡ ਬਰਾੜ ਨੇ ਪੱਤਰਕਾਰਾਂ ਵਿਰੁੱਧ ਕੇਸ ਦਰਜ ਕਰਨ ਦੀ ਵੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਪੱਤਰਕਾਰਾਂ ਦੀ ਆਵਾਜ਼ ਦਬਾਅ ਕੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਕਾਰਜਕਾਰਨੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੀ ਕਾਨਫ਼ਰੰਸ 18 ਜਨਵਰੀ ਨੂੰ ਦੇਸ਼ ਭਗਤ ਹਾਲ ਜਲੰਧਰ ਵਿਖੇ ਕੀਤੀ ਜਾਵੇਗੀ। ਸੂਬਾ ਸਕੱਤਰ ਕਾਮਰੇਡ ਬਰਾੜ ਵੱਲੋਂ ਇਹ ਵੀ ਸੁਨਿਸ਼ਚਤ ਕੀਤਾ ਗਿਆ ਕਿ ਸੂਬਾ ਕਾਨਫ਼ਰੰਸ ਵੀ 17-18 ਫ਼ਰਵਰੀ ਨੂੰ ਜਲੰਧਰ ਵਿਖੇ ਕੀਤੀ ਜਾਵੇਗੀ। ਇਸ ਦੀ ਸਫ਼ਲਤਾ ਲਈ ਅੱਜ ਤੋਂ ਹੀ ਤਿਆਰੀ ਕਰਨ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਫੰਡਾਂ ਦੇ ਕੋਟੇ ਵੀ ਲਾਏ ਗਏ। ਇਹ ਵੀ ਫੈਸਲਾ ਹੋਇਆ ਕਿ ਜ਼ਿਲ੍ਹਾ ਸੀ ਪੀ ਆਈ ਦੀ ਸਮੁੱਚੀ ਕੌਂਸਲ ਸਵਾਗਤੀ ਕਮੇਟੀ ਵਿੱਚ ਸ਼ਾਮਲ ਹੋਵੇਗੀ। ਮੀਟਿੰਗ ਨੂੰ ਜ਼ਿਲ੍ਹਾ ਸਕੱਤਰ ਕਾਮਰੇਡ ਰਛਪਾਲ ਕੈਲੇ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਾਮਰੇਡ ਮਹਿੰਦਰ ਪਾਲ ਮੁਹਾਲੀ, ਕਾਮਰੇਡ ਤਰਸੇਮ ਸਿੰਘ ਜੰਡਿਆਲਾ, ਜਸਵਿੰਦਰ ਸਿੰਘ ਜੰਡਿਆਲਾ, ਸੰਦੀਪ ਅਰੋੜਾ, ਮਹਿੰਦਰ ਸਿੰਘ ਘੋੜਾਵਾਹੀ, ਸਵਰਨਜੀਤ ਕੁਰੇਸ਼ੀਆਂ, ਸਿਕੰਦਰ ਸੰਧੂ, ਪਰਵਿੰਦਰ ਫਲਪੋਤਾ ਆਦਿ ਮੌਜੂਦ ਸਨ।

## ਪੰਜਾਬੀ ਸਾਹਿਤ ਅਕਾਦਮੀ...

ਕੇ ਸਰਕਾਰ ਵੱਲੋਂ ਸਾਲਾਨਾ ਵਿਸ਼ੇਸ਼ ਗ੍ਰਾਂਟ ਦਾ ਪ੍ਰਬੰਧ ਕੀਤਾ ਜਾਵੇ, ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਵਲੋਂ ਖ਼ੁਦ ਮਾਤ ਭਾਸ਼ਾ ਦੀ ਕਾਨੂੰਨੀ ਪੁਜ਼ੀਸ਼ਨ ਦੀ ਉਲੰਘਣਾ ਕਰਨ ਦਾ ਨੋਟਿਸ ਲੈਂਦਿਆਂ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਲਿਖੀ ਚਿੱਠੀ ਦੀ ਭਰਪੂਰ ਸ਼ਲਾਘਾ ਕਰਦਿਆਂ ਪ੍ਰਸੰਸਾ ਮਤਾ ਪਾਇਆ ਗਿਆ। ਹਰਿਆਣਾ ਸਰਕਾਰ ਵੱਲੋਂ ਹਰਿਆਣਾ ਵਿਚ ਪੰਜਾਬੀ ਜ਼ੁਬਾਨ ਨੂੰ ਦੂਜੀ ਭਾਸ਼ਾ ਦਾ ਵਿਹਾਰਕ ਦਰਜਾ ਪ੍ਰਦਾਨ ਕੀਤਾ ਜਾਵੇ। ਹਰਿਆਣਾ ਸਰਕਾਰ ਸਾਰੀਆਂ ਅਕਾਦਮੀਆਂ ਸਮੇਤ ਪੰਜਾਬੀ ਸਾਹਿਤ ਅਕਾਦਮੀ ਹਰਿਆਣਾ ਦਾ ਪਹਿਲਾਂ ਵਾਲਾ ਰੁਤਬਾ ਬਹਾਲ ਕਰੇ। ਭਾਸ਼ਾ ਵਿਭਾਗ ਪੰਜਾਬ ਦੇ ਪਟਿਆਲਾ ਵਿਖੇ ਦਫ਼ਤਰ ਦੇ ਨਾਲ, ਜੋ ਲੇਖਕ ਘਰ ਬਣਿਆ ਹੋਇਆ ਹੈ, ਉਸ ਨੂੰ ਦੂਸਰੇ ਮਹਿਕਮੇ ਦੇ ਕਾਬਜ਼ ਹੋਣ ਤੋਂ ਖਾਲੀ ਕਰਵਾਇਆ ਜਾਵੇ। ਅਕਾਦਮੀ ਵੱਲੋਂ ਇਹ ਮਤੇ ਕ੍ਰਮਵਾਰ ਡਾ. ਗੁਰਇਕਬਾਲ ਸਿੰਘ, ਡਾ. ਸੰਤੋਖ ਸਿੰਘ ਸੁੱਖੀ, ਜਸਵੀਰ ਝੱਜ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਸ਼ਬਦੀਸ਼, ਸੁਰਿੰਦਰ ਕੈਲੇ, ਡਾ. ਹਰਵਿੰਦਰ ਸਿੰਘ ਸਿਰਸਾ ਨੇ ਪੇਸ਼ ਕੀਤੇ।

ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਯੂਰਪ ਦੇ ਸਾਰੇ ਮੁਲਕਾਂ ਵਿਚ ਮਾਤ ਭਾਸ਼ਾ ਵਿਚ ਕੰਮ ਹੁੰਦਾ ਹੈ ਤੇ ਸਾਰੇ ਮੁਲਕਾਂ ਨੇ ਭਰਪੂਰ ਤਰੱਕੀ ਕੀਤੀ ਹੈ। ਇਹ ਮਿਥ ਹੈ ਕਿ ਅੰਗਰੇਜ਼ੀ ਤੋਂ ਬਿਨਾਂ ਵਿਕਾਸ ਨਹੀਂ ਹੋ ਸਕਦਾ, ਉਨ੍ਹਾ ਕਿਹਾ ਕਿ ਸਿਰਫ਼ ਮਤੇ ਪਾਸ ਕਰਨ ਨਾਲ ਪੰਜਾਬੀ ਲਾਗੂ ਨਹੀਂ ਹੋਣੀ, ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਤਨਦੇਹੀ ਨਾਲ ਕੰਮ ਵੀ ਕਰਨਾ ਪੈਣਾ ਹੈ। ਇਸ ਟੀਮ ਨੇ ਬਹੁਤ ਦਿਲ ਲਗਾ ਕੇ ਕੰਮ ਕੀਤਾ ਹੈ। ਲੇਖਕ ਨੂੰ ਲਿਖਣ ਸਮੇਂ ਸੁਚੇਤ ਹੋਣਾ ਪਵੇਗਾ ਕਿ ਉਸ ਨੂੰ ਪੜ੍ਹਿਆ ਵੀ ਜਾ ਰਿਹਾ ਹੈ? ਭਾਵੇਂ ਹਰ ਬੰਦਾ ਸਿਆਸੀ ਹੈ, ਉਸ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਕੰਮ ਕਰਨਾ ਚਾਹੀਦਾ ਹੈ। ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਪਿਛਲੇ ਦੋ ਸਾਲਾਂ ਦੌਰਾਨ ਕੀਤੇ ਸਫ਼ਲਤਾਪੂਰਕ ਭਰਪੂਰ ਕਾਰਜਾਂ ਲਈ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਪੰਜਾਬੀ ਭਾਸ਼ਾ, ਸੱਭਿਆਚਾਰ ਨੂੰ ਬਚਾਉਣ ਲਈ ਉਪਰਾਲੇ ਸੁਚੇਤ ਲੇਖਕਾਂ ਨੇ ਹੀ ਕਰਨੇ ਹੁੰਦੇ ਹਨ। ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਅਸੀਂ ਲਿਖ ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਨਹੀਂ ਵਰਤੋਂ ਕਰ ਰਹੇ ਹਾਂ। ਉਨ੍ਹਾ ਇਸ ਟੀਮ ਦੇ ਕੰਮਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਚੰਗੀਆਂ ਲੀਹਾਂ 'ਤੇ ਕੰਮ ਹੋਇਆ ਹੈ। ਮਲਕੀਅਤ ਸਿੰਘ ਔਲਖ ਨੇ ਮੌਜੂਦਾ ਟੀਮ ਦੇ ਕੰਮ ਦੀ ਸ਼ਲਾਘਾ ਕਰਦਿਆਂ ਲੇਖਕਾਂ ਨੂੰ ਗਰੁੱਪਬਾਜ਼ੀ ਤੋਂ ਉਪਰ ਉਠ ਕੇ ਪੰਜਾਬੀ ਭਾਸ਼ਾ ਲਈ ਕੰਮ ਕਰਨ ਦੀ ਅਪੀਲ ਕੀਤੀ। ਡਾ. ਰਤਨ ਸਿੰਘ ਢਿੱਲੋਂ ਨੇ ਟੀਮ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸਮੇਂ ਅਕਾਦਮੀ ਨੇ ਪੰਜਾਬ ਤੋਂ ਬਾਹਰ ਵੀ ਉਡਾਰੀ ਭਰੀ ਹੈ। ਉਨ੍ਹਾ ਕਿਹਾ ਕਿ ਪਹਿਲਾਂ ਦੀ ਤਰ੍ਹਾਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਲੇਖਕਾਂ ਨੂੰ ਬੁਲਾਉਣ ਸਮੇਂ ਕਿਰਾਇਆ ਵੀ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸੁਰਿੰਦਰ ਕੈਲੇ, ਨਵਤੇਜ ਗੜ੍ਹਦੀਵਾਲਾ ਤੇ ਪਵਨ ਹਰਚੰਦਪੁਰੀ ਨੇ ਸੰਬੋਧਨ ਕੀਤਾ।ਇਸ ਸਮੇਂ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਿਖੇ ਸੇਵਾਰਤ ਦਫ਼ਤਰ ਇੰਚਾਰਜ ਸੁਰਿੰਦਰ ਦੀਪ ਦੇ ਕੰਮ ਦੀ ਪ੍ਰਸੰਸਾ ਕਰਦਿਆਂ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪ੍ਰਸੰਸਾ ਪੱਤਰ ਪੜ੍ਹਿਆ। ਉਨ੍ਹਾ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਡਾ. ਸਰਬਜੀਤ ਸਿੰਘ, ਡਾ. ਸ. ਸ. ਜੌਹਲ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਪਾਲ ਕੌਰ ਅਤੇ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪ੍ਰਸੰਸਾ ਪੱਤਰ ਅਤੇ ਸ਼ਾਲ ਭੇਟ ਕਰਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਨਵ-ਪ੍ਰਕਾਸ਼ਿਤ ਰਸਾਲਾ 'ਆਲੋਚਨਾ' ਅਤੇ ਸੁਰਿੰਦਰ ਕੈਲੇ ਵਲੋਂ ਸੰਪਾਦਿਤ ਰਸਾਲਾ 'ਅਣੂ' ਲੋਕ ਅਰਪਣ ਕੀਤਾ ਗਿਆ। ਅਕਾਦਮੀ ਪਰਵਾਰ ਤੋਂ ਵਿਛੜ ਚੁੱਕੇ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾ ਸੁਮਨ ਭੇਟ ਕੀਤੇ।ਅਖ਼ੀਰ ਵਿਚ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕੜਾਕੇ ਦੀ ਸਰਦੀ ਵਿਚ ਜਨਰਲ ਕੌਂਸਲ ਵਿਚ ਪਹੁੰਚ ਕੇ ਹਾਜ਼ਰੀ ਭਰਨ ਵਿਚ ਯੋਗਦਾਨ ਪਾਉਣ ਲਈ ਸਮੂਹ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ। ਜਨਰਲ ਕੌਂਸਲ ਦੀ ਇਕੱਤਰਤਾ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਰਾਜਸਥਾਨ ਆਦਿ ਤੋਂ ਇਲਾਵਾ ਕਾਫ਼ੀ ਗਿਣਤੀ ਵਿਚ ਅਕਾਦਮੀ ਦੇ ਮੈਂਬਰ ਸ਼ਾਮਲ ਹੋਏ।

## ਕਿਸਾਨਾਂ ਦੀ ਫਸਲ...

ਫੈਸਲਿਆਂ ਖਿਲਾਫ ਇਨ੍ਹਾਂ ਵੱਲੋਂ ਉੱਚ ਅਦਾਲਤਾਂ ਵਿੱਚ ਅਪੀਲਾਂ ਕੀਤੀਆਂ ਹੋਈਆਂ ਹਨ।ਇਸ ਜ਼ਮੀਨ ਸੰਬੰਧੀ ਗਰਦਾਓਰੀਆਂ ਉਨ੍ਹਾਂ ਦੇ ਨਾਂਅ ਚੱਲ ਰਹੀਆਂ ਸਨ।ਟਰੱਸਟ ਅਤੇ ਸ਼੍ਰੋਮਣੀ ਕਮੇਟੀ ਨੇ ਆਪਣਾ ਪ੍ਰਭਾਵ ਵਰਤਦਿਆਂ ਸਾਲ 2011 ਵਿੱਚ ਇਹ ਤੁੜਵਾ ਲਈਆਂ, ਜਿਸ ਖਿਲਾਫ ਉਹ ਅਦਾਲਤ ਵਿੱਚ ਕੇਸ ਲੜ ਰਹੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਤੱਕ ਕਦੇ ਵੀ ਸ਼੍ਰੋਮਣੀ ਕਮੇਟੀ ਜਾਂ ਟਰੱਸਟ ਇਸ ਜ਼ਮੀਨ 'ਤੇ ਕਾਬਜ਼ ਨਹੀਂ ਹੋਏ, ਜਿਸ ਕਰਕੇ ਇਨ੍ਹਾਂ ਅਦਾਰਿਆਂ ਨੂੰ ਪਹਿਲਾਂ ਵੀ ਜੁਰਮਾਨਾ ਹੋਇਆ ਸੀ। ਹੁਣ ਫਿਰ 31 ਦਸੰਬਰ ਨੂੰ ਇਨ੍ਹਾਂ ਨੇ ਕਿਸਾਨਾਂ ਦੀ ਕਣਕ ਅਤੇ ਮਟਰਾਂ ਦੀ ਫਸਲ ਕਾਬਜ਼ ਕਿਸਾਨਾਂ ਨੂੰ ਬਿਨਾਂ ਇਤਲਾਹ ਦਿੱਤਿਆਂ ਵਾਹ ਦਿੱਤੀ ਹੈ। ਇਸ ਸੰਬੰਧੀ ਪੀੜਤਾਂ ਵੱਲੋਂ ਕਮਿਸ਼ਨਰ ਪੁਲਸ ਅੰਮ੍ਰਿਤਸਰ ਨੂੰ ਸ਼ਿਕਾਇਤ ਕੀਤੀ ਗਈ, ਪਰ ਇੱਕ ਹਫਤਾ ਬੀਤ ਜਾਣ ਦੇ ਬਾਵਜੂਦ ਅੱਜ ਤੱਕ ਕਿਸੇ ਪੁਲਸ ਅਧਿਕਾਰੀ ਨੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਮੌਕਾ ਵੇਖਿਆ ਹੈ।ਉਲਟਾ ਪੁਲਸ ਪੀੜਤ ਕਿਸਾਨਾਂ ਨੂੰ ਲਗਾਤਾਰ ਪ੍ਰੇਸ਼ਾਨ ਕਰ ਰਹੀ ਹੈ।

ਕਿਸਾਨ ਆਗੂਆਂ ਨੇ ਕਿਹਾ ਹੈ ਕਿ ਅਧਿਕਾਰੀਆਂ ਨੇ ਸਬੂਤਾਂ ਨੂੰ ਮਿਟਾਉਣ ਦੀ ਨੀਅਤ ਨਾਲ ਹੁਣ ਧੱਕੇ ਨਾਲ ਉਪਰੋਕਤ ਜ਼ਮੀਨ ਵਿੱਚ ਪੋਲ ਗੱਡ ਕੇ ਉਸ ਨੂੰ ਗਰਾਊਂਡ ਵਿਖਾਉਣ ਦਾ ਡਰਾਮਾ ਕੀਤਾ ਹੈ। ਅਧਿਕਾਰੀ ਟਿਊਬਵੈੱਲ, ਉਸ ਦੀ ਡਲਿਵਰੀ ਅਤੇ ਸਬਮਰਸੀਬਲ ਮੋਟਰ ਵੀ ਇਹ ਅਧਿਕਾਰੀ ਕੱਢ ਕੇ ਲੈ ਗਏ ਹਨ। ਇਹ ਟਿਊਬਵੈੱਲ ਦਾ ਕੁਨੈਕਸ਼ਨ ਹੀ ਸਾਬਤ ਕਰਦਾ ਹੈ ਕਿ ਇਹ ਕਿਸਾਨ ਇਸ ਜ਼ਮੀਨ 'ਤੇ ਕਾਬਜ਼ ਸਨ ਅਤੇ ਖੇਤੀ ਕਰ ਰਹੇ ਸਨ।ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਫਸਲ ਵਾਹੁਣ ਵਾਲਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਕਿਸਾਨ ਆਗੂਆਂ ਮਹਿਲ ਸਿੰਘ, ਪ੍ਰਤਾਪ ਸਿੰਘ ਛਾਪਾ, ਰਾਮ ਸਿੰਘ, ਗੁਰਜੀਤ ਸਿੰਘ, ਪਾਲ ਸਿੰਘ ਕਿਲਾ ਜੀਵਨ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ ਵਡਾਲਾ ਜੌਹਲ, ਕਰਨੈਲ ਸਿੰਘ ਨਵਾਂ ਪਿੰਡ, ਗੁਰਪ੍ਰੀਤ ਸਿੰਘ ਨਬੀਪੁਰ ਅਤੇ ਮੰਗਲ ਸਿੰਘ ਖਜਾਲਾ ਨੇ ਮੌਕੇ ਦਾ ਜਾਇਜ਼ਾ ਵੀ ਲਿਆ।



Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

## ਵਿਗਿਆਨਕ ਚੇਤਨਾ ਲਈ ਲੋਕਾਂ ਨੂੰ ਤਰਕਸ਼ੀਲ ਮੈਗਜ਼ੀਨ ਅਤੇ ਸਾਹਿਤ ਪੜ੍ਹਨ ਦੀ ਲੋੜ : ਤਰਕਸ਼ੀਲ ਸੁਸਾਇਟੀ

***ਜੇਲੀਂ ਡੱਕੇ ਵਿਦਿਆਰਥੀਆਂ, ਸਮਾਜਿਕ ਕਾਰਕੁਨਾਂ ਅਤੇ ਬੁੱਧੀਜੀਵੀਆਂ ਦੀ ਬਿਨਾਂ ਸ਼ਰਤ ਰਿਹਾਈ ਕਰਨ ਦੀ ਮੰਗ**



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਦੀ ਮੀਟਿੰਗ ਤਰਕਸ਼ੀਲ ਆਗੂ ਦਮਨਜੀਤ ਕੌਰ ਦੀ ਪ੍ਰਧਾਨਗੀ ਹੇਠ ਕਾ. ਫੌਜਾ ਸਿੰਘ ਭੁੱਲਰ ਹਾਲ ਵਿਖੇ ਹੋਈ ਜਿਸ ਵਿੱਚ ਵਿਗਿਆਨਕ ਚੇਤਨਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਵਧਾਉਣ ਅਤੇ ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ ਵੱਲੋਂ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਵਿੱਚ ਗੁੰਮਰਾਹ ਕਰਕੇ ਲੁੱਟਣ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦਾ 2026 ਦਾ ਕੈਲੰਡਰ ਅਤੇ ਤਰਕਸ਼ੀਲ ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ।ਇਸ ਮੌਕੇ ਇਕਾਈ ਆਗੂਆਂ ਦਮਨਜੀਤ ਕੌਰ, ਜਸਪਾਲ ਬਾਸਰਕੇ ਅਤੇ ਸੂਬਾਈ ਆਗੂ ਸੁਮੀਤ ਅੰਮ੍ਰਿਤਸਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਵਿੱਚ ਸਮੂਹ ਵਰਗਾਂ ਅਤੇ ਖਾਸ ਕਰਕੇ ਮਿਹਨਤਕਸ਼ ਵਰਗ ਦੇ ਵੱਡੀ ਗਿਣਤੀ ਲੋਕਾਂ, ਔਰਤਾਂ, ਪੱਛੜੇ ਵਰਗਾਂ ਵਿੱਚ ਵਿਗਿਆਨਕ ਸੋਚ, ਸਵੈ ਵਿਸ਼ਵਾਸ ਅਤੇ ਆਪਣੇ ਹੱਕਾਂ ਲਈ ਸੰਘਰਸ਼ ਦੀ ਭਾਵਨਾ ਵਿਕਸਤ ਕਰਨ ਲਈ ਉਨ੍ਹਾਂ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਦੇ ਮਾਸਿਕ ਤਰਕਸ਼ੀਲ ਮੈਗਜ਼ੀਨ ਅਤੇ ਤਰਕਸ਼ੀਲ ਸਾਹਿਤ ਨਾਲ ਜੁੜਨਾ ਬੇਹੱਦ ਜ਼ਰੂਰੀ ਹੈ ਤਾਂ ਕਿ ਉਹ ਆਪਣੀ ਮਿਹਨਤ ਦੀ ਕਮਾਈ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਦੇ ਨਾਲ ਨਾਲ ਪਾਖੰਡੀ ਬਾਬਿਆਂ, ਸਾਧਾਂ, ਸੰਤਾਂ, ਡੇਰਿਆਂ, ਜੋਤਸ਼ੀਆਂ ਅਤੇ ਪੁੱਛਾਂ ਦੇਣ ਵਾਲਿਆਂ ਦੇ ਝਾਂਸੇ ਵਿੱਚ ਫਸਣ ਤੋਂ ਬਚ ਸਕਣ।ਉਨ੍ਹਾਂ ਨੇ ਹਰ ਵਰਗ ਦੇ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਣਨ ਲਈ ਮੋਬਾਈਲ ਨੰਬਰਾਂ 9501024827 ਅਤੇ 9814950549 ਉਤੇ ਸੰਪਰਕ ਕਰ ਸਕਦੇ ਹਨ।ਇਸ ਮੌਕੇ ਇਕਾਈ ਆਗੂਆਂ ਪ੍ਰਿੰ. ਮੇਲਾ ਰਾਮ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਪਿਛਲੇ ਡੇਢ ਦਹਾਕੇ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਅਤੇ ਵਿਧਾਇਕਾਂ ਨੂੰ ਇਸ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਦੇਣ ਦੇ ਬਾਵਜੂਦ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਨਹੀਂ ਕੀਤਾ ਗਿਆ ਜਦਕਿ ਹਰ ਸ਼ਹਿਰ ਤੇ ਕਸਬੇ ਵਿੱਚ ਪੁੱਛਾਂ ਦੇਣ ਵਾਲੇ ਪਾਖੰਡੀਆਂ ਵੱਲੋਂ ਸ਼ਰੇਆਮ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ ਪਰ ਜ਼ਿਲਾ ਪੁਲਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਇਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।ਇਸ ਮੌਕੇ ਸੁਪਰੀਮ ਕੋਰਟ ਵੱਲੋਂ ਕਥਿਤ ਹਕੂਮਤੀ ਦਬਾਅ ਹੇਠ ਪਿਛਲੇ ਸਾਢੇ ਪੰਜ ਸਾਲਾਂ ਤੋਂ ਯੂਏਪੀਏ ਦੇ ਕਾਲੇ ਕਾਨੂੰਨ ਤਹਿਤ ਜੇਲੀਂ ਡੱਕੇ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਦੀ ਜ਼ਮਾਨਤ ਰੱਦ ਕਰਨ, ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ, ਸੋਸ਼ਲ ਮੀਡੀਆ ਕਾਰਕੁਨਾਂ ਉਤੇ ਝੂਠੇ ਕੇਸ ਦਰਜ ਕਰਨ ਅਤੇ ਭੀਮਾ ਕੋਰੇਗਾਂਵ ਹਿੰਸਾ ਕੇਸ ਵਿੱਚ ਪਿਛਲੇ ਸੱਤ ਸਾਲਾਂ ਤੋਂ ਨਜ਼ਰਬੰਦ ਬੁੱਧੀਜੀਵੀਆਂ ਨੂੰ ਰਿਹਾਅ ਨਾ ਕਰਨ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਝੂਠੇ ਕੇਸ ਰੱਦ ਕਰਨ ਅਤੇ ਬਿਨਾਂ ਸ਼ਰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।ਇਸ ਮੌਕੇ ਉਪਰੋਕਤ ਮੁੱਦਿਆਂ ਉਤੇ ਤਰਕਸ਼ੀਲ ਆਗੂ ਮਾਸਟਰ ਕੁਲਜਿੰਦਰ ਸਿੰਘ, ਰਾਮ ਕੁਮਾਰ ਵੇਰਕਾ, ਰਮੇਸ਼ ਜੈਨ, ਪਰਮਜੀਤ ਸਿੰਘ, ਅਨਮੋਲ ਸਿੰਘ, ਹਰੀ ਕ੍ਰਿਸ਼ਨ, ਸੁਰੇਸ਼ ਪਠਾਣੀਆ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।

## ਬਿਜਲੀ ਸੋਧ ਬਿੱਲ-2025 ਸਣੇ ਮਜ਼ਦੂਰ ਵਿਰੋਧੀ ਚਾਰ ਕਾਨੂੰਨਾਂ ਖਿਲਾਫ ਡੀਸੀ ਦਫ਼ਤਰ ਧਰਨਾ 16 ਨੂੰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸੰਯੁਕਤ ਕਿਸਾਨ ਮੋਰਚਾ ਅੰਮ੍ਰਿਤਸਰ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨਾਂ, ਖੇਤ ਮਜ਼ਦੂਰ ਜਥੇਬੰਦੀਆਂ ਅਤੇ ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੀ



ਸਾਂਝੀ ਮੀਟਿੰਗ ਕੁਲਵਿੰਦਰ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ-2025 ਨੂੰ ਵਾਪਿਸ ਕਰਵਾਉਣ ਅਤੇ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡਾਂ ਨੂੰ ਰੱਦ ਕਰਵਾਉਣ ਲਈ ਤੇ ਮਨਰੇਗਾ ਦੇ ਮੁੱਢਲੇ ਸਵਰੂਪ ਨੂੰ ਬਹਾਲ ਕਰਵਾਉਣ ਲਈ 16 ਜਨਵਰੀ ਨੂੰ ਜ਼ਿਲ੍ਹਾ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਸਤਨਾਮ ਸਿੰਘ ਅਜਨਾਲਾ, ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਬਿਜਲੀ ਬਿੱਲ ਲਾਗੂ ਹੋਣ ਨਾਲ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਇਸੇ ਤਰ੍ਹਾਂ ਬੀਜ ਬਿੱਲ ਪਾਸ ਹੋਣ ਨਾਲ ਖੇਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ ਅਤੇ ਬੀਜ ਦੇ ਸਮੁੱਚੇ ਅਧਿਕਾਰ ਬਹੁ ਕੌਮੀ ਕਾਰਪੋਰੇਸ਼ਨਾਂ ਕੋਲ ਚਲੇ ਜਾਣਗੇ। ਮੀਟਿੰਗ ਅੰਦਰ ਹਾਜ਼ਰ ਆਗੂਆਂ ਨੇ ਕੇਂਦਰ ਦੀ ਬੀਜੇਪੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਜੋ ਨਵਾਂ ਕਾਨੂੰਨ ਲਿਆਂਦਾ ਗਿਆ ਹੈ ਉਸ ਨਾਲ ਦਿਹਾਤੀ ਇਲਾਕਿਆਂ ਵਿੱਚ ਮਿਲਦੇ ਰੁਜ਼ਗਾਰ ਦਾ ਭੋਗ ਪੈ ਜਾਵੇਗਾ।ਮੀਟਿੰਗ ਅੰਦਰ ਹਾਜ਼ਰ ਟਰੇਡ ਯੂਨੀਅਨ ਦੇ ਆਗੂਆਂ ਨਰਿੰਦਰ ਬੱਲ, ਗੁਰਪ੍ਰੀਤ ਸਿੰਘ ਜੱਸਲ ਨੇ ਨਵੇਂ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡਾਂ ਨੂੰ ਵਾਪਿਸ ਲੈਣ ਦੀ ਮੰਗ ਕੀਤੀ।ਉਨ੍ਹਾਂ ਨੇ ਕਿਹਾ ਕਿ ਬਿਜਲੀ ਬਿੱਲਾਂ ਤੇ ਲੱਗਦਾ ਸਰਚਾਰਜ ਬੰਦ ਕੀਤਾ ਜਾਵੇ।ਮੀਟਿੰਗ ਅੰਦਰ ਮਤਾ ਪਾਸ ਕਰਕੇ ਪੁਰਜ਼ੋਰ ਮੰਗ ਕੀਤੀ ਕਿ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੇ ਟਰੱਸਟ ਵੱਲੋਂ 70 ਸਾਲ ਤੋਂ ਕਾਬਜ਼ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰਨ ਦੀ ਨਿਖੇਧੀ ਕੀਤੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਕੋਲ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ।ਮੀਟਿੰਗ ਵਿੱਚ ਕਿਸਾਨ ਆਗੂ ਰਤਨ ਸਿੰਘ ਰੰਧਾਵਾ, ਸਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰ ਸਿੰਘ ਛੀਨਾ, ਬਲਦੇਵ ਸਿੰਘ ਵੇਰਕਾ, ਹਰਜੀਤ ਸਿੰਘ ਝੀਤਾ, ਵਿਜੇ ਕਪੂਰ ਛੇਹਰਟਾ, ਖੇਤ ਮਜ਼ਦੂਰ ਆਗੂ ਮੰਗਲ ਸਿੰਘ ਖਜਾਲਾ, ਬਿਜਲੀ ਮੁਲਾਜ਼ਮ ਆਗੂ ਮਨਜੀਤ ਸਿੰਘ ਬਾਸਰਕੇ ਅਤੇ ਅਮਨਬੀਰ ਸਿੰਘ ਆਦਿ ਹਾਜ਼ਰ ਸਨ।

## 'ਜੀ ਰਾਮ ਜੀ' ਪੂਰੀ ਤਰ੍ਹਾਂ ਮਜ਼ਦੂਰਾਂ ਦੇ ਹਿੱਤ 'ਚ, ਕਾਂਗਰਸ ਤਾਂ ਮਜ਼ਦੂਰਾਂ ਵਿੱਚ ਭਰਮ ਫੈਲਾ ਰਹੀ ਹੈ : ਤੀਕਸ਼ਣ ਸੂਦ

**ਬਟਾਲਾ, (ਤਰਲੋਕ ਬੱਗਾ)**- ਭਾਰਤੀ ਜਨਤਾ ਪਾਰਟੀ ਵੱਲੋਂ ਬਟਾਲਾ ਦਫ਼ਤਰ ਵਿਖੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਅਗਵਾਈ ਹੇਠ ਇਕ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਾਬਕਾ ਮੰਤਰੀ ਤੀਕਸ਼ਣ ਸੂਦ ਨੇ ਸ਼ਿਰਕਤ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਸਕੀਮ ਵਿਚਲੀਆਂ ਕਮੀਆਂ ਦੂਰ ਕਰਦੇ ਹੋਏ ਨਵੇਂ ਰੂਪ ਵਿਚ ਮਨਰੇਗਾ ਸਕੀਮ 'ਜੀ ਰਾਮ ਜੀ' ਸ਼ੁਰੂ ਕੀਤੀ ਹੈ ਜੋ ਪੂਰੀ ਤਰ੍ਹਾਂ ਮਨਰੇਗਾ ਅਧੀਨ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹਿੱਤ ਵਿਚ ਹੈ। ਪਹਿਲਾਂ ਮਨਰੇਗਾ ਮਜ਼ਦੂਰਾਂ ਨੂੰ 100 ਦਿਨ ਦਾ ਰੁਜ਼ਗਾਰ ਮਿਲਦਾ ਸੀ ਲੇਕਿਨ ਹੁਣ ਇਹ ਵਧਾ ਕੇ 125 ਦਿਨ ਕਰ ਦਿੱਤਾ ਗਿਆ ਹੈ ਜੋ ਸਿੱਧੇ ਰੂਪ ਵਿਚ ਮਨਰੇਗਾ ਮਜ਼ਦੂਰਾਂ ਨੂੰ ਲਾਭ ਦੇਵੇਗਾ।ਕਾਂਗਰਸ ਸਰਕਾਰ ਦੇ ਰਾਜ ਵਿਚ ਮਨਰੇਗਾ ਸਕੀਮ ਅਧੀਨ ਵੱਡੇ ਘਪਲੇ ਹੋਏ ਅਤੇ ਕਈ ਜਗ੍ਹਾ ਤੋਂ ਇਹ ਵੀ ਸਾਹਮਣੇ ਆਉਂਦਾ ਸੀ ਕਿ ਮਨਰੇਗਾ ਮਜ਼ਦੂਰ ਕੰਮ ਤਾਂ ਕਰਦੇ ਸਨ ਪਰ ਉਨ੍ਹਾਂ ਨੂੰ ਮਜ਼ਦੂਰੀ ਨਹੀਂ ਮਿਲਦੀ ਸੀ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਧਾਂਦਲੀਆਂ ਹੁੰਦੀਆਂ ਸਨ ਜਿਸ ਨੂੰ ਰੋਕਣ ਲਈ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਜ਼ਦੂਰਾਂ ਦੇ ਹਿੱਤ ਵਿਚ ਇਹ ਫੈਸਲਾ ਲਿਆ ਗਿਆ ਲੇਕਿਨ ਕਾਂਗਰਸ ਪਾਰਟੀ ਕੋਲ ਗਰੀਬ ਮਜ਼ਦੂਰਾਂ ਦੇ ਹਿੱਤ ਵਿਚ ਲਿਆ ਗਿਆ ਫੈਸਲਾ ਹਜ਼ਮ ਨਹੀਂ ਹੋ ਰਿਹਾ ਅਤੇ ਉਹ ਝੂਠ ਫੈਲਾ ਕੇ ਸੜਕਾਂ 'ਤੇ ਉਤਰ ਰਹੀ ਹੈ।ਲੇਕਿਨ ਇਹ ਮੋਦੀ ਸਰਕਾਰ ਹੈ, ਜੋ ਗਰੀਬ ਅਤੇ ਗਰੀਬਾਂ ਦੀ ਬੇਹਤਰੀ ਲਈ ਕੰਮ ਕਰ ਰਹੀ ਹੈ ਜੋ ਕਾਂਗਰਸ ਨੂੰ ਹਜ਼ਮ ਨਹੀਂ।ਤੀਕਸ਼ਣ ਸੂਦ ਨੇ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਮੁੱਦਾਹੀਣ ਹੋ ਚੁੱਕੀ ਹੈ ਜਿਸ ਕੋਲ ਝੂਠ ਫੈਲਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ ਪਰ ਲੋਕ ਕਾਂਗਰਸ ਦੇ ਝੂਠ ਵਿਚ ਨਹੀਂ ਆਉਣਗੇ।ਇਸ ਮੌਕੇ ਹੀਰਾ



ਵਾਲਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਮਜ਼ਦੂਰ ਵਰਗ ਦੀ ਬੇਹਤਰੀ ਲਈ ਇਸ ਸਕੀਮ ਵਿਚ ਬਦਲਾਅ ਕੀਤਾ ਹੈ ਕਿਉਂਕਿ ਕਾਂਗਰਸ ਦੀ ਸਰਕਾਰ ਸਮੇਂ ਮਨਰੇਗਾ ਸਕੀਮ ਵਿਚ ਵੱਡੇ ਘਪਲੇ ਹੋਏ ਹੁਣ ਕਾਂਗਰਸ ਦੇ ਲੀਡਰ ਆਪਣੀ ਜ਼ਮੀਨ ਖਿਸਕਦੀ ਦੇਖ ਕਾਵਾਂ ਰੌਲੀ ਪਾ ਰਹੇ ਹਨ ਲੇਕਿਨ ਦੇਸ਼ ਦੀ ਜਨਤਾ ਅਤੇ ਲੋਕਾਂ ਦਾ ਸਾਥ ਪ੍ਰਧਾਨ ਮੰਤਰੀ ਦੇ ਨਾਲ ਹੈ ਅਤੇ ਭਾਜਪਾ ਸਰਕਾਰ ਦਾ ਹਰ ਫੈਸਲਾ ਹੀ ਲੋਕ ਹਿਤੈਸ਼ੀ ਹੁੰਦਾ ਹੈ।ਇਸ ਮੌਕੇ ਜਨਰਲ ਸੈਕਟਰੀ ਰੋਸ਼ਨ ਲਾਲ, ਐੱਮਐੱਲਏ ਬਲਵਿੰਦਰ ਸਿੰਘ ਲਾਡੀ, ਸ਼ਕਤੀ ਸ਼ਰਮਾ, ਭੂਸ਼ਣ ਬਜਾਜ, ਪੰਕਜ ਸ਼ਰਮਾ, ਗੁਰਿੰਦਰ ਸਿੰਘ ਟੀਟੂ, ਕੁਸ਼ਲ ਮਲਹੋਤਰਾ, ਪ੍ਰਧਾਨ ਬਲਵਿੰਦਰ ਮਹਿਤਾ, ਹਰਪ੍ਰੀਤ ਸਿੰਘ ਬੇਦੀ, ਸੁਖਵਿੰਦਰ ਸਿੰਘ ਛਿੰਦਾ, ਸੰਦੀਪ ਆਜ਼ਾਦ, ਹਰਦੀਪ ਸਿੰਘ, ਸਿਵਲ ਲਾਈਨ ਮੰਡਲ ਪ੍ਰਧਾਨ ਦੀਪਕ ਜੋਸ਼ੀ, ਅੰਮ੍ਰਿਤ ਪਾਲ ਸਿੰਘ ਮਠਾਰੂ, ਸ਼੍ਰੀਕਾਂਤ ਸ਼ਰਮਾ, ਪਲਵਿੰਦਰ ਸਿੰਘ ਚੀਮਾ, ਜਗਦੀਪ ਸਿੰਘ ਜੱਗੀ, ਅਮਿਤਪਾਲ ਸਿੰਘ, ਜਸਪਾਲ ਸਿੰਘ, ਜਤਿੰਦਰ ਕੁਮਾਰ, ਗਣੇਸ਼ ਕੁਮਾਰ, ਵਿਜੇ ਕੁਮਾਰ, ਸੁਰਿੰਦਰ ਕੁਮਾਰ, ਅਨੀਤਾ ਰਾਣੀ, ਰੇਖਾ ਡਵਾਲ, ਵਰੁਣ ਡਡਵਾਲ, ਰਕੇਸ਼ ਕੁਮਾਰ ਚੱਠਾ, ਬਾਲ ਕਿਸ਼ਨ, ਸਚਿਨ ਵਰਮਾ, ਰਮੇਸ਼ ਕੁਮਾਰ, ਅਭਿਨਵ ਖੋਖਰ ਅਤੇ ਪਰਗਟ ਸਿੰਘ ਆਦਿ ਹਾਜ਼ਰ ਸਨ।

## 'ਕੇਂਦਰ ਸਰਕਾਰ ਨੇ ਚਾਰ ਲੇਬਰ ਕੋਡ ਲਾਗੂ ਕਰਕੇ ਧੱਕਾ ਕੀਤੈ'

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ (ਸੀਟੂ) ਜ਼ਿਲ੍ਹਾ ਇਕਾਈ ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਕੌਰ ਦੀ ਪ੍ਰਧਾਨਗੀ ਹੇਠ ਸੀਟੂ ਦਫ਼ਤਰ ਵਿਚ ਹੋਈ। ਇਸ ਮੌਕੇ ਸੂਬਾਈ ਜਨਰਲ ਸਕੱਤਰ ਸੁਮਨ ਰਾਣੀ ਤੇ ਸੂਬਾਈ ਮੀਤ ਪ੍ਰਧਾਨ



ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਾਰ ਲੇਬਰ ਕੋਡ ਲਾਗੂ ਕਰਕੇ ਵਰਕਰਾਂ ਨਾਲ ਧੱਕਾ ਕੀਤਾ ਗਿਆ ਹੈ। ਪਹਿਲਾਂ ਵੀ ਲੇਬਰ ਕਾਨੂੰਨ ਮਿਡ ਡੇ ਮੀਲ ਵਰਕਰਾਂ 'ਤੇ ਲਾਗੂ ਨਹੀਂ ਹੁੰਦਾ ਸੀ, ਹੁਣ ਕਾਨੂੰਨ ਹੀ ਖ਼ਤਮ ਕਰ ਦਿੱਤਾ ਹੈ। ਉਹ 26000 ਰੁਪਏ ਪ੍ਰਤੀ ਮਹੀਨਾ ਘੱਟੋ-ਘੱਟ ਤਨਖਾਹ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਖ਼ਤਮ ਕਰਕੇ ਵਿਕਸਿਤ ਭਾਰਤ ਜੀ ਰਾਮ ਜੀ ਸਕੀਮ ਲਾਗੂ ਕਰਕੇ ਗਰੀਬ ਪੇਂਡੂ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਹਨ। ਇਸੇ ਤਰ੍ਹਾਂ ਬਿਜਲੀ ਜਿਹੜੀ ਮੁਫ਼ਤ ਮਿਲਦੀ ਸੀ, ਉਹ ਵੀ ਬਿਜਲੀ ਬਿੱਲ 2025 ਲਿਆ ਕੇ ਨਿੱਜੀ ਹੱਥਾਂ ਵਿਚ ਦੇ ਦਿੱਤੀ ਹੈ। ਇਸ ਤਰ੍ਹਾਂ ਬਿਜਲੀ ਵੀ ਮੁਫ਼ਤ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਸਕੂਲ ਮੁਖੀਆਂ ਵੱਲੋਂ ਲਗਾਤਾਰ ਮਿੱਡ-ਡੇ-ਮੀਲ ਵਰਕਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ, ਉਨ੍ਹਾਂ ਤੋਂ ਕੁਕਿੰਗ ਤੋਂ ਬਿਨਾਂ ਸਕੂਲਾਂ ਦੀ ਸਫ਼ਾਈ ਤੇ ਸਟਾਫ ਦੀ ਚਾਹ-ਪਾਣੀ ਆਦਿ ਕੰਮ ਲਿਆ ਜਾ ਰਿਹਾ ਹੈ। ਸਰਕਾਰੀ ਹਾਈ ਸਕੂਲ ਜਾਫਰਕੋਟ (ਅਜਨਾਲਾ) ਦੀ ਸ਼ਿਕਾਇਤ ਪਿਛਲੇ ਸਾਲ ਕੀਤੀ ਗਈ ਸੀ ਪਰ ਅਜੇ ਤਕ ਪੜਤਾਲੀਆ ਅਫਸਰ ਨੇ ਰਿਪੋਰਟ ਨਹੀਂ ਦਿੱਤੀ। ਰਿਪੋਰਟ ਮੰਗਵਾਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਕਈ ਵਾਰ ਡੈਪੂਟੇਸ਼ਨ ਮਿਲ ਚੁੱਕਿਆ ਹੈ ਪਰ ਰਿਪੋਰਟ ਨਹੀਂ ਆਈ। ਮੀਟਿੰਗ ਵਿਚ ਫ਼ੈਸਲਾ ਲਿਆ ਗਿਆ ਹੈ ਕਿ 20 ਜਨਵਰੀ ਤਕ ਇਸ ਸਬੰਧੀ ਕੋਈ ਕਾਰਵਾਈ ਨਾ ਹੋਣ 'ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਵਿਰੁੱਧ ਰੋਸ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿਚ ਚਰਨਜੀਤ ਮਜੀਠਾ ਜ਼ਿਲ੍ਹਾ ਮੀਤ ਪ੍ਰਧਾਨ ਸੀਟੂ, ਕਿਰਪਾ ਰਾਮ, ਸੰਦੀਪ, ਸ਼ੀਲਾ, ਗੁਰਮੀਤ ਕੌਰ, ਸਿਮਰਨਜੀਤ, ਜਸਬੀਰ ਕੌਰ, ਮਨਜੀਤ ਕੌਰ, ਅੰਜੂ, ਨਰਿੰਦਰ ਕੌਰ, ਰਾਜ, ਬਲਜੀਤ ਕੌਰ ਆਦਿ ਵੀ ਹਾਜ਼ਰ ਸਨ।

## ਆਤਿਸ਼ੀ ਵੱਲੋਂ ਸਿੱਖ ਗੁਰੂਆਂ ਵਿਰੁੱਧ ਕੀਤੀ ਟਿੱਪਣੀ ਅਤਿ ਨਿੰਦਣਯੋਗ : ਕੱਕੜ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਲੀ ਵਿਧਾਨ ਸਭਾ ਵਿੱਚ ਸਿੱਖ ਗੁਰੂਆਂ ਬਾਰੇ ਕੀਤੀ ਟਿੱਪਣੀ ਦੀ ਕਰੜੀ ਨਿੰਦਾ ਕਰਦਿਆਂ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਾਬਕਾ ਮੁੱਖ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਕੀਤੀ ਗਈ ਸਿੱਖ ਗੁਰੂਆਂ ਵਿਰੁੱਧ ਟਿੱਪਣੀ ਆਪ ਦੀ ਸਿੱਖ ਵਿਰੋਧੀ ਸੋਚ ਨੂੰ ਦਰਸਾਉਂਦੀ ਹੈ।ਉਨ੍ਹਾਂ ਕਿਹਾ ਕਿ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਵਿਰੁੱਧ ਕੀਤੀ ਇਤਰਾਜ਼ਯੋਗ ਟਿੱਪਣੀ 'ਤੇ ਪੰਜਾਬ ਦੇ ਮੁੱਖ ਮੰਤਰੀ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਚੁੱਪ ਰਹਿਣਾ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਦੀ ਸੋਚ ਪੂਰੀ ਤਰ੍ਹਾਂ ਸਿੱਖ ਵਿਰੋਧੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਗੈਰਤਮੰਦ ਜਨਤਾ ਸਿੱਖ ਗੁਰੂਆਂ ਵਿਰੋਧੀ ਸੋਚ ਰੱਖਣ ਵਾਲੀ ਆਮ ਆਦਮੀ ਪਾਰਟੀ ਨੂੰ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਕਦੇ ਰਹਿਣ ਨਹੀਂ ਦੇਵੇਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਆਪ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਪੰਜਾਬ ਤੋਂ ਬਾਹਰ ਦਾ ਰਸਤਾ ਵਿਖਾਉਣਗੇ। ਸ਼੍ਰੀ ਕੱਕੜ ਨੇ ਮੰਗ ਕੀਤੀ ਕਿ ਆਤਿਸ਼ੀ ਵਿਰੁੱਧ ਸਿੱਖ ਗੁਰੂ ਸਾਹਿਬਾਨ ਵਿਰੁੱਧ ਕੀਤੀ ਟਿੱਪਣੀ ਲਈ ਸਖ਼ਤ ਕਾਰਵਾਈ ਕੀਤੀ ਜਾਵੇ।

## ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਭਾਤ ਫੇਰੀਆਂ ਸ਼ੁਰੂ

**ਨਗਰ ਕੀਰਤਨ 29 ਜਨਵਰੀ ਅਤੇ ਪ੍ਰਕਾਸ਼ ਪੁਰਬ ਸਮਾਗਮ ਇਕ ਫ਼ਰਵਰੀ ਨੂੰ : ਬਲਕਾਰ ਸਿੰਘ**

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ਼੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ (ਰਜਿ. 202) ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨਹਿਰ ਕਿਨਾਰੇ ਸਥਿਤ ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼



ਦਿਹਾੜਾ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ 6 ਜਨਵਰੀ ਤੋਂ ਪ੍ਰਭਾਤ ਫੇਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ ਦੇ ਪ੍ਰਧਾਨ ਗਿਆਨੀ ਮਾਸਟਰ ਪ੍ਰਕਾਸ਼ ਚੰਦ ਅਤੇ ਸੈਕਟਰੀ ਬਲਕਾਰ ਸਿੰਘ ਨੇ ਦੱਸਿਆ ਪ੍ਰਭਾਤ ਫੇਰੀਆਂ ਦੌਰਾਨ ਸਤਿਗੁਰੂ ਰਵਿਦਾਸ ਜੀ ਦੀ ਮਹਿਮਾ ਵਿੱਚ ਸ਼ਬਦ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ, ਪ੍ਰੇਮ ਭਾਵਨਾ ਨਾਲ ਰਹਿਣ ਅਤੇ ਕਰਮ ਕਾਂਡਾਂ ਤੇ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ। ਸਭਾ ਧਾਰੀਵਾਲ ਦੇ ਪ੍ਰਧਾਨ ਗਿਆਨੀ ਮਾਸਟਰ ਪ੍ਰਕਾਸ਼ ਚੰਦ ਅਤੇ ਸੈਕਟਰੀ ਬਲਕਾਰ ਸਿੰਘ ਨੇ ਦੱਸਿਆ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ 29 ਜਨਵਰੀ ਨੂੰ ਸ਼ਹਿਰ ਧਾਰੀਵਾਲ ਵਿੱਚ ਮਹਾਨ ਨਗਰ ਕੀਰਤਨ ਕੱਢਿਆ ਜਾਵੇਗਾ ਅਤੇ ਇਕ ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਜਥੇ ਅਤੇ ਕਥਾਵਾਚਕ ਭਾਈ ਜਸਵਿੰਦਰ ਸਿੰਘ ਸ਼ਹੂਰ ਸਮਾਗਮ ਦੌਰਾਨ ਹਾਜ਼ਰ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸਭਾ ਦੇ ਪ੍ਰਧਾਨ ਗਿਆਨੀ ਮਾਸਟਰ ਪ੍ਰਕਾਸ਼ ਚੰਦ, ਜਨਰਲ ਸੈਕਟਰੀ ਬਲਕਾਰ ਸਿੰਘ, ਪ੍ਰੈੱਸ ਸਕੱਤਰ ਹਰਭਜਨ ਸਿੰਘ, ਬਚਨ ਲਾਲ ਫੌਜੀ, ਕੈਸ਼ੀਅਰ ਰਮੇਸ਼ ਕੁਮਾਰ, ਮਦਨ ਸਿੰਘ, ਮੰਗਤ ਰਾਮ, ਰਾਕੇਸ਼ ਸੋਨੂੰ ਟੇਲਰ, ਸੁਰਿੰਦਰ ਪਾਲ, ਧਰਮ ਪਾਲ, ਭਾਈ ਚਮਨਲਾਲ ਸਿੰਘ ਐੱਸਡੀਓ, ਰੂਪ ਲਾਲ, ਬਲਕਾਰ ਸਿੰਘ ਮੂਲਿਆਂਵਾਲ, ਮੈਡਮ ਸੋਨੀਆ, ਗੁਰਮੀਤ ਕੌਰ ਸਮੇਤ ਸੰਗਤਾਂ ਹਾਜ਼ਰ ਸਨ।

## ਨਵੇਂ ਬਣੇ ਨਰੇਗਾ ਕਾਨੂੰਨ ਦੀਆਂ ਕਾਪੀਆਂ ਸਾੜੀਆਂ

**ਚੇਤਨਪੁਰਾ, ਚਵਿੰਡਾ ਦੇਵੀ (ਸੁਖਵੰਤ ਚੇਤਨਪੁਰੀ, ਖੁਸ਼ਹਾਲ ਸੁੰਦਰ)**- ਜੇਠੂਵਾਲ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਭਰਵੀਂ ਮੀਟਿੰਗ ਰਣਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਅਤੇ ਆਦਮੀਆਂ ਦਾ ਜਿਊਣਾ ਦੁਭਰ ਹੋ ਗਿਆ ਹੈ। ਪੰਜਾਬ ਦੀ ਆਮ ਆਦਮੀ ਸਰਕਾਰ ਨੇ ਪਹਿਲਾਂ ਹੀ ਛੇ ਮਹੀਨਿਆਂ ਤੋਂ ਕੰਮ ਬੰਦ ਕਰ ਰੱਖਿਆ ਹੈ। ਮਜ਼ਦੂਰਾਂ ਦੀ ਦਿਹਾੜੀ ਨਾ ਵਧਾਉਣਾ ਵੀ ਧੱਕਾ



ਕੀਤੀ ਗਈ। ਉਪਰੰਤ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਦਾ ਨਾਂਅ ਬਦਲ ਕੇ ਜੀ ਰਾਮ ਜੀ ਰੱਖਣ 'ਤੇ ਨਵੇਂ ਬਣਾਏ ਕਾਨੂੰਨ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਸਮੇਂ ਜ਼ਿਲ੍ਹਾ ਸੰਚਾਲਕ ਬਲਕਾਰ ਸਿੰਘ ਦੁਧਾਲਾ ਅਤੇ ਨਰੇਗਾ ਮਜ਼ਦੂਰ ਯੂਨੀਅਨ ਦੀ ਬ੍ਰਾਂਚ ਪ੍ਰਧਾਨ ਮੋਨਿਕਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਨਰੇਗਾ ਦਾ ਨਾਂਅ ਬਦਲਣ ਨਾਲ ਪਿੰਡਾਂ ਦੇ ਮਜ਼ਦੂਰ ਔਰਤਾਂ ਹੈ।ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਮਜ਼ਦੂਰਾਂ ਨੂੰ ਕਿਹਾ ਕਿ ਜੇਕਰ ਕਿਰਤੀ ਲੋਕਾਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਨੌਜਵਾਨਾਂ, ਔਰਤਾਂ ਅਤੇ ਮਰਦਾਂ ਨੇ ਇਕੱਠੇ ਹੋ ਕੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਦਾ ਮੂੰਹ ਤੋੜ ਜਵਾਬ ਨਾ ਦਿੱਤਾ ਤਾਂ ਆਮ ਲੋਕਾਂ ਵਾਸਤੇ ਸਰਕਾਰਾਂ ਮਾਰੂ ਫੈਸਲੇ ਕਰਨ ਤੋਂ ਬਾਜ਼ ਨਹੀਂ ਆ ਸਕਦੀਆਂ। ਉਨ੍ਹਾਂ ਕਿਹਾ ਕਿ ਇਸ ਵਾਸਤੇ ਇਨ੍ਹਾਂ ਸਰਕਾਰਾਂ ਨੂੰ ਰਾਜ ਗੱਦੀ ਤੋਂ ਪਾਸੇ ਕਰਕੇ ਆਪਣੇ ਹੱਕ ਦੀ ਸਰਕਾਰ ਨੂੰ ਦੇਸ਼ ਦੀ ਵਾਗਡੋਰ ਸੌਂਪਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਸਾਰੇ ਨਰੇਗਾ ਦੇ ਕਾਰਡ ਹੋਲਡਰਾਂ ਨੂੰ ਸੱਦਾ ਦਿੱਤਾ ਕਿ ਉਹ ਇੱਕ ਮੱਤ ਹੋ ਕੇ ਇਸ ਨਵੇਂ ਬਣਾਏ ਗਏ ਨਰੇਗਾ ਕਾਨੂੰਨ ਦਾ ਵਿਰੋਧ ਕਰਨ ਵਾਸਤੇ ਸੜਕਾਂ ਤੇ ਦਫਤਰਾਂ ਅੱਗੇ ਮੁਜ਼ਾਹਰੇ ਕਰਕੇ ਲੀਡਰਾਂ ਅਤੇ ਅਫਸਰਾਂ ਦੇ ਨਾਸੀਂ ਧੂੰਆਂ ਦੇਣ ਤੋਂ ਗੁਰੇਜ਼ ਨਾ ਕਰਨ ।ਇਸ ਮੌਕੇ ਰਣਜੀਤ ਸਿੰਘ ਜੇਠੂਵਾਲ ਨੇ ਬੋਲਦਿਆਂ ਕਿਹਾ ਕਿ ਦੇਸ਼ ਦੀਆਂ ਸਰਕਾਰਾਂ ਆਮ ਕਿਰਤੀ ਲੋਕਾਂ ਦੀਆਂ ਵੋਟਾਂ ਲੈ ਕੇ ਕੁਰਸੀਆਂ 'ਤੇ ਬਿਰਾਜਮਾਨ ਹੁੰਦੀਆਂ ਹਨ। ਅਖੀਰ ਵਿੱਚ ਰਣਜੀਤ ਸਿੰਘ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਜਥੇਬੰਦੀ ਦੇ ਸੁਨੇਹੇ ਅਤੇ ਧਰਨੇ ਮੁਜ਼ਾਹਰੇ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਵਾਸਤੇ ਅਸੀਂ ਤਿਆਰ ਰਹਾਂਗੇ। ਇਸ ਮੌਕੇ ਲੱਖਾ ਸਿੰਘ, ਕਸ਼ਮੀਰ ਸਿੰਘਸ ਪਰਮਜੀਤ ਸਿੰਘ, ਚਰਨ ਸਿੰਘ, ਸੁਖਵੰਤ ਸਿੰਘ, ਭਜਨ ਕੌਰ, ਲਖਵਿੰਦਰ ਕੌਰ ਅਤੇ ਮਨਪ੍ਰੀਤ ਕੌਰ ਨੇ ਵੀ ਸੰਬੋਧਨ ਕੀਤਾ। ਅਖੀਰ ਵਿੱਚ ਬਣਾਏ ਗਏ ਨਵੇਂ ਨਰੇਗਾ ਕਾਨੂੰਨ ਦੀਆਂ ਕਾਪੀਆਂ ਸਾੜੀਆਂ ਗਈਆਂ।

## ਕਾਹਨੂੰਵਾਨ ਰੋਡ ਤੋਂ ਬੁੱਢਾ ਕੋਟ ਤੱਕ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ ਸ਼ੁਰੂ

**ਬਟਾਲਾ (ਡਾ. ਮਲਵਿੰਦਰ ਸਿੰਘ)**- ਬਟਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਕਾਹਨੂੰਵਾਨ



ਰੋਡ ਤੋਂ ਬੁੱਢਾ ਕੋਟ ਤੱਕ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ ਸ਼ੁਰੂ ਕਰਵਾਇਆ।ਇਸ ਮੌਕੇ ਗੱਲ ਕਰਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਵਿਕਾਸ ਕੰਮ ਜਾਰੀ ਹਨ, ਜਿਸ ਲਈ ਬਟਾਲਾ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ, ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਉਣ, ਡੇਰਿਆਂ ਦੇ ਰਸਤੇ ਪੱਕੇ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਨੂੰ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਪਿੰਡਾਂ ਵਿੱਚ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਪਿੰਡਾਂ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

## ਹੜ੍ਹ ਪ੍ਰਭਾਵਿਤ ਫਸਲਾਂ ਦਾ ਮੁਆਵਜ਼ਾ ਦੇਣ ਦੀ ਮੰਗ, ਨਵੇਂ ਨਰੇਗਾ ਕਾਨੂੰਨ ਦੀ ਨਿਖੇਧੀ



**ਗੁਰਦਾਸਪੁਰ, (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਮੀਟਿੰਗ ਜ਼ੋਨ ਪ੍ਰਧਾਨ ਦੇ ਗ੍ਰਹਿ ਵਿਖੇ ਕੀਤੀ ਗਈ ਜਿਸ ਦੀ ਪ੍ਰਧਾਨਗੀ ਜ਼ੋਨ ਦੇ ਪ੍ਰਧਾਨ ਨਿਰਮਲ ਸਿੰਘ ਆਦੀ ਨੇ ਕੀਤੀ। ਇਸ ਮੌਕੇ ਕਿਸਾਨਾਂ ਨੂੰ ਝੋਨੇ ਦੀ ਹੜ੍ਹ ਪ੍ਰਭਾਵਿਤ ਫਸਲਾਂ ਦਾ ਮੁਆਵਜ਼ਾ ਜਲਦੀ ਦਵਾਉਣ ਲਈ ਵਿਚਾਰ ਚਰਚਾ ਦੇ ਨਾਲ-ਨਾਲ ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਨੂੰ ਬਦਲ ਕੇ ਮਨਰੇਗਾ ਮਜ਼ਦੂਰਾਂ ਦਾ ਵੱਡਾ ਨੁਕਸਾਨ ਕਰਨ ਦੀ ਨਿਖੇਧੀ ਕੀਤੀ ਗਈ। ਇਸ ਦਾ ਪ੍ਰਚਾਰ ਪਿੰਡਾਂ ਵਿਚ ਮੀਟਿੰਗਾਂ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਮੈਂਬਰਸ਼ਿਪ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਫੰਡ ਇਕੱਤਰਤਾ ਕਰਨ ਲਈ ਕਿਹਾ ਗਿਆ। ਇਸ ਮੌਕੇ ਹਾਜ਼ਰ ਆਗੂ ਖਜਾਨਚੀ ਸਤਨਾਮ ਸਿੰਘ ਅੱਲੜ੍ਹ ਪਿੰਡੀ, ਰਣਬੀਰ ਸਿੰਘ ਡੁਗਰੀ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ੍ਹ ਪਿੰਡੀ, ਸਹਾਇਕ ਪ੍ਰੈੱਸ ਲਖਵਿੰਦਰ ਸਿੰਘ, ਮੀਤ ਪ੍ਰਧਾਨ ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਜੌੜਾ, ਸੁੱਚਾ ਸਿੰਘ ਬਲੱਗਣ, ਕਰਨੈਲ ਸਿੰਘ ਆਦੀ, ਨਰਿੰਦਰ ਸਿੰਘ ਆਲੀਨੰਗਲ, ਕਰਨੈਲ ਸਿੰਘ ਮੱਲ੍ਹੀ, ਜਪਕੀਰਤ ਹੁੰਦਲ, ਹਰਮੀਤ ਸਿੰਘ ਆਦਿ ਹਾਜ਼ਰ ਸਨ।

## ਮੌਸਮੀ ਬਦਲਾਅ ਦੇ ਬਾਵਜੂਦ ਸਕੂਲ ਛੁੱਟੀਆਂ ਦਾ ਪੁਰਾਣਾ ਕੈਲੰਡਰ ਲਾਗੂ ਰੱਖਣਾ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ : ਰਾਸਾ ਪੰਜਾਬ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਸਰਕਾਰ ਵੱਲੋਂ ਬੀਤੇ ਦਿਨੀਂ ਸਰਦੀਆਂ ਦੀਆਂ ਛੁੱਟੀਆਂ ਵਿੱਚ ਵਾਰ-ਵਾਰ ਕੀਤੇ ਜਾ ਰਹੇ ਵਾਧੇ ਅਤੇ ਉਧਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਫਰਵਰੀ ਦੇ ਪਹਿਲੇ ਹਫ਼ਤੇ ਪ੍ਰਯੋਗੀ ਪ੍ਰੀਖਿਆਵਾਂ ਅਤੇ 17 ਫਰਵਰੀ ਤੋਂ ਲਿਖਤੀ ਪ੍ਰੀਖਿਆਵਾਂ ਦੀ ਡੇਟ ਸ਼ੀਟ ਜਾਰੀ ਕਰਨ ਨੂੰ ਲੈ ਕੇ ਸਕੂਲ ਪ੍ਰਬੰਧਕਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ।ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਦੀ ਨਾਮਵਰ ਜਥੇਬੰਦੀ ਰਾਸਾ ਪੰਜਾਬ ਦੇ ਪ੍ਰਧਾਨ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਮੌਸਮੀ ਬਦਲਾਅ ਕਾਰਨ ਛੁੱਟੀਆਂ ਵਿੱਚ ਵਾਰ-ਵਾਰ ਵਾਧਾ ਕੀਤਾ ਜਾ ਰਿਹਾ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਕੂਲ ਛੁੱਟੀਆਂ ਦਾ ਪੁਰਾਣਾ ਅੰਗਰੇਜ਼ੀ ਕੈਲੰਡਰ ਅੱਜ ਵੀ ਉਸੇ ਤਰ੍ਹਾਂ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਾਲ 2023 ਵਿੱਚ ਜੁਲਾਈ ਮਹੀਨੇ ਦੀਆਂ ਬਰਸਾਤਾਂ ਕਰਕੇ 16 ਜੁਲਾਈ ਤੱਕ ਸਕੂਲ ਬੰਦ ਰਹੇ। ਸਾਲ 2024 ਵਿੱਚ ਵੀ ਮੌਸਮੀ ਵਿਗਾੜ ਕਾਰਨ ਸਰਕਾਰ ਨੇ ਤਿੰਨ ਵਾਰ ਸਕੂਲ ਬੰਦ ਕੀਤੇ।ਜਨਵਰੀ 2024 ਵਿੱਚ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ 21 ਦਿਨਾਂ ਦਾ ਵਾਧਾ ਕੀਤਾ ਗਿਆ ਅਤੇ ਮਈ 2024 ਵਿੱਚ ਵੀ ਭਿਆਨਕ ਗਰਮੀ ਕਾਰਨ 21 ਮਈ ਤੋਂ 31 ਮਈ ਤੱਕ ਸਕੂਲ ਬੰਦ ਰਹੇ।ਪਿਛਲੇ ਸਾਲ ਵੀ ਸਰਦੀਆਂ ਦੀਆਂ ਛੁੱਟੀਆਂ ਵਿੱਚ ਦੋ ਹਫ਼ਤੇ ਦਾ ਵਾਧਾ ਕੀਤਾ ਗਿਆ ਸੀ।ਸੰਧੂ ਨੇ ਕਿਹਾ ਕਿ ਇਹ ਸੋਚਣ ਵਾਲੀ ਗੱਲ ਹੈ ਕਿ ਜਦੋਂ ਮੌਸਮੀ ਹਾਲਾਤ ਬਦਲ ਰਹੇ ਹਨ ਤਾਂ ਕੀ ਛੁੱਟੀਆਂ ਦੇ ਕੈਲੰਡਰ ਵਿੱਚ ਬਦਲਾਅ ਕਰਨਾ ਲਾਜ਼ਮੀ ਨਹੀਂ? ਕੀ ਗਰਮੀਆਂ ਦੀਆਂ ਛੁੱਟੀਆਂ 1 ਜੂਨ ਤੋਂ ਅਤੇ ਸਰਦੀਆਂ ਦੀਆਂ ਛੁੱਟੀਆਂ 25 ਦਸੰਬਰ ਤੋਂ ਹੀ ਲਾਗੂ ਰਹਿਣੀਆਂ ਨੇ? ਉਨ੍ਹਾਂ ਕਿਹਾ ਕਿ ਵਧੀਆਂ ਛੁੱਟੀਆਂ ਦੌਰਾਨ ਬੋਰਡ ਕਲਾਸਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।ਘਰਾਂ ਵਿੱਚ ਬੈਠ ਕੇ ਬੱਚੇ ਨਾ ਤਾਂ ਨਿਯਮਤ ਪੜ੍ਹਾਈ ਕਰ ਰਹੇ ਹਨ ਅਤੇ ਨਾ ਹੀ ਉਨ੍ਹਾਂ ਦੀ ਕੋਈ ਮੋਨੀਟਰਿੰਗ ਹੋ ਰਹੀ ਹੈ, ਜੋ ਕਿ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਹੈ।ਰਾਸਾ ਪੰਜਾਬ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਮੌਸਮੀ ਬਦਲਾਅ ਨੂੰ ਧਿਆਨ ਵਿੱਚ ਰੱਖਦੇ ਹੋਏ



ਸਕੂਲ ਛੁੱਟੀਆਂ ਦਾ ਨਵਾਂ, ਹਕੀਕਤ-ਅਧਾਰਿਤ ਕੈਲੰਡਰ ਤਿਆਰ ਕੀਤਾ ਜਾਵੇ ਅਤੇ ਘੱਟੋ-ਘੱਟ ਬੋਰਡ ਕਲਾਸਾਂ ਦੇ ਬੱਚਿਆਂ ਦੀ ਪੜ੍ਹਾਈ ਨੂੰ ਤਰਜੀਹ ਦਿੱਤੀ ਜਾਵੇ। ਇਸ ਤੋਂ ਇਲਾਵਾ ਜਥੇਬੰਦੀ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮੰਗ ਕੀਤੀ ਗਈ ਹੈ ਕਿ ਪ੍ਰਯੋਗੀ ਪ੍ਰੀਖਿਆਵਾਂ ਦੀ ਮੌਜੂਦਾ ਡੇਟ ਸ਼ੀਟ ਰੱਦ ਕਰਕੇ ਇਹ ਪ੍ਰੀਖਿਆਵਾਂ ਲਿਖਤੀ ਪ੍ਰੀਖਿਆਵਾਂ ਤੋਂ ਬਾਅਦ ਕਰਵਾਈਆਂ ਜਾਣ।ਇਸ ਮੌਕੇ ਜਨਰਲ ਸਕੱਤਰ ਰਵਿੰਦਰ ਸ਼ਰਮਾ ਫਿਰੋਜ਼ਪੁਰ, ਰਜਨੀਸ਼ ਸ਼ਰਮਾ ਮੋਹਾਲੀ, ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਬਰਾੜ ਮੁਕਤਸਰ, ਸੁਖਮਿੰਦਰ ਸਿੰਘ ਗਿੱਲ ਮੋਗਾ, ਰਾਜੇਸ਼ ਥਾਪਰ ਫਰੀਦਕੋਟ, ਸ਼ਾਮ ਲਾਲ ਅਬੋਹਰ, ਤਸਵਿੰਦਰ ਸਿੰਘ ਮਾਨ, ਪ੍ਰੈੱਸ ਸਕੱਤਰ ਹਰਦੀਪ ਸਿੰਘ ਜਟਾਣਾਂ ਮਾਨਸਾ, ਸਵਰਾਜ ਕੁਮਾਰ ਜਲੰਧਰ, ਖਜਾਨਚੀ ਸੁਖਜਿੰਦਰ ਸਿੰਘ ਗਿੱਲ, ਆਲੋਕ ਮੁਖੀਜਾ ਨਾਭਾ ਅਤੇ ਸਰਪ੍ਰਸਤ ਪ੍ਰਿੰ. ਸੁਚੇਤ ਸਿੰਘ ਬੇਦੀ ਆਦਿ ਹਾਜ਼ਰ ਸਨ।

## ਪੰਜਾਬ 'ਚੋਂ ਨਸ਼ਿਆਂ ਨੂੰ ਖਤਮ ਕਰਕੇ ਹੀ ਦਮ ਲਵੇਗੀ 'ਆਪ' ਸਰਕਾਰ : ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤੇ ਗਏ ਦੂਜੇ ਪੜਾਅ ਤਹਿਤ ਨਸ਼ੇ ਦੇ ਕਾਰੋਬਾਰ ਨੂੰ ਪੰਜਾਬ ਅੰਦਰੋਂ ਪੂਰੀ ਤਰ੍ਹਾਂ ਖਤਮ ਕਰਨ ਲਈ ਹੋਰ ਸਖਤ ਕਦਮ ਚੁੱਕੇ ਜਾਣਗੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨਾਮੁਰਾਦ ਅਲਾਮਤ ਨੂੰ ਪੰਜਾਬ 'ਚੋਂ ਖਤਮ ਕਰਕੇ ਹੀ ਦਮ ਲਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਰਜੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਮਾਨਦਾਰ ਸੋਚ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਤਹੱਈਏ ਨਾਲ ਕਰੀਬ 10 ਮਹੀਨੇ ਪਹਿਲਾਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ ਨਤੀਜੇ ਪੰਜਾਬ ਦੇ ਲੋਕਾਂ ਸਾਹਮਣੇ ਹਨ।ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਨਸ਼ੇ ਪੰਜਾਬ ਦੀ ਹਰ ਗਲੀ ਅਤੇ ਮੁਹੱਲੇ ਅੰਦਰ ਸ਼ਰੇਆਮ ਵਿਕਦੇ ਸਨ ਅਤੇ ਪੰਜਾਬ ਨਸ਼ਿਆਂ ਵਿੱਚ ਜਕੜਿਆ ਹੋਇਆ ਸੀ ਪਰ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਦੌਰਾਨ ਜਿਸ ਢੰਗ ਨਾਲ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਲੜਾਈ ਲੜੀ ਹੈ ਅਜਿਹਾ ਪਹਿਲਾਂ ਕਦੇ ਵੀ ਨਹੀਂ ਹੋਇਆ।ਨਸ਼ਿਆਂ ਖਿਲਾਫ ਲੋਕ ਲਹਿਰ ਖੜੀ ਕਰਨ ਲਈ ਡੇਢ ਲੱਖ ਵਿਲੇਜ ਡਿਫੈਂਸ ਕਮੇਟੀਆਂ ਤਿਆਰ ਕੀਤੀਆਂ ਗਈਆਂ ਹਨ।ਨਸ਼ੇ ਦੇ ਕਾਰੋਬਾਰ ਵਿੱਚ ਲੱਗੇ 28000 ਲੋਕਾਂ ਦੇ ਖਿਲਾਫ ਮਾਮਲੇ ਦਰਜ ਕੀਤੇ ਗਏ ਅਤੇ 42000 ਨਸ਼ਾ ਤਸਕਰਾਂ ਨੂੰ ਜੇਲ੍ਹਾਂ ਅੰਦਰ ਡੱਕਿਆ ਗਿਆ ਹੈ।ਇੱਥੋਂ ਤੱਕ ਕਿ ਵੱਡੇ ਅਤੇ ਪ੍ਰਭਾਵਸ਼ਾਲੀ ਮਗਰਮੱਛਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਜੇਲ੍ਹਾਂ ਅੰਦਰ ਬੰਦ ਕੀਤਾ ਹੈ।ਹਲਕਾ ਇੰਚਾਰਜ ਨੇ ਕਿਹਾ ਕਿ ਇਸ ਲੜਾਈ ਨੂੰ ਖਤਮ ਕਰਨ ਲਈ ਸਮਾਂ ਜ਼ਰੂਰ ਲੱਗ ਰਿਹਾ ਹੈ ਪਰ ਲੋਕਾਂ ਦੇ ਸਹਿਯੋਗ ਨਾਲ ਇਸ ਜੰਗ ਨੂੰ ਜ਼ਰੂਰ ਜਿੱਤਿਆ ਜਾਵੇਗਾ।ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਨਹੀਂ ਹੋ ਜਾਂਦਾ।

## ਮਾਨ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰਿਕਾਰਡ ਕਾਇਮ ਕੀਤਾ : ਸੰਧੂ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਵਿਦਿਆਰਥੀਆਂ ਲਈ ਸਿੱਖਣ ਦੇ ਮਾਹੌਲ ਨੂੰ ਹੋਰ ਬਿਹਤਰ ਬਣਾਉਣ ਵੱਲ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ 852



ਸਰਕਾਰੀ ਸਕੂਲਾਂ ਵਿੱਚ ਨਵੀਨੀਕਰਨ ਕਾਰਜਾਂ ਵਾਸਤੇ 17.44 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਇਸ ਕਦਮ ਦਾ ਉਦੇਸ਼ ਅਕਾਦਮਿਕ ਵਿਕਾਸ ਲਈ ਵਿਦਿਆਰਥੀਆਂ ਨੂੰ ਉਸਾਰੂ ਅਤੇ ਢੁੱਕਵਾਂ ਮਾਹੌਲ ਉਪਲਬਧ ਕਰਵਾਉਣਾ ਹੈ।ਇਹ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਵਿਧਾਇਕ ਸ. ਹਰਮੀਤ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਰਾਜ ਭਰ ਵਿੱਚ ਫੰਡਾਂ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਜ ਸਰਕਾਰ ਵੱਲੋਂ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਵਿੱਦਿਅਕ ਮਿਆਰਾਂ ਦੇ ਅਨੁਕੂਲ ਬਣਾ ਕੇ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲ ਵਿੱਚ ਆਉਣ ਵਾਲਾ ਹਰ ਬੱਚਾ ਖੁਦ ਨੂੰ ਉਤਸ਼ਾਹਿਤ, ਮੁੱਲਵਾਨ ਅਤੇ ਚੰਗਾ ਸਿਖਿਆਰਥੀ ਮਹਿਸੂਸ ਕਰੇ।

## ਪ੍ਰਤਾਪ ਵਰਲਡ ਸਕੂਲ 'ਚ ਦੋ ਦਿਨਾ ਪੀਐੱਨਬੀ ਖੇਡ ਉਤਸਵ 2025-26 ਚੜ੍ਹਦੀ ਕਲਾ ਨਾਲ ਸਮਾਪਤ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਨੈਸ਼ਨਲ ਬੈਂਕ ਨੇ 10 ਤੋਂ 11 ਜਨਵਰੀ ਤੱਕ ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਵਿੱਚ ਦੋ ਦਿਨਾ ਪੀਐੱਨਬੀ ਖੇਡ ਉਤਸਵ 2025-26 ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਪਠਾਨਕੋਟ, ਗੁਰਦਾਸਪੁਰ ਅਤੇ ਬਟਾਲਾ ਖੇਤਰਾਂ ਦੀਆਂ ਸ਼ਾਖਾਵਾਂ ਤੋਂ ਆਏ 200 ਤੋਂ ਵੱਧ ਪੀਐੱਨਬੀ ਕਰਮਚਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਖੇਡ ਉਤਸਵ ਦੌਰਾਨ 100 ਮੀਟਰ ਦੌੜ, 1500 ਮੀਟਰ ਦੌੜ, ਗੋਲਾ ਸੁੱਟ (ਸ਼ਾਟ ਪੁੱਟ), ਬੈਡਮਿੰਟਨ, ਟੇਬਲ ਟੈਨਿਸ, ਕ੍ਰਿਕਟ, ਸ਼ਤਰੰਜ, ਕੈਰਮ ਅਤੇ ਲੰਬੀ ਛਾਲ ਵਰਗੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ।ਪੀਐੱਨਬੀ ਖੇਡ ਉਤਸਵ ਪੂਰੇ ਦੇਸ਼ ਵਿੱਚ ਪੰਜਾਬ ਨੈਸ਼ਨਲ ਬੈਂਕ ਦੇ ਐੱਮਡੀ ਅਤੇ ਸੀਈਓ ਅਸ਼ੋਕ ਚੰਦਰਾ ਦੇ ਵਿਜ਼ਨ ਅਨੁਸਾਰ ਕੀਤਾ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਬੈਂਕ ਕਰਮਚਾਰੀਆਂ ਵਿੱਚ ਫਿਟਨੈੱਸ



ਪ੍ਰਤੀ ਜਾਗਰੂਕਤਾ, ਮਾਨਸਿਕ ਸਿਹਤ ਅਤੇ ਸਰੀਰਕ ਸੁਖ-ਸਮ੍ਰਿੱਧੀ ਨੂੰ ਉਤਸ਼ਾਹਿਤ ਕਰਨਾ ਹੈ। ਪਠਾਨਕੋਟ ਖੇਤਰ ਵਿੱਚ ਇਸ ਉਤਸਵ ਦੀ ਮੇਜ਼ਬਾਨੀ ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਵੱਲੋਂ ਕੀਤੀ ਗਈ।ਗੋਲਾ ਸੁੱਟ (ਸ਼ਾਟ ਪੁੱਟ) ਮੁਕਾਬਲੇ ਵਿੱਚ ਅਸ਼ਵਨੀ ਸ਼ਰਮਾ ਨੇ ਪਹਿਲਾ ਸਥਾਨ ਹਾਸਲ ਕੀਤਾ, ਰਿਤੀਸ਼ ਰਾਣਾ ਦੂਜੇ ਸਥਾਨ ਅਤੇ ਜਤਿੰਦਰਪਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।100 ਮੀਟਰ ਦੌੜ ਵਿੱਚ ਅਰਵਿੰਦ ਭਗਤ ਪਹਿਲੇ ਸਥਾਨ 'ਤੇ ਰਹੇ, ਸੁਮਿਤ ਕੁਮਾਰ ਦੂਜੇ ਅਤੇ ਸੰਦੀਪ ਲਾਠੀ ਤੀਜੇ ਸਥਾਨ 'ਤੇ ਰਹੇ।ਲੰਬੀ ਛਾਲ ਮੁਕਾਬਲੇ ਵਿੱਚ ਅਭਿਸ਼ੇਕ ਨੇ ਪਹਿਲਾ, ਸੰਦੀਪ ਲਾਠੀ ਨੇ ਦੂਜਾ ਅਤੇ ਸੁਮਿਤ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸੰਜੀਤ ਕੁਮਾਰ, ਸਰਕਲ ਹੈੱਡ, ਪੀਐੱਨਬੀ ਪਠਾਨਕੋਟ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ।ਹੋਰ ਖਾਸ ਮਹਿਮਾਨਾਂ ਵਿੱਚ ਹੀਰਾ ਲਾਲ, ਡਿਪਟੀ ਸਰਕਲ ਹੈੱਡ ਸ਼ਸ਼ਾਂਕ ਸ਼ੁਕਲਾ, ਚੀਫ ਮੈਨੇਜਰ ਪਠਾਨਕੋਟ ਸ਼ਾਖਾ ਅਤੇ ਸਪੋਰਟਸ ਕਮੇਟੀ ਕੋਆਰਡੀਨੇਟਰ; ਰਾਜਨ ਮਲਹੋਤਰਾ, ਲੀਡ ਡਿਸਟ੍ਰਿਕਟ ਮੈਨੇਜਰ, ਗੁਰਦਾਸਪੁਰ; ਅਤੇ ਵਿਨੈ ਮਾਰਵਾਹ, ਲੀਡ ਡਿਸਟ੍ਰਿਕਟ ਮੈਨੇਜਰ ਪਠਾਨਕੋਟ ਸ਼ਾਮਲ ਸਨ।ਆਪਣੇ ਸੰਬੋਧਨ ਵਿੱਚ ਸੰਜੀਤ ਕੁਮਾਰ ਨੇ ਕਿਹਾ ਕਿ ਪੀਐੱਨਬੀ ਖੇਡ ਉਤਸਵ ਇੱਕ ਸ਼ਾਨਦਾਰ ਪਹਿਲ ਹੈ, ਜੋ ਸਾਡੇ ਸੰਗਠਨ ਦੀ ਕਰਮਚਾਰੀ ਕਲਿਆਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਅਜਿਹੇ ਆਯੋਜਨ ਨਾ ਸਿਰਫ਼ ਸਰੀਰਕ ਫਿਟਨੈੱਸ ਨੂੰ ਉਤਸ਼ਾਹਿਤ ਕਰਦੇ ਹਨ, ਸਗੋਂ ਟੀਮ ਵਰਕ, ਸਾਕਾਰਾਤਮਕਤਾ ਅਤੇ ਜੀਵਨ ਸੰਤੁਲਨ ਨੂੰ ਵੀ ਮਜ਼ਬੂਤ ਕਰਦੇ ਹਨ।ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਪਠਾਨਕੋਟ ਵਿੱਚ ਪੀਐੱਨਬੀ ਖੇਡ ਉਤਸਵ ਦੀ ਮੇਜ਼ਬਾਨੀ ਕਰਨ 'ਤੇ ਮਾਣ ਹੈ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਪੇਸ਼ੇਵਰਾਂ ਵੱਲੋਂ ਇੰਨੇ ਉਤਸ਼ਾਹ ਨਾਲ ਹਿੱਸਾ ਲੈਣਾ ਸੱਚਮੁਚ ਦੂਸਰਿਆਂ ਲਈ ਪ੍ਰੇਰਨਾਦਾਇਕ ਹੈ।

## ਪੀ ਕੇ ਸਰਕਾਰੀ ਨੋਡਲ ਆਈਟੀਆਈ ਗੁਰਦਾਸਪੁਰ ਵਿਖੇ ਅਪ੍ਰੈਂਟਿਸ਼ਿਪ ਮੇਲਾ ਅੱਜ

**ਗੁਰਦਾਸਪੁਰ, (ਜਨਕ ਮਹਾਜਨ)**- ਪੀ. ਕੇ. ਸਰਕਾਰੀ ਨੋਡਲ ਆਈ. ਟੀ. ਆਈ. ਗੁਰਦਾਸਪੁਰ ਵਿਖੇ ਭਲਕੇ 12 ਜਨਵਰੀ ਨੂੰ ਅਪ੍ਰੈਂਟਿਸ਼ਿਪ ਮੇਲਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਇੰਜੀ. ਸੰਦੀਪ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰੀ ਆਈਟੀਆਈ ਗੁਰਦਾਸਪੁਰ ਵਿਖੇ ਵੱਖ-ਵੱਖ ਟਰੇਡਾਂ ਲਈ ਅਪ੍ਰੈਂਟਿਸ਼ਿਪ ਮੇਲਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿਚ ਮਲਟੀ ਨੈਸ਼ਨਲ ਕੰਪਨੀਆਂ ਵੀ ਆ



ਰਹੀਆਂ ਹਨ ਜਿਸ ਨਾਲ ਸਿਖਿਆਰਥੀਆਂ ਨੂੰ ਰੁਜ਼ਗਾਰ ਮਿਲੇਗਾ ਅਤੇ ਸਿੱਖਿਆਰਥੀਆਂ ਨੂੰ ਅਪਰੈਂਟਿਸ਼ਿਪ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਵੇਂ ਅਪਰੈਂਟਿਸ਼ਿਪ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਲੈਣੀ ਹੈ, ਇਸ ਸਬੰਧੀ ਵਿਦਿਆਰਥੀਆਂ ਨੂੰ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸਕਿਲ ਵਿਚ ਅਜਿਹੇ ਮੇਲਿਆਂ ਦੁਆਰਾ ਵਾਧਾ ਹੁੰਦਾ ਹੈ। ਇਸ ਮੌਕੇ ਅਪ੍ਰੈਂਟਿਸ਼ਿਪ ਇੰਚਾਰਜ ਟੀ. ਓ. ਰਕੇਸ਼ ਕੁਮਾਰ, ਸੀਨੀਅਰ ਟੀ. ਓ. ਕੰਵਰ ਨੌਨਿਹਾਲ ਸਿੰਘ, ਟੀ. ਓ. ਬਲਵੰਤ ਸਿੰਘ ਆਦਿ ਹਾਜ਼ਰ ਸਨ।

## ਏ ਜੇ ਯੂ ਪੀ ਵੱਲੋਂ ਵਿਧਾਨ ਸਭਾ 'ਚੋਂ ਟ੍ਰਿਬਿਊਨ ਦੀ ਨੁਮਾਇੰਦਗੀ ਖਤਮ ਕਰਨ ਦੀ ਨਿੰਦਾ

**ਮੋਹਾਲੀ (ਗੁਰਜੀਤ ਬਿੱਲਾ)**- ਐਕਟਿਵ ਜਰਨਲਿਸਟਸ ਯੂਨੀਅਨ ਆਫ ਪੰਜਾਬ (ਏ.ਜੇ.ਯੂ.ਪੀ.) ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਪ੍ਰੈਸ ਗੈਲਰੀ ਚੋਂ ਇਸ ਖੇਤਰ ਦੇ ਵੱਡੇ ਅਦਾਰੇ ਟ੍ਰਿਬਿਊਨ ਗਰੁੱਪ ਦੀ ਨੁਮਾਇੰਦਗੀ ਖ਼ਤਮ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ ਹੈ।ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਤੱਗੜ ਅਤੇ ਜਨਰਲ ਸਕੱਤਰ ਕਿਰਨਦੀਪ ਕੌਰ ਔਲਖ ਨੇ ਸਪੀਕਰ ਕੁਲਤਾਰ ਸੰਧਵਾਂ ਦੇ ਫੈਸਲੇ ਨੂੰ ਗੈਰ ਜਮੂਹਰੀ ਅਤੇ ਪ੍ਰੈਸ ਦੀ ਅਜ਼ਾਦੀ ਦੇ ਵਿਰੁੱਧ ਦੱਸਿਆ ਹੈ। ਸਪੀਕਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਟ੍ਰਿਬਿਊਨ ਵਿਰੁੱਧ ਕੀਤੀ ਕਾਰਵਾਈ ਦਾ ਅਧਾਰ ਕੀ ਹੈ।ਯੂਨੀਅਨ ਨੇ ਕਿਹਾ ਕੇ ਸੰਵਿਧਾਨ ਦੀ ਧਾਰਾ 19(1) ਏ ਤਹਿਤ ਹਰ ਨਾਗਰਿਕ ਨੂੰ ਬੋਲਣ ਅਤੇ ਆਪਣੇ ਆਪ ਨੂੰ ਵਿਅਕਤ ਕਰਨ ਦੀ ਅਜ਼ਾਦੀ ਹੈ, ਜਿਸ 'ਚ ਪ੍ਰੈਸ ਵੀ ਕਵਰ ਹੁੰਦੀ ਹੈ।ਤੱਗੜ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੱਤਰਕਾਰਾਂ 'ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਥਾਣਿਆਂ 'ਚ ਬੁਲਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ, ਜੋ ਕੇ ਨਿੰਦਣਯੋਗ ਹੈ। ਇਸੇ ਮਾਨਸਿਕਤਾ ਨਾਲ ਹੁਣ ਸਪੀਕਰ ਨੇ ਵੀ ਟ੍ਰਿਬਿਊਨ ਵਿਰੁੱਧ ਕਾਰਵਾਈ ਕੀਤੀ ਹੈ, ਜਿਸ ਦੀ ਯੂਨੀਅਨ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਕਿਰਨਦੀਪ ਕੌਰ ਔਲਖ ਨੇ ਚੰਡੀਗੜ੍ਹ ਪ੍ਰੈਸ ਕਲੱਬ ਦੇ ਪ੍ਰਧਾਨ ਸੌਰਭ ਦੁੱਗਲ ਵੱਲੋਂ ਟ੍ਰਿਬਿਊਨ ਦੇ ਹੱਕ 'ਚ ਲਏ ਸਟੈਂਡ ਦੀ ਸ਼ਲਾਘਾ ਕੀਤੀ।

ਨਵਾਂ ਜ਼ਮਾਨਾ
ਸੋਮਵਾਰ, 12 ਜਨਵਰੀ 2026

# ਡੋਭਾਲੀ ਸੁਰ

ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਸਨਿੱਚਰਵਾਰ ਨਵੀਂ ਦਿੱਲੀ ਵਿੱਚ 'ਵਿਕਸਤ ਭਾਰਤ ਯੁਵਾ ਨੇਤ੍ਰਿਤਵ ਸੰਵਾਦ' ਦੌਰਾਨ ਨੌਜਵਾਨਾਂ ਨੂੰ ਦੇਸ਼ ਦੇ ਦਰਦਨਾਕ ਇਤਿਹਾਸ ਦਾ 'ਬਦਲਾ' ਲੈਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਭਾਰਤ ਨੂੰ ਆਪਣੀ ਪੁਰਾਣੀ ਗੁਲਾਮੀ, ਹਮਲਿਆਂ ਤੇ ਅਧੀਨਤਾ ਦੇ ਇਤਿਹਾਸ ਦਾ ਬਦਲਾ ਲੈਣਾ ਚਾਹੀਦਾ ਹੈ, ਪਰ ਇਹ ਬਦਲਾ ਸ਼ਕਤੀਸ਼ਾਲੀ ਤੇ ਮਹਾਨ ਭਾਰਤ ਦੇ ਪੁਨਰ-ਨਿਰਮਾਣ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ। ਕੇਂਦਰੀ ਖੇਡ ਮੰਤਰਾਲੇ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ ਕਰੀਬ ਤਿੰਨ ਹਜ਼ਾਰ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ 81 ਸਾਲਾ ਡੋਭਾਲ ਨੇ ਹਿੰਦੀ ਵਿੱਚ ਕਿਹਾ, 'ਤੁਸੀਂ ਖੁਸ਼ਕਿਸਮਤ ਹੋ ਕਿ ਆਜ਼ਾਦ ਭਾਰਤ ਵਿੱਚ ਜਨਮ ਲਿਆ ਹੈ। ਮੈਂ ਗੁਲਾਮ ਭਾਰਤ ਵਿੱਚ ਪੈਦਾ ਹੋਇਆ ਸੀ। ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ, ਸੁਭਾਸ਼ ਚੰਦਰ ਬੋਸ ਨੇ ਜ਼ਿੰਦਗੀ-ਭਰ ਸੰਘਰਸ਼ ਕੀਤਾ ਤੇ ਮਹਾਤਮਾ ਗਾਂਧੀ ਨੂੰ ਸੱਤਿਆਗ੍ਰਹਿ ਕਰਨਾ ਪਿਆ, ਤਾਂ ਕਿ ਸਾਨੂੰ ਆਜ਼ਾਦੀ ਮਿਲ ਸਕੇ।' ਡੋਭਾਲ ਨੇ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਵਿੱਚ ਸਾਰੇ ਸੰਘਰਸ਼ ਤੇ ਯੁੱਧ ਇਸ ਲਈ ਹੁੰਦੇ ਹਨ, ਕਿਉਂਕਿ ਕੁਝ ਦੇਸ਼ ਦੂਜਿਆਂ 'ਤੇ ਆਪਣੀ ਮਰਜ਼ੀ ਮੜ੍ਹਨੀ ਚਾਹੁੰਦੇ ਹਨ। ਜੇ ਤੁਸੀਂ ਸ਼ਕਤੀਸ਼ਾਲੀ ਹੋ, ਤਾਂ ਤੁਸੀਂ ਆਜ਼ਾਦ ਰਹੋਗੇ। ਜੇ ਆਤਮਵਿਸ਼ਵਾਸ ਨਹੀਂ ਹੈ, ਤਾਂ ਸਾਰੀ ਤਾਕਤ ਤੇ ਹਥਿਆਰ ਬੇਕਾਰ ਹਨ। ਡੋਭਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੀ ਗੁਣ ਗਾਏ, ਹਾਲਾਂਕਿ ਉਨ੍ਹਾ ਦਾ ਨਾਂਅ ਨਹੀਂ ਲਿਆ। ਉਨ੍ਹਾ ਕਿਹਾ, 'ਸਾਡੇ ਦੇਸ਼ ਵਿੱਚ ਅੱਜ ਅਜਿਹਾ ਲੀਡਰ ਹੈ, ਜਿਹੜਾ ਪ੍ਰੇਰਨਾਸਰੋਤ ਹੈ। ਉਸ ਦੀ ਪ੍ਰਤੀਬੱਧਤਾ, ਸਮਰਪਣ ਤੇ ਸਖਤ ਮਿਹਨਤ ਸਾਡੇ ਸਭ ਲਈ ਆਦਰਸ਼ ਹੈ।' ਨੈਪੋਲੀਅਨ ਬੋਨਾਪਾਰਟ ਦੇ ਹਵਾਲੇ ਨਾਲ ਇਹ ਵੀ ਕਿਹਾ, 'ਮੈਂ ਇੱਕ ਭੇਡ ਦੀ ਅਗਵਾਈ ਵਾਲੀ ਸ਼ੇਰਾਂ ਦੀ ਫੌਜ ਤੋਂ ਨਹੀਂ ਡਰਦਾ, ਸਗੋਂ ਇੱਕ ਸ਼ੇਰ ਦੀ ਅਗਵਾਈ ਵਾਲੀ ਭੇਡਾਂ ਦੀ ਫੌਜ ਤੋਂ ਡਰਦਾ ਹਾਂ।' ਇਹ ਕਹਿ ਕੇ ਡੋਭਾਲ ਨੇ ਮੋਦੀ ਦੀ 'ਮਜ਼ਬੂਤੀ' ਵੱਲ ਇਸ਼ਾਰਾ ਕੀਤਾ ਹੈ।

ਅਖੀਰ ਵਿੱਚ ਡੋਭਾਲ ਨੇ ਕਿਹਾ, "ਅਸੀਂ ਕਿਸੇ ਹੋਰ ਸੱਭਿਅਤਾ 'ਤੇ ਹਮਲਾ ਨਹੀਂ ਕੀਤਾ, ਉਨ੍ਹਾਂ ਦੇ ਮੰਦਰ ਨਹੀਂ ਤੋੜੇ, ਪਰ ਸੁਰੱਖਿਆ ਪ੍ਰਤੀ ਜਾਗਰੂਕਤਾ ਦੀ ਕਮੀ ਕਾਰਨ ਇਤਿਹਾਸ ਨੇ ਸਾਨੂੰ ਸਬਕ ਸਿਖਾਇਆ। ਅਣਗਿਣਤ ਲੋਕ ਮਾਰੇ ਗਏ, ਮੰਦਰ ਨਸ਼ਟ ਹੋਏ, ਪਿੰਡ ਲੁੱਟੇ ਗਏ ਅਤੇ ਸਾਡੀ ਸੱਭਿਅਤਾ ਕੁਚਲੀ ਗਈ, ਜਦਕਿ ਅਸੀਂ ਲਾਚਾਰ ਦਰਸ਼ਕ ਬਣੇ ਰਹੇ। ਇਤਿਹਾਸ ਸਾਨੂੰ ਚੁਣੌਤੀ ਦਿੰਦਾ ਹੈ। ਅੱਜ ਦੇ ਨੌਜਵਾਨਾਂ ਵਿੱਚ ਅੱਗ ਹੈ। 'ਬਦਲਾ' ਸ਼ਬਦ ਚੰਗਾ ਨਹੀਂ, ਪਰ ਇਹ ਬਹੁਤ ਸ਼ਕਤੀਸ਼ਾਲੀ ਹੈ। ਸਾਨੂੰ ਆਪਣੀਆਂ ਕਦਰਾਂ-ਕੀਮਤਾਂ 'ਤੇ ਅਧਾਰਤ ਮਹਾਨ ਭਾਰਤ ਦਾ ਪੁਨਰ-ਨਿਰਮਾਣ ਕਰਕੇ ਦੇਸ਼ ਦਾ ਬਦਲਾ ਲੈਣਾ ਚਾਹੀਦਾ ਹੈ।"

ਬਹੁਤ ਹੀ ਬਦਕਿਸਮਤੀ ਦੀ ਗੱਲ ਹੈ ਕਿ ਡੋਭਾਲ ਵਰਗੇ ਉੱਚੇ ਰੈਂਕ ਦੇ ਅਫਸਰ, ਜਿਸ ਦੀ ਡਿਊਟੀ ਅੰਦਰੂਨੀ ਤੇ ਬਾਹਰੀ ਨਾਪਾਕ ਗੋਂਦਾਂ ਤੋਂ ਰਾਸ਼ਟਰ ਦੀ ਰੱਖਿਆ ਕਰਨਾ ਹੈ, ਨੇ ਨਫਰਤ ਦੀ ਫਿਰਕੂ ਵਿਚਾਰਧਾਰਾ ਨਾਲ ਰਲਣ ਅਤੇ ਮੁਸਲਮਾਨਾਂ ਖਿਲਾਫ ਹਿੰਸਾ ਨੂੰ ਆਮ ਵਰਤਾਰਾ ਬਣਾਉਣ ਦਾ ਪੱਖ ਪੂਰਿਆ ਹੈ। ਡੋਭਾਲ ਨੇ ਲੁਕਵੇਂ ਢੰਗ ਨਾਲ ਗਰੀਬ ਤੇ ਅਨਪੜ੍ਹ ਨੌਜਵਾਨਾਂ ਨੂੰ ਘੱਟ ਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦਾ ਸੱਦਾ ਦਿੱਤਾ ਹੈ। ਹੁਣ ਅੰਗਰੇਜ਼ ਤਾਂ ਭਾਰਤ ਵਿੱਚ ਰਹਿੰਦੇ ਨਹੀਂ, ਭਾਰਤ 'ਤੇ ਰਾਜ ਕਰਨ ਵਾਲੇ ਮੁਗਲ-ਮੁਸਲਿਮ ਬਾਦਸ਼ਾਹਾਂ ਦੀ ਨਿਸ਼ਾਨੀ ਸਮਝੇ ਜਾਣ ਵਾਲੇ ਮੁਸਲਮਾਨ ਹੀ ਹਨ, ਜਿਹੜੇ ਪਹਿਲਾਂ ਹੀ ਹਰ ਪਾਸਿਓਂ ਹਮਲੇ ਝੱਲ ਰਹੇ ਹਨ। ਡੋਭਾਲ ਦੇ ਮੰਦਰ ਨਸ਼ਟ ਕੀਤੇ ਜਾਣ ਦੇ ਜ਼ਿਕਰ ਤੋਂ ਹੈਰਾਨੀ ਨਹੀਂ ਹੋਵੇਗੀ, ਜੇ ਮੁਸਲਮਾਨਾਂ 'ਤੇ ਹਮਲੇ ਵਧ ਜਾਣ। ਇਨ੍ਹਾਂ ਹਾਲਾਤ ਵਿੱਚ ਧਰਮ-ਨਿਰਪੱਖ ਸ਼ਕਤੀਆਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ ਕਿ ਉਹ ਘੱਟ-ਗਿਣਤੀ ਭਾਈਚਾਰੇ ਨੂੰ ਅੱਗੇ ਆ ਕੇ ਬਚਾਉਣ।

# ਵੈਨੇਜ਼ੁਏਲਾ 'ਤੇ ਹਮਲੇ ਦੇ ਅਸਲ ਮਨੋਰਥ ਦੀ ਗੱਲ ਕਰਦਿਆਂ

ਬੂਟਾ ਸਿੰਘ ਮਹਿਮੂਦਪੁਰ

ਅਮਰੀਕੀ ਸਾਮਰਾਜੀਆਂ ਨੇ ਦੂਜੇ ਮੁਲਕਾਂ ਦੀ ਪ੍ਰਭੂਸੱਤਾ ਅਤੇ ਖੁਦਮੁਖਤਿਆਰੀ ਨੂੰ ਕੁਚਲਣ ਦਾ ਇਕ ਹੋਰ ਮਾਨਵਤਾ ਵਿਰੋਧੀ ਕਾਰਾ ਇਤਿਹਾਸ ਵਿਚ ਦਰਜ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਹੁਣ ਵੈਨੇਜ਼ੁਏਲਾ ਦੀ ਪ੍ਰਭੂਸੱਤਾ ਉੱਪਰ ਸਿੱਧਾ ਹੱਲਾ ਬੋਲ ਦਿੱਤਾ ਹੈ। ਬੀਤੀ 3 ਜਨਵਰੀ ਨੂੰ ਡੇਢ ਸੌ ਜੰਗੀ ਜਹਾਜ਼ ਨਾਲ ਲੈਸ ਅਮਰੀਕੀ ਫ਼ੌਜ ਵੱਲੋਂ ਅੱਧੀ ਰਾਤ ਨੂੰ ਵੈਨੇਜ਼ੁਏਲਾ ਦੇ ਰਿਹਾਇਸ਼ੀ ਅਤੇ ਫ਼ੌਜੀ ਇਲਾਕਿਆਂ ਉੱਪਰ ਬੰਬਾਰੀ ਕਰਕੇ ਤੇ ਸੁਰੱਖਿਆ ਗਾਰਡਾਂ ਨੂੰ ਮਾਰ ਕੇ ਰਾਸ਼ਟਰਪਤੀ ਮਾਦੁਰੋ ਤੇ ਉਸ ਦੀ ਪਤਨੀ ਨੂੰ ਅਗਵਾ ਕਰ ਲਿਆ ਗਿਆ। ਉਨ੍ਹਾਂ ਨੂੰ ਅਮਰੀਕਾ ਲਿਜਾ ਕੇ ਕੈਦ ਕਰ ਲਿਆ ਗਿਆ ਹੈ, ਜਿੱਥੇ ਉਨ੍ਹਾਂ ਉੱਪਰ ਢੌਂਗੀ ਮੁਕੱਦਮਾ ਚਲਾਇਆ ਜਾਵੇਗਾ। ਟਰੰਪ ਨੇ ਬੇਸ਼ਰਮੀ ਨਾਲ ਐਲਾਨ ਕਰ ਦਿੱਤਾ ਹੈ ਕਿ 'ਜਦੋਂ ਤੱਕ ਅਸੀਂ ਸੁਰੱਖਿਅਤ, ਉਚਿਤ ਅਤੇ ਨਿਆਂਪੂਰਨ ਤਰੀਕੇ ਨਾਲ ਸੱਤਾ ਬਦਲੀ ਨਹੀਂ ਕਰ ਲੈਂਦੇ, ਓਦੋਂ ਤੱਕ ਮੁਲਕ ਨੂੰ ਅਸੀਂ ਚਲਾਵਾਂਗੇ।' ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਯੂ ਐੱਨ ਚਾਰਟਰ ਦੀ ਘੋਰ ਉਲੰਘਣਾ ਕਰਕੇ ਕੀਤੇ ਇਸ ਹਮਲੇ ਬਾਰੇ ਕੀ ਸਟੈਂਡ ਲੈਂਦੀ ਹੈ, ਇਹ ਅਜੇ ਸਪੱਸ਼ਟ ਨਹੀਂ।

ਇਹ ਹਮਲਾ ਪਿੱਛੇ ਜਿਹੇ ਟਰੰਪ ਵੱਲੋਂ ਜਾਰੀ ਕੀਤੀ ਗਈ ਨਵੀਂ 'ਰਾਸ਼ਟਰੀ ਸੁਰੱਖਿਆ ਯੁੱਧ ਨੀਤੀ' ਦਾ ਵਿਹਾਰਕ ਰੂਪ ਹੈ। ਟਰੰਪ ਦਾ ਮਨੋਰਥ ਸਿਰਫ਼ ਤੇਲ ਅਤੇ ਹੋਰ ਕੁਦਰਤੀ ਭੰਡਾਰਾਂ ਉੱਪਰ ਕਬਜ਼ਾ ਕਰਨ ਦੇ ਮਨਸੂਬੇ ਤਹਿਤ ਵੈਨੇਜ਼ੁਏਲਾ ਦੀ ਚੁਣੀ ਹੋਈ ਸਰਕਾਰ ਨੂੰ ਤੋੜਨ ਤੱਕ ਸੀਮਤ ਨਾ ਰਹਿ ਕੇ ਲਾਤੀਨੀ ਅਮਰੀਕਾ ਉੱਪਰ ਧਾੜਵੀ ਦਬਦਬਾ ਮਜ਼ਬੂਤ ਕਰਨਾ ਹੈ। ਟਰੰਪ ਸਰਕਾਰ ਦੀ ਬੁਖਲਾਹਟ ਦਿਖਾਉਂਦੀ ਹੈ ਕਿ ਦੁਨੀਆ ਉੱਪਰ ਅਮਰੀਕੀ ਚੌਧਰ ਲੜਖੜਾ ਰਹੀ ਹੈ ਅਤੇ ਅਮਰੀਕੀ ਸਾਮਰਾਜੀਏ ਦਹਿਸ਼ਤਗਰਦ ਫ਼ੌਜੀ ਹਮਲਿਆਂ ਰਾਹੀਂ ਡਾਲਰ ਦੀ ਸਰਦਾਰੀ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਹੇ ਹਨ।

ਕਿਸੇ ਮੁਲਕ ਦੀ ਸਰਕਾਰ ਚਾਹੇ ਕਿੰਨੀ ਵੀ ਨਾਲਾਇਕ ਅਤੇ ਭ੍ਰਿਸ਼ਟ ਕਿਉਂ ਨਾ ਹੋਵੇ ਉਸ ਨੂੰ ਬਦਲਣ ਅਤੇ ਰਾਜ-ਪ੍ਰਸ਼ਾਸਨ ਵਿਚ ਰੱਦੋਬਦਲ ਕਰਨ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਉੱਥੋਂ ਦੇ ਲੋਕਾਂ ਨੂੰ ਹੈ, ਪਰ ਦੂਜੇ ਸੰਸਾਰ ਯੁੱਧ ਦੇ ਸਮੇਂ ਤੋਂ ਹੀ ਅਮਰੀਕੀ ਸਾਮਰਾਜੀ ਸਟੇਟ ਨੇ ਫ਼ੌਜੀ, ਵਿੱਤੀ ਅਤੇ ਰਾਜਨੀਤਕ ਦਬਦਬੇ ਦੇ ਜ਼ੋਰ ਇਸ ਅਧਿਕਾਰ ਨੂੰ ਅਗਵਾ ਕੀਤਾ ਹੋਇਆ ਹੈ ਅਤੇ ਅਮਰੀਕੀ ਹੁਕਮਰਾਨ ਸੰਸਾਰ ਥਾਣੇਦਾਰ ਬਣ ਕੇ ਉਨ੍ਹਾਂ ਮੁਲਕਾਂ ਵਿਰੁੱਧ ਖ਼ੂਨੀ ਸਾਜ਼ਿਸ਼ਾਂ ਤੇ ਧਾੜਵੀ ਹਮਲਿਆਂ ਨੂੰ ਅੰਜਾਮ ਦਿੰਦੇ ਆ ਰਹੇ ਹਨ, ਜਿਨ੍ਹਾਂ ਦੇ ਨਿਜ਼ਾਮ ਅਤੇ ਹੁਕਮਰਾਨ ਇਨ੍ਹਾਂ ਨੂੰ ਪਸੰਦ ਨਹੀਂ ਜਾਂ ਜਿਨ੍ਹਾਂ ਨੂੰ ਅਮਰੀਕੀ ਚੌਧਰ ਮਨਜ਼ੂਰ ਨਹੀਂ।

ਮਾਦੁਰੋ ਅਤੇ ਉਸ ਦੀ ਜੀਵਨ ਸਾਥਣ ਨੂੰ ਅਗਵਾ ਕਰਨ ਤੋਂ ਬਾਅਦ ਟਰੰਪ ਨੇ ਸ਼ੇਖੀ ਮਾਰੀ ਹੈ ਕਿ ਹੁਣ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਮਰੀਕੀ ਤੇਲ ਕੰਪਨੀਆਂ ਵੈਨੇਜ਼ੁਏਲਾ ਵਿਚ ਜਾ ਕੇ 'ਬੇਹੱਦ ਖ਼ਰਾਬ ਤੇਲ ਢਾਂਚੇ ਨੂੰ ਠੀਕ ਕਰਨਗੀਆਂ ਅਤੇ ਮੁਲਕ ਲਈ ਪੈਸਾ ਬਣਾਉਣਾ ਸ਼ੁਰੂ ਕਰ ਦੇਣਗੀਆਂ।'

ਦੂਜੇ ਪਾਸੇ, ਪੱਛਮੀ ਜਗਤ ਦੇ 'ਉਦਾਰ' ਹਲਕਿਆਂ ਵੱਲੋਂ ਇਹ ਬਿਰਤਾਂਤ ਵੀ ਪੇਸ਼ ਕੀਤਾ ਜਾ ਰਿਹਾ ਹੈ ਕਿ ਵੈਨੇਜ਼ੁਏਲਾ ਨੂੰ ਤਬਾਹੀ ਦੀ ਖੱਡ ਵਿਚ ਧੱਕਣ ਲਈ ਮਾਦੁਰੋ ਦੀ 'ਤਾਨਾਸ਼ਾਹੀ' ਜ਼ਿੰਮੇਵਾਰ ਹੈ, ਜਿਸ ਦੇ ਰਾਜ ਨੇ ਆਰਥਿਕਤਾ ਦਾ ਭੱਠਾ ਬਿਠਾ ਦਿੱਤਾ, ਲੋਕਤੰਤਰੀ ਸੰਸਥਾਵਾਂ ਖੋਖਲੀਆਂ ਕਰ ਦਿੱਤੀਆਂ, ਵਿਰੋਧੀਆਂ ਨੂੰ ਕੁਚਲ ਦਿੱਤਾ, ਅਪਰਾਧੀ ਤਾਣਾਬਾਣਾ ਤੇ ਰਾਜਤੰਤਰ ਘਿਓ-ਖਿੱਚੜੀ ਹੋ ਗਏ ਅਤੇ ਲੱਖਾਂ ਲੋਕ ਹਾਲਾਤ ਤੋਂ ਤੰਗ ਆ ਕੇ ਮੁਲਕ ਛੱਡਣ ਲਈ ਮਜਬੂਰ ਹੋ ਗਏ। ਇਹ ਬਿਰਤਾਂਤ ਕਿੰਨਾ ਕੁ ਸੱਚ ਹੈ, ਇਹ ਵੱਖਰਾ ਸਵਾਲ ਹੈ। ਪਰ ਕੀ ਇਸੇ ਦਲੀਲ ਨੂੰ 'ਉਦਾਰ' ਬੁੱਧੀਮਾਨ ਅਮਰੀਕਾ ਜਾਂ ਪੱਛਮੀ ਸਾਮਰਾਜੀ ਮੁਲਕਾਂ ਉੱਪਰ ਵੀ ਲਾਗੂ ਕਰਨਗੇ, ਜਿਨ੍ਹਾਂ ਰਾਜਾਂ ਦੀ ਤਸਵੀਰ ਇਨ੍ਹਾਂ ਹੀ ਪੱਖਾਂ ਤੋਂ ਹੋਰ ਵੀ ਬਦਤਰ ਹੈ?

ਟਰੰਪ ਪ੍ਰਸ਼ਾਸਨ ਨੇ ਤਾਂ ਹੁਣ ਇਹ ਧਾੜਵੀ ਦਾਅਵਾ ਵੀ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਵੈਨੇਜ਼ੁਏਲਾ ਦੇ ਤੇਲ ਉਦਯੋਗ ਨੂੰ ਅਮਰੀਕਾ ਦੀ ਬੁੱਧੀ ਤੇ ਮਿਹਨਤ ਨੇ ਵਿਕਸਤ ਕੀਤਾ ਸੀ ਅਤੇ ਵੈਨੇਜ਼ੁਏਲਾ ਵੱਲੋਂ ਗ਼ੈਰ-ਡਾਲਰ ਭੁਗਤਾਨ ਪ੍ਰਣਾਲੀਆਂ ਰਾਹੀਂ ਕੱਚਾ ਤੇਲ ਵੇਚਣਾ ਅਮਰੀਕੀ ਜਾਇਦਾਦ ਉੱਪਰ ਡਾਕਾ ਮਾਰਨਾ ਹੈ। ਅਮਰੀਕਾ ਦੀ ਦੁਖਦੀ ਰਗ ਡਾਲਰ ਦੀ ਖੁਰ ਰਹੀ ਸਰਦਾਰੀ ਹੈ। ਇਹ ਜੱਗ ਜ਼ਾਹਰ ਹੈ ਕਿ ਵੈਨੇਜ਼ੁਏਲਾ ਉੱਪਰ ਹਮਲਾ ਲਾਤੀਨੀ ਅਮਰੀਕਾ ਵਿੱਚ ਚੀਨ ਅਤੇ ਰੂਸ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਅਮਰੀਕੀ ਸਾਮਰਾਜਵਾਦ ਦੀ ਆਪਣਾ ਕੰਟਰੋਲ ਮੁੜ ਸਥਾਪਤ ਕਰਨ ਦੀ ਮਾਯੂਸ ਕੋਸ਼ਿਸ਼ ਦਾ ਹਿੱਸਾ ਹੈ।

ਟਰੰਪ ਨੇ ਇਹ ਰਸਮੀ ਮਨਜ਼ੂਰੀ ਲੈਣ ਦੀ ਵੀ ਲੋੜ ਨਹੀਂ ਸਮਝੀ ਅਤੇ ਅਮਰੀਕੀ ਕਾਨੂੰਨ ਦੇ ਅਨੁਸਾਰ 'ਉਚਿਤ ਪ੍ਰਕਿਰਿਆ' ਅਪਣਾਏ ਤੋਂ ਬਿਨਾਂ ਹੀ ਅੰਤਰਰਾਸ਼ਟਰੀ ਸਮੁੰਦਰੀ ਖੇਤਰ ਵਿਚ ਫ਼ੌਜ ਭੇਜ ਕੇ 110 ਤੋਂ ਵੱਧ ਨਾਗਰਿਕਾਂ ਦੀ ਜਾਨ ਲੈ ਲਈ, ਜੋ ਆਪਣੇ ਆਪ 'ਚ ਹੀ ਜੰਗੀ ਜੁਰਮ ਦੇ ਬਰਾਬਰ ਹੈ।

ਅਮਰੀਕੀ ਸਾਮਰਾਜੀ ਖ਼ਸਲਤ ਦੇ ਮੱਦੇਨਜ਼ਰ ਇਸ ਵਿਚ ਕੁਝ ਵੀ ਹੈਰਾਨੀਜਨਕ ਨਹੀਂ ਹੈ। ਅਮਰੀਕਾ ਦਾ ਵੀਅਤਨਾਮ, ਅਫ਼ਗਾਨਿਸਤਾਨ, ਇਰਾਕ ਸਮੇਤ ਬੇਸ਼ੁਮਾਰ ਨਹੱਕੇ ਯੁੱਧਾਂ ਅਤੇ ਧਾੜਵੀ ਹਮਲਿਆਂ ਦਾ ਬਹੁਤ ਲੰਮਾ ਇਤਿਹਾਸ ਹੈ। ਚਿੱਲੀ, ਗੁਆਟੇਮਾਲਾ, ਪਨਾਮਾ ਵਰਗੇ ਲਾਤੀਨੀ ਅਮਰੀਕੀ ਮੁਲਕਾਂ ਨੂੰ ਵੀ ਬੀਤੇ 'ਚ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ। ਝੂਠੇ ਦੋਸ਼ ਲਗਾ ਕੇ ਦੂਜੇ ਮੁਲਕਾਂ ਦੀ ਪ੍ਰਭੂਸੱਤਾ ਨੂੰ ਲਤਾੜਨ ਲਈ ਟਰੰਪ ਆਪਣੇ ਤੋਂ ਪਹਿਲੇ ਰਾਸ਼ਟਰਪਤੀਆਂ ਨੂੰ ਮਾਤ ਪਾ ਰਿਹਾ ਹੈ ਅਤੇ ਆਪਣੇ ਮੌਜੂਦਾ ਕਾਰਜ-ਕਾਲ ਦੇ ਇਕ ਸਾਲ ਤੋਂ ਵੀ ਘੱਟ ਸਮੇਂ 'ਚ ਦੁਨੀਆ ਨੇ ਇਸ ਆਪੇ ਬਣੇ 'ਸ਼ਾਂਤੀ-ਦੂਤ' ਦਾ ਖ਼ੂਨੀ ਚਿਹਰਾ ਬਹੁਤ ਵਾਰ ਦੇਖ ਲਿਆ ਹੈ।

ਸੌ ਸਾਲ ਤੋਂ ਵੱਧ ਸਮੇਂ ਤੋਂ ਅਮਰੀਕਾ ਨੇ ਲਾਤੀਨੀ ਅਮਰੀਕਾ ਉੱਪਰ ਹਮਲਿਆਂ, ਰਾਜ-ਪਲਟਿਆਂ, ਤਸ਼ੱਦਦ ਅਤੇ ਬਹੁਤ ਹੀ ਜਾਬਰ ਕਠਪੁਤਲੀ ਸਰਕਾਰਾਂ ਨੂੰ ਥਾਪੜਾ ਦੇ ਕੇ ਆਪਣਾ ਦਬਦਬਾ ਬਣਾਈ ਰੱਖਿਆ ਹੈ। ਮੌਜੂਦਾ ਹਮਲਾ ਉਸ ਨੂੰ ਹੋਰ ਵਧਾਉਣ ਅਤੇ ਚੀਨ ਤੇ ਰੂਸ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਵੈਨੇਜ਼ੁਏਲਾ ਵਿਰੁੱਧ ਮਹੀਨਿਆਂ ਤੋਂ ਚੱਲ ਰਹੀ ਜਾਬਰ ਮੁਹਿੰਮ ਨੂੰ ਇਸ ਬਹਾਨੇ ਜਾਇਜ਼ ਠਹਿਰਾਇਆ ਜਾ ਰਿਹਾ ਹੈ ਕਿ ਵੈਨੇਜ਼ੁਏਲਾ ਅਤੇ ਇਸ ਦੇ ਆਗੂ ਅਮਰੀਕਾ ਵਿਚ ਨਸ਼ੀਲੇ ਪਦਾਰਥ ਅਤੇ ਮੁਜਰਮ ਭੇਜਣ ਲਈ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਨੂੰ ਅਮਰੀਕੀ ਲੋਕਾਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਟਰੰਪ ਦੇ ਇਹ ਦੋਸ਼ ਪੂਰੀ ਤਰ੍ਹਾਂ ਝੂਠ ਹਨ, ਕਿਉਂਕਿ ਨਾ ਤਾਂ ਵੈਨੇਜ਼ੁਏਲਾ ਫੈਂਟੈਨਾਈਲ ਅਤੇ ਕੋਕੀਨ ਵਰਗੇ ਨਸ਼ੀਲੇ ਪਦਾਰਥਾਂ ਦਾ ਉਤਪਾਦਕ ਹੈ ਅਤੇ ਨਾ ਹੀ ਇਹ ਮੁਲਕ ਨਸ਼ਾ ਤਸਕਰੀ ਦਾ ਕੋਈ ਵੱਡਾ ਲਾਂਘਾ ਹੈ।

ਜਿਵੇਂ ਪੀਪਲਜ਼ ਡਿਸਪੈਚ ਦੀ ਰਿਪੋਰਟ ਦਰਸਾਉਂਦੀ ਹੈ, ਵੈਨੇਜ਼ੁਏਲਾ ਵਿਰੁੱਧ ਅਮਰੀਕੀ ਸਾਮਰਾਜੀਆਂ ਦੀ ਧਾੜਵੀ ਮੁਹਿੰਮ ਟਰੰਪ ਪ੍ਰਸ਼ਾਸਨ ਤੋਂ ਸ਼ੁਰੂ ਨਹੀਂ ਹੋਈ, ਸਗੋ ਇਸ ਦੀ ਸ਼ੁਰੂਆਤ ਤਾਂ ਹਿਊਗੋ ਚਾਵੇਜ਼ ਸਰਕਾਰ ਵੱਲੋਂ ਆਪਣੇ ਸੰਵਿਧਾਨ ਦੀਆਂ ਵਿਵਸਥਾਵਾਂ ਅਨੁਸਾਰ 'ਆਰਗੈਨਿਕ ਹਾਈਡ੍ਰੋਕਾਰਬਨ ਕਾਨੂੰਨ' ਬਣਾਏ ਜਾਣ 'ਤੇ ਉਸ ਦੀ ਸਰਕਾਰ ਦਾ ਤਖ਼ਤਾ ਪਲਟ ਦੇਣ ਦੀਆਂ ਕੋਸ਼ਿਸ਼ਾਂ ਦੇ ਰੂਪ 'ਚ 2001 'ਚ ਹੀ ਹੋ ਗਈ ਸੀ। ਇਸ ਕਾਨੂੰਨ ਦੇ ਤਹਿਤ ਤੇਲ ਅਤੇ ਗੈਸ ਦੇ ਕੁਲ ਭੰਡਾਰਾਂ ਉੱਪਰ ਰਾਜ ਦੀ ਮਾਲਕੀ ਸਥਾਪਤ ਕਰਨ ਨੂੰ ਐਕਸਾਨਮੋਬਿਲ ਅਤੇ ਸ਼ੇਵਰਾਨ ਵਰਗੀਆਂ ਧੜਵੈਲ ਅਮਰੀਕੀ ਅਜਾਰੇਦਾਰ ਕੰਪਨੀਆਂ ਭਲਾ ਕਿਵੇਂ ਬਰਦਾਸ਼ਤ ਕਰ ਲੈਂਦੀਆਂ। ਉਨ੍ਹਾਂ ਵੱਲੋਂ ਬੁਸ਼ ਪ੍ਰਸ਼ਾਸਨ ਉੱਪਰ ਚਾਵੇਜ਼ ਸਰਕਾਰ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਦਬਾਅ ਪਾਇਆ ਗਿਆ। ਬੁਸ਼ ਸਰਕਾਰ ਵੱਲੋਂ ਚਾਵੇਜ਼ ਵਿਰੁੱਧ ਕਰੇੜਾ ਕੱਸਣਾ ਸ਼ੁਰੂ ਕਰ ਦਿੱਤਾ ਗਿਆ।

ਅਮਰੀਕੀ ਏਡ ਏਜੰਸੀਆਂ ਵੱਲੋਂ ਉਨ੍ਹਾਂ ਸਮਾਜਿਕ ਅਤੇ ਰਾਜਨੀਤਕ ਗਰੁੱਪਾਂ ਨੂੰ ਧੜਾਧੜ ਫੰਡ ਦਿੱਤੇ ਜਾਣ ਲੱਗੇ, ਜੋ ਚਾਵੇਜ਼ ਦੇ 'ਬੋਲੀਵੇਰੀਅਨ ਇਨਕਲਾਬ' ਦੇ ਵਿਰੋਧੀ ਸਨ। ਹਰ ਉਸ ਨਾਮਨਿਹਾਦ ਰਾਜਨੀਤਕ ਧਾਰਾ ਨੂੰ ਖ਼ਤਮ ਕਰ ਦੇਣਾ ਅਮਰੀਕੀ ਹੁਕਮਰਾਨ ਜਮਾਤ ਦਾ ਵਿਚਾਰਧਾਰਕ ਪ੍ਰੋਜੈਕਟ ਹੈ, ਜਿਸ ਵਿੱਚੋਂ ਵੀ ਸਮਾਜਵਾਦ ਦਾ ਝਾਉਲ਼ਾ ਪੈਂਦਾ ਹੋਵੇ। 2002 'ਚ ਚਾਵੇਜ਼ ਸਰਕਾਰ ਦਾ ਤਖ਼ਤਾ ਪਲਟਣ ਦੀ ਕੋਸ਼ਿਸ਼ ਕੀਤੀ ਗਈ। ਫਿਰ 2003-2004 'ਚ ਘੋਰ ਪਿਛਾਖੜੀ ਮਾਰੀਆ ਕੋਰਿਨਾ ਮਚਾਡੋ ਦੀ ਅਗਵਾਈ ਵਾਲੇ ਸੁਮਾਤੇ ਗੁੱਟ ਦੀ ਵਿੱਤੀ ਅਤੇ ਰਾਜਨੀਤਕ ਪੁਸ਼ਤਪਨਾਹੀ ਕਰਕੇ ਚਾਵੇਜ਼ ਦੇ ਜਨ-ਆਧਾਰ ਵਿਚ ਸੰਨ੍ਹ ਲਾਉਣ, ਉਸ ਦੇ ਧੜੇ 'ਚ ਫੁੱਟ ਪਾਉਣ, ਸੁਮਾਤੇ ਵਰਗੇ ਘੋਰ ਪਿਛਾਖੜੀ ਗਰੁੱਪਾਂ ਨੂੰ ਮਜ਼ਬੂਤ ਕਰਨ ਅਤੇ ਅਮਰੀਕੀ ਵਪਾਰਕ ਹਿੱਤਾਂ ਦੀ ਰਾਖੀ ਲਈ ਪੰਜ-ਨੁਕਾਤੀ ਯੁੱਧਨੀਤੀ ਵਿਕਸਤ ਕੀਤੀ ਗਈ। 2015 'ਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਬਾਕਾਇਦਾ ਕਾਰਜਕਾਰੀ ਆਦੇਸ਼ ਉੱਪਰ ਦਸਖ਼ਤ ਕਰਕੇ ਵੈਨਜ਼ੁਏਲਾ ਨੂੰ ਅਸਾਧਾਰਨ ਖ਼ਤਰਾ ਐਲਾਨਿਆ ਗਿਆ, ਜੋ ਬਾਅਦ ਵਿਚ ਲਗਾਈਆਂ ਗਈਆਂ ਕਾਨੂੰਨੀ ਪਾਬੰਦੀਆਂ ਦਾ ਆਧਾਰ ਬਣਿਆ। ਫਿਰ 2019 'ਚ ਅਮਰੀਕੀ ਮਾਨਤਾ-ਪ੍ਰਾਪਤ ਰਾਸ਼ਟਰਪਤੀ ਥਾਪ ਕੇ ਅੰਤਰਮ ਸਰਕਾਰ ਵੀ ਬਣਾਈ ਗਈ, ਚਾਵੇਜ਼ ਵਿਰੁੱਧ ਅਸਫ਼ਲ ਬਗ਼ਾਵਤ ਕਰਵਾਈ ਗਈ। ਵੈਨੇਜ਼ੁਏਲਾ ਦੀ ਤੇਲ ਵਿਕਰੀ ਠੱਪ ਕਰ ਦਿੱਤੀ ਗਈ ਅਤੇ ਬਦੇਸ਼ਾਂ 'ਚ ਉਸ ਦੀਆਂ ਤੇਲ ਸੰਪਤੀਆਂ ਜ਼ਬਤ ਕੀਤੀਆਂ ਗਈਆਂ। ਤੇਲ ਦੇ ਅੰਤਰਰਾਸ਼ਟਰੀ ਭਾਅ ਘਟਣ ਕਾਰਨ ਵੈਨੇਜ਼ੁਏਲਾ ਦੀ ਆਰਥਿਕਤਾ ਨੂੰ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ। ਅਮਰੀਕੀ ਹੁਕਮਰਾਨਾਂ ਨੇ ਇਨ੍ਹਾਂ ਹਾਲਾਤ ਨੂੰ ਸਰਕਾਰ ਵਿਰੁੱਧ ਬੇਚੈਨੀ ਭੜਕਾਉਣ ਲਈ ਵਰਤਿਆ ਅਤੇ ਤੇਲ ਨਾਕਾਬੰਦੀ ਨੂੰ ਵਧੇਰੇ ਸਖ਼ਤ ਕਰਕੇ ਸੰਕਟ ਨੂੰ ਹੋਰ ਜ਼ਰਬਾਂ ਦਿੱਤੀਆਂ। 2020 'ਓਪਰੇਸ਼ਨ ਗਿਡੀਅਨ' ਦੁਆਰਾ ਮਾਦੁਰੋ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਡੇਢ ਕਰੋੜ ਡਾਲਰ ਇਨਾਮ ਰੱਖਿਆ ਗਿਆ, ਜੋ ਪਿੱਛੇ ਜਿਹੇ ਵਧਾ ਕੇ ਪੰਜ ਕਰੋੜ ਡਾਲਰ ਕਰ ਦਿੱਤਾ ਗਿਆ ਸੀ। ਕੋਰੋਨਾ ਮਹਾਂਮਾਰੀ ਦੌਰਾਨ ਵੈਨੇਜ਼ੁਏਲਾ ਦੀ ਬਾਂਹ ਮਰੋੜਨ ਲਈ ਵੱਧ ਤੋਂ ਵੱਧ ਦਬਾਅ ਦੀ ਨੀਤੀ ਲਾਗੂ ਕੀਤੀ ਗਈ। 2025 'ਚ ਮਾਰੀਆ ਕੋਰਿਨਾ ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇ ਕੇ ਹਰਮਨਪਿਆਰੀ ਵਿਰੋਧੀ-ਧਿਰ ਆਗੂ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ । 2025 'ਚ ਵੈਨੇਜ਼ੁਏਲਾ ਦੇ ਸਮੁੰਦਰੀ ਖੇਤਰ ਵਿਚ ਛੋਟੀਆਂ ਕਿਸ਼ਤੀਆਂ ਉੱਪਰ ਹਮਲੇ ਕੀਤੇ ਗਏ, ਵੈਨਜ਼ੁਏਲਾ ਦੀ ਨਾਕਾਬੰਦੀ ਲਈ ਸਭ ਤੋਂ ਤਾਕਤਵਰ ਸਮੁੰਦਰੀ ਫ਼ੌਜੀ ਬੇੜਾ ਭੇਜਿਆ ਗਿਆ ਅਤੇ ਆਉਣ ਵਾਲੇ ਤੇਲ ਟੈਂਕਰ ਜ਼ਬਤ ਕੀਤੇ ਗਏ।

ਦਸੰਬਰ ਦੇ ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਪ੍ਰਕਾਸ਼ਤ ਕੀਤੀ ਟਰੰਪ ਕੋਰੋਲਰੀ ਵਿੱਚ ਤਾਂ ਇਹ ਸਾਮਰਾਜੀ ਬਦਨੀਅਤ ਹੋਰ ਵੀ ਸਪੱਸ਼ਟ ਹੈ, ਜਿਸ ਵਿਚ ਕਿਹਾ ਗਿਆ ਕਿ ਪੱਛਮੀ ਅਰਧ-ਗੋਲੇ ਉੱਪਰ ਅਮਰੀਕਾ ਦਾ ਰਾਜਨੀਤਿਕ, ਆਰਥਕ, ਵਪਾਰਕ ਅਤੇ ਫ਼ੌਜੀ ਤੌਰ 'ਤੇ ਕੰਟਰੋਲ ਹੋਣਾ ਚਾਹੀਦਾ ਹੈ। ਯਾਨੀ ਇਸ ਖੇਤਰ ਵਿੱਚ ਊਰਜਾ ਅਤੇ ਖਣਿਜ ਭੰਡਾਰਾਂ ਤੱਕ ਪਹੁੰਚ ਹਾਸਲ ਕਰਨ ਲਈ ਅਮਰੀਕੀ ਫ਼ੌਜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਾਦੁਰੋ ਨੂੰ ਅਗਵਾ ਕਰਨ ਤੋਂ ਕੁਝ ਘੰਟੇ ਬਾਅਦ ਕੀਤੀ ਗਈ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ 19ਵੀਂ ਸਦੀ ਦੇ 'ਮੁਨੇਰੋ ਮੱਤ' ਦਾ ਹਵਾਲਾ ਦਿੱਤਾ, ਜਿਸ ਦੀ ਵਰਤੋਂ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਫ਼ੌਜੀ ਤਾਕਤ ਦੀ ਧਾਕ ਜਮਾਉਣ ਲਈ ਕੀਤੀ ਗਈ ਸੀ। ਇਸ ਨੂੰ 'ਡੌਨ-ਰੋ ਮੱਤ' ਨਾਂਅ ਦਿੰਦਿਆਂ ਉਸ ਨੇ ਕਿਹਾ: ਪੱਛਮੀ ਅਰਧ-ਗੋਲੇ ਵਿੱਚ ਅਮਰੀਕੀ ਸਰਦਾਰੀ ਉੱਪਰ ਹੁਣ ਕਦੇ ਵੀ ਸਵਾਲ ਨਹੀਂ ਉਠਾਇਆ ਜਾਵੇਗਾ।

ਟਰੰਪ ਦਾ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਅਤੇ ਨਿਧੜਕ ਹਮਲਾ ਸਿਰਫ਼ ਵੈਨੇਜ਼ੁਏਲਾ ਦੇ ਕੁਦਰਤੀ ਭੰਡਾਰਾਂ ਉੱਪਰ ਕਾਬਜ਼ ਹੋਣ ਤੱਕ ਸੀਮਤ ਨਹੀਂ । ਇਹ ਪੂਰੇ ਮਹਾਂਦੀਪ ਉੱਪਰ ਉਸ ਵਕਤ ਆਪਣੇ ਸਾਮਰਾਜੀ ਦਬਦਬੇ ਅਤੇ ਕੰਟਰੋਲ ਨੂੰ ਸਿਫ਼ਤੀ ਤੌਰ 'ਤੇ ਵਧਾਉਣ ਦੀ ਕੋਸ਼ਿਸ਼ ਹੈ, ਜਦੋਂ ਸੰਸਾਰ ਗ਼ਲਬੇ ਲਈ ਅਮਰੀਕਾ ਨੂੰ ਆਪਣੇ ਮੁੱਖ ਸਾਮਰਾਜਵਾਦੀ ਸ਼ਰੀਕ ਚੀਨ ਅਤੇ ਉਸ ਦੇ ਜੋਟੀਦਾਰ ਰੂਸ ਦਾ ਸਖ਼ਤ ਮੁਕਾਬਲਾ ਕਰਨਾ ਪੈ ਰਿਹਾ ਹੈ। ਪਿਛਲੇ ਦਹਾਕੇ 'ਚ ਚੀਨ ਨੇ ਲਾਤੀਨੀ ਅਮਰੀਕਾ ਵਿੱਚ ਆਪਣਾ ਵਪਾਰ, ਪੂੰਜੀ-ਨਿਵੇਸ਼ ਅਤੇ ਮਦਦ ਕਾਫ਼ੀ ਵਧਾ ਲਈ ਹੈ। ਸੜਕਾਂ, ਦੂਰਸੰਚਾਰ ਨੈੱਟਵਰਕ ਆਦਿ ਬੁਨਿਆਦੀ ਢਾਂਚਾਗਤ ਯੋਜਨਾਵਾਂ ਲਈ ਚੀਨ ਨੇ ਵਾਹਵਾ ਫੰਡ ਮੁਹੱਈਆ ਕਰਵਾਏ ਹਨ। ਅਮਰੀਕੀ ਪ੍ਰਸ਼ਾਸਨ ਦਾ ਇਰਾਦਾ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ, ਸੀਮਤ ਕਰਨ ਅਤੇ ਪਿੱਛੇ ਧੱਕਣ ਦਾ ਹੈ। ਜੇਕਰ ਵੈਨੇਜ਼ੁਏਲਾ ਦੇ ਤੇਲ ਦਾ ਵੱਡਾ ਖ਼ਰੀਦਦਾਰ ਚੀਨ ਆਪਣੇ ਲਈ ਮਹੱਤਵਪੂਰਨ ਇਨ੍ਹਾਂ ਤੇਲ ਸਰੋਤਾਂ ਉੱਪਰ ਕਬਜ਼ਾ ਕਰਨ ਦੀ ਅਮਰੀਕਾ ਦੀ ਮੁਹਿੰਮ ਦਾ ਸਖ਼ਤ ਵਿਰੋਧ ਕਰਨ ਦਾ ਪੈਂਤੜਾ ਲੈ ਲੈਂਦਾ ਹੈ ਤਾਂ ਟਰੰਪ ਦੀ ਇਹ ਮਾਅਰਕੇਬਾਜ਼ੀ ਵੱਡੇ ਅੰਤਰ-ਸਾਮਰਾਜੀ ਟਕਰਾਅ ਵਿਚ ਵੀ ਬਦਲ ਸਕਦੀ ਹੈ। ਟਰੰਪ ਸਰਕਾਰ ਦੀ 'ਰਾਸ਼ਟਰੀ ਸੁਰੱਖਿਆ ਨੀਤੀ' ਪੱਛਮੀ ਅਰਧ-ਗੋਲੇ, ਜਿਸ ਵਿਚ ਕੈਨੇਡਾ ਅਤੇ ਗ੍ਰੀਨਲੈਂਡ ਵੀ ਸ਼ਾਮਲ ਹੈ, ਵਿੱਚ ਸੰਯੁਕਤ ਰਾਜ ਅਮਰੀਕਾ ਦੀ ਸਰਵਉੱਚਤਾ ਨੂੰ ਆਪਣੀ ਸੁਰੱਖਿਆ ਅਤੇ ਖੁਸ਼ਹਾਲੀ ਦੀ ਸ਼ਰਤ ਦੇ ਰੂਪ 'ਚ ਦੇਖਦੀ ਹੈ। ਅਮਰੀਕੀ ਹਾਕਮ ਜਮਾਤ ਦਾ ਇਹ ਫਾਸ਼ਿਸਟ ਗੁੱਟ ਪੂਰੇ ਪੱਛਮੀ ਅਰਧ-ਗੋਲੇ ਨੂੰ ਅਮਰੀਕਾ ਦੇ ਮੁਹੱਲੇ ਸਮਝਦਾ ਹੈ ਅਤੇ ਇੱਥੇ ਉਹ ਮੁਕੰਮਲ ਫ਼ੌਜੀ ਅਤੇ ਆਰਥਕ ਕੰਟਰੋਲ ਕਾਇਮ ਕਰਨ ਲਈ ਕਾਹਲਾ ਹੈ। ਟਰੰਪ ਅਤੇ ਰੂਬੀਓ ਨੇ ਕਿਊਬਾ ਅਤੇ ਕੋਲੰਬੀਆ ਨੂੰ ਸਰੇਆਮ ਧਮਕੀ ਦਿੱਤੀ ਹੈ ਕਿ ਉਹ ਲੀਹ 'ਤੇ ਆ ਜਾਣ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ। ਟਰੰਪ ਦਾ ਵੈਨੇਜ਼ੁਏਲਾ ਦੇ ਰਾਜ ਪ੍ਰਬੰਧ ਨੂੰ ਚਲਾਉਣ ਦਾ ਦਾਅਵਾ ਅਮਲ 'ਚ ਸਾਕਾਰ ਹੋ ਸਕੇਗਾ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਫ਼ਿਲਹਾਲ ਵੈਨੇਜ਼ੁਏਲਾ ਦੀ ਸਰਕਾਰ ਨੇ ਇਸ ਹਮਲੇ ਦਾ ਜੁਅਰਤ ਨਾਲ ਮੁਕਾਬਲਾ ਕਰਕੇ ਪ੍ਰਸ਼ਾਸਨ ਨੂੰ ਸਥਿਰ ਕਰ ਲਿਆ ਹੈ ਅਤੇ ਲੰਮੇ ਸਮੇਂ 'ਚ ਅਮਰੀਕੀ ਧਾੜਵੀਆਂ ਨੂੰ ਵੀਅਤਨਾਮ, ਅਫ਼ਗਾਨਿਸਤਾਨ ਵਾਂਗ ਵੈਨੇਜ਼ੁਏਲਾ 'ਚ ਵੀ ਮੂੰਹ ਦੀ ਖਾਣੀ ਪਵੇਗੀ।

ਦੁਨੀਆ ਵਿਚ ਟਰੰਪ ਪ੍ਰਸ਼ਾਸਨ ਦੇ ਇਸ ਧਾੜਵੀ ਹਮਲੇ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਨਵੰਬਰ 2025 'ਚ ਸੀ ਬੀ ਐੱਸ ਦੇ ਨਿਊਜ਼ਪੋਲ ਵਿਚ ਸਿਰਫ਼ 13 ਫੀਸਦੀ ਅਮਰੀਕਾ ਨਿਵਾਸੀਆਂ ਨੇ ਵੈਨੇਜ਼ੁਏਲਾ ਨੂੰ 'ਵੱਡਾ ਸੁਰੱਖਿਆ ਖ਼ਤਰਾ' ਕਿਹਾ ਸੀ, ਜਦਕਿ 70 ਫੀਸਦੀ ਨੇ ਅਮਰੀਕਾ ਵੱਲੋਂ ਫ਼ੌਜੀ ਕਾਰਵਾਈ ਕੀਤੇ ਜਾਣ ਨਾਲ ਅਸਹਿਮਤੀ ਪ੍ਰਗਟਾਈ ਸੀ। ਹੁਣ ਵੀ ਟਰੰਪ ਵੱਲੋਂ ਵਿੱਢੇ ਹਮਲੇ ਵਿਰੁੱਧ ਅਮਰੀਕਾ ਵਿਚ ਗੁੱਸੇ ਭਰੇ ਮੁਜ਼ਾਹਰੇ ਹੋ ਰਹੇ ਹਨ, ਪਰ ਭਾਰਤ ਦੀ ਸੱਤਾ ਉੱਪਰ ਕਾਬਜ਼ ਹਿੰਦੂਤਵ ਹਕੂਮਤ ਇਸ ਸਾਮਰਾਜੀ ਡਕੈਤੀ ਦੀ ਨਿਖੇਧੀ ਕਰਨ ਦੀ ਬਜਾਏ ਆਪਣੀ ਸਾਮਰਾਜੀ ਜੀ-ਹਜ਼ੂਰੀ ਦੀ ਘਿਣਾਉਣੀ ਵਿਰਾਸਤ ਅਨੁਸਾਰ ਝੂਠੀ ਫ਼ਿਕਰਮੰਦੀ ਦਿਖਾ ਕੇ ਅਤੇ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਗੋਲਮੋਲ ਬਿਆਨਬਾਜ਼ੀ ਕਰਕੇ ਹਮੇਸ਼ਾ ਵਾਂਗ ਟਰੰਪ ਦੀ ਸਾਮਰਾਜੀ ਧੌਂਸ ਦਾ ਸਾਥ ਦੇ ਰਹੀ ਹੈ।

ਅਮਰੀਕਾ ਦੇ ਲੋਕਾਂ ਦਾ ਇਕ ਗਿਣਨਯੋਗ ਹਿੱਸਾ ਇਸ ਨੂੰ ਲੈ ਕੇ ਫ਼ਿਕਰਮੰਦ ਹੈ ਕਿ ਟਰੰਪ-ਰੂਬੀਓ ਹੁਕਮਰਾਨ ਗੁੱਟ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਕਰ ਰਿਹਾ ਹੈ, ਉਹ ਕਿਸੇ ਵੀ ਰੂਪ 'ਚ ਅਮਰੀਕਾ ਦੇ ਹਿੱਤ ਵਿਚ ਨਹੀਂ, ਪਰ ਇਹ ਬੁੜ-ਬੁੜ ਹੀ ਕਾਫ਼ੀ ਨਹੀਂ ਹੈ। ਅਸਹਿਮਤੀ ਦੀ ਇਸ ਆਵਾਜ਼ ਨੂੰ ਵਿਆਪਕ ਵਿਰੋਧ ਲਹਿਰ ਵਿਚ ਬਦਲਣ ਦੀ ਲੋੜ ਹੈ। ਫਿਰ ਹੀ ਇਹ ਅਸਹਿਮਤੀ ਅਸਰਦਾਰ ਠੱਲ੍ਹ-ਪਾਊ ਭੂਮਿਕਾ ਨਿਭਾ ਸਕਦੀ ਹੈ।

ਮਾਦੁਰੋ ਦੇ ਰੱਖਿਆ ਮੰਤਰੀ ਅਤੇ ਕਾਰਜਕਾਰੀ ਰਾਸ਼ਟਰਪਤੀ ਨੇ ਅਮਰੀਕਾ ਦੇ ਟਾਕਰੇ ਲਈ ਡਟੇ ਰਹਿਣ ਦਾ ਐਲਾਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਵੈਨੇਜ਼ੁਏਲਾ ਜਾਂ ਲਾਤੀਨੀ ਅਮਰੀਕਾ ਨੇ ਕਦੇ ਵੀ ਅਮਰੀਕੀ ਸਾਮਰਾਜੀ ਧੌਂਸ ਅੱਗੇ ਗੋਡੇ ਨਹੀਂ ਟੇਕੇ। ਹੁਣ ਵੀ ਲਾਤੀਨੀ ਅਮਰੀਕੀ ਲੋਕ ਸਾਮਰਾਜੀ ਡਕੈਤੀ ਦੇ ਬਿਰਤਾਂਤ ਅੱਗੇ ਨਹੀਂ ਝੁਕਣਗੇ ਅਤੇ ਸੜਕਾਂ ਉੱਪਰ ਆ ਕੇ ਟਰੰਪ ਦੇ ਸਾਮਰਾਜੀ ਮਨਸੂਬਿਆਂ ਦਾ ਟਾਕਰਾ ਕਰਨਗੇ।

# ਰਿਸ਼ਤੇ 'ਚ ਰਿਸ਼ਤੇਦਾਰੀ ਨੂੰ ਨਾ ਲਿਆਓ

ਸੁਖਪਾਲ ਸਿੰਘ ਗਿੱਲ ਅਬਿਆਣਾ ਕਲਾਂ

ਸਮਾਜ ਦੇ ਢਾਂਚੇ ਵਿੱਚ ਰਿਸ਼ਤਿਆਂ ਦੇ ਤਾਣੇ-ਬਣੇ ਨੂੰ ਬੁਣ ਕੇ ਰਿਸ਼ਤੇਦਾਰੀ ਬਣਦੀ ਹੈ।ਜੇ ਇਹਨਾਂ ਵਿੱਚ ਸਦਾਚਾਰ ਅਤੇ ਨੈਤਿਕਤਾ ਹੋਵੇ ਤਾਂ ਸੋਨੇ 'ਤੇ ਸੁਹਾਗਾ ਹੁੰਦਾ ਹੈ।ਰਿਸ਼ਤਾ ਮਾ-ਪਿਓ,ਪਤੀ-ਪਤਨੀ ਵਗੈਰਾ ਹੁੰਦਾ ਹੈ। ਰਿਸ਼ਤੇਦਾਰੀ ਭੂਆ-ਫੁੱਫੜ, ਨਾਨਕੇ ਅਤੇ ਸਹੁਰੇ ਵਗੈਰਾ। ਰਿਸ਼ਤਾ-ਨਾਤਾ ਪ੍ਰਬੰਧ ਮੂਲ ਰੂਪ 'ਚ ਸਬੰਧਾਂ 'ਤੇ ਆਧਾਰਤ ਹੈ। ਇਸ 'ਚ ਪਿਆਰ-ਸਤਿਕਾਰ ਅਤੇ ਸਾਂਝੇ ਫ਼ਰਜ਼, ਸਾਂਝੇ ਕਰਤੱਵ ਅਤੇ ਸਾਂਝੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇਹੀ ਰਿਸ਼ਤੇ ਸਮਾਜ ਦੀ ਬੁਨਿਆਦ ਹੁੰਦੇ ਹਨ। ਰਿਸ਼ਤੇਦਾਰੀ ਉਹਨਾਂ ਲੋਕਾਂ ਦਾ ਸਮੂਹ ਹੁੰਦੀ ਹੈ, ਜਿਨ੍ਹਾਂ ਵਿਚਾਲੇ ਖ਼ੂਨ ਅਤੇ ਵਿਆਹ ਤੋਂ ਬਾਅਦ ਸਬੰਧ ਬਣਦੇ ਹਨ। ਇਹੀ ਸਮਾਜ ਬਣਦਾ ਹੈ। ਰਿਸ਼ਤੇਦਾਰੀ ਸੁਰੱਖਿਆ ਅਤੇ ਸਹਿਯੋਗ ਸਮੇਂ ਸਹਾਈ ਹੁੰਦੀ ਹੈ, ਜਦੋਂ ਕਿ ਰਿਸ਼ਤਾ ਬਿਲਕੁਲ ਕੋਲ ਬੈਠਾ ਹੁੰਦਾ ਹੈ। ਰਿਸ਼ਤਾ ਸਿਰਹਾਣੇ ਦੀ ਬਾਂਹ ਹੁੰਦੀ ਹੈ।ਰਿਸ਼ਤਾ ਹਮੇਸ਼ਾ ਵਿਸ਼ਵਾਸ ਅਤੇ ਰਿਸ਼ਤੇਦਾਰੀ ਹਮੇਸ਼ਾ ਸਹਿਯੋਗ ਉੱਤੇ ਖੜ੍ਹੀ ਹੁੰਦੀ ਹੈ। ਦੋਵਾਂ ਦਾ ਪਰਸਪਰ ਸੰਬੰਧ ਆਦਿ ਕਾਲ ਤੋਂ ਚਲਿਆ ਹੋਇਆ ਹੈ।

ਪਿਛਲੇ ਸਮੇਂ ਨਾਲੋਂ ਅੱਜ ਦੇ ਸਮੇਂ ਰਿਸ਼ਤੇ ਵਿੱਚ ਰਿਸ਼ਤੇਦਾਰੀ ਪਦਾਰਥਵਾਦੀ ਸੋਚ, ਲੋਭ ਅਤੇ ਲਾਲਚ ਕਰਕੇ ਘੁਸਪੈਠ ਕਰਦੀ ਹੈ ਜਾਂ ਅਸੀਂ ਖਾਹਮ-ਖਾਹ ਰਿਸ਼ਤੇਦਾਰੀ ਨੂੰ ਘੁਸਪੈਠ ਕਰਵਾ ਲੈਂਦੇ ਹਾਂ।ਇਸ ਨਾਲ ਰਿਸ਼ਤੇਦਾਰੀ ਆਪਣਾ ਦਾਅ ਲਾ ਲੈਂਦੀ ਹੈ।ਸਮਾਜ ਵਿੱਚ ਕਈ ਉਦਾਹਰਣਾਂ ਮਿਲਦੀਆਂ ਹਨ ਕਿ ਰਿਸ਼ਤੇ ਨੂੰ ਰਿਸ਼ਤੇਦਾਰੀ ਤੋਂ ਖ਼ਤਰੇ ਖੜ੍ਹੇ ਹੋ ਗਏ ਹਨ। ਹਮੇਸ਼ਾ ਰਿਸ਼ਤੇ ਨੂੰ ਪਵਿੱਤਰ ਰੱਖੋ, ਰਿਸ਼ਤੇਦਾਰੀ ਨੂੰ ਲੋੜ ਅਨੁਸਾਰ ਮਾਨਤਾ ਦਿਓ। ਰਿਸ਼ਤਾ ਸੋਨਾ ਹੁੰਦਾ ਹੈ, ਜਦੋਂ ਕਿ ਰਿਸ਼ਤੇਦਾਰੀ ਪਿੱਤਲ ਉੱਤੇ ਸੋਨੇ ਦੀ ਪਾਲਿਸ਼ ਹੁੰਦੀ ਹੈ।

ਰਿਸ਼ਤੇਦਾਰੀ ਨੂੰ ਰਿਸ਼ਤਾ ਨਿਰਧਾਰਤ ਕਰਦਾ ਹੈ ।ਦੋਵੇਂ ਹੀ ਸਹਿਯੋਗ ਅਤੇ ਸਦਾਚਾਰ ਨਾਲ ਪੈੜਾਂ ਪਾਉਂਦੇ ਹਨ। ਰਿਸ਼ਤੇ ਵਿੱਚ ਪੈਸੇ ਦੀ ਧੌਂਸ, ਲਾਲਚ ਅਤੇ ਸਮਾਜੀ ਦਬਾਓ ਨਹੀਂ ਹੁੰਦਾ, ਇਸ ਵਿੱਚ ਹਿਰਦੇ ਜੋ ਉਪਜਿਆ ਪਿਆਰ ਹੁੰਦਾ ਹੈ, ਜੋ ਸਤਿਕਾਰ ਅਤੇ ਜ਼ਿੰਮੇਵਾਰੀ ਨਾਲ ਸਮੇਂ ਦੇ ਰੂਪ ਵਿੱਚ ਸਹਿਣ ਕਰਨਾ ਪੈਂਦਾ ਹੈ। ਰਿਸ਼ਤੇਦਾਰੀ ਸਮਾਜਿਕ ਢਾਂਚੇ ਵਿੱਚ ਆਉਂਦੀ ਹੈ। ਇਸ ਵਿੱਚ ਸੱਚਾਈ ਛੁਪਾਈ ਜਾ ਸਕਦੀ ਹੈ। ਰਿਸ਼ਤੇ ਵਿੱਚ ਭਾਵਨਾਵਾਂ ਅਤੇ ਜ਼ਿੰਮੇਵਾਰੀਆਂ ਦੀ ਸ਼ੁੱਧਤਾ ਹੁੰਦੀ ਹੈ। ਰਿਸ਼ਤੇਦਾਰੀ ਵਿੱਚ ਇਹ ਲਾਗੂ ਨਾ ਵੀ ਹੋਵੇ ਤਾਂ ਜਾਇਜ਼ ਮੰਨਿਆ ਜਾਂਦਾ ਹੈ। ਰਿਸ਼ਤੇ ਅਜਿਹੇ ਗੂੜ੍ਹੇ ਹੁੰਦੇ ਹਨ ਕਿ ਇੱਕ-ਦੂਜੇ ਨੂੰ ਸਮਝਣਾ ਅਤੇ ਸਮਾਂ ਦੇਣਾ ਪੈਂਦਾ ਹੈ। ਇਹ ਰੋਜ਼-ਮਰ੍ਹਾ ਦੀ ਜ਼ਿੰਦਗੀ ਦਾ ਅੰਗ ਹੁੰਦੇ ਹਨ, ਜਿਵੇਂ ਪਤੀ-ਪਤਨੀ ਬੱਚੇ ਅਤੇ ਮਾਂ ਪਿਓ ਵਗੈਰਾ-ਵਗੈਰਾ। ਰਿਸ਼ਤੇਦਾਰੀ ਦੂਰ ਹੁੰਦੀ ਹੈ, ਇਸ ਲਈ ਜੇ ਕੋਈ ਜਾਵੇਗਾ ਤਾਂ ਚੱਲ ਕੇ ਤੁਹਾਡੇ ਘਰ ਆਵੇਗਾ। ਇਸ ਨਾਲ ਵਿਸ਼ਵਾਸ ਦਾ ਸਵਾਦ ਅਤੇ ਰਸ ਨਹੀਂ ਆ ਸਕਦਾ।ਗੁਰਬਾਣੀ ਵਿੱਚ ਵੀ ਸੰਸਾਰਕ ਰਿਸ਼ਤਿਆਂ ਦਾ ਜ਼ਿਕਰ ਅਤੇ ਮਹੱਤਵ ਹੈ।

ਰਿਸ਼ਤੇ ਵਿੱਚ ਭਾਵਨਾਵਾਂ ਹੋਣ ਕਰਕੇ ਬੰਧਨ ਨਹੀਂ ਹੁੰਦਾ, ਜਦਕਿ ਰਿਸ਼ਤੇਦਾਰੀ ਵਿੱਚ ਤਰ੍ਹਾਂ-ਤਰ੍ਹਾਂ ਦੇ ਬੰਧਨ ਬੱਝੇ ਹੋਏ ਹਨ। ਪੁਰਖਿਆਂ ਦੀਆਂ ਪੈੜਾਂ ਨੂੰ ਲੱਭੋ। ਉਹਨਾਂ ਵਿੱਚ ਰਿਸ਼ਤੇ ਅਤੇ ਰਿਸ਼ਤੇਦਾਰੀ ਇੱਕੋ ਸਿੱਕੇ ਦੇ ਦੋ ਪਹਿਲੂ ਹੁੰਦੇ ਸਨ। ਅੱਜ ਅਜਿਹਾ ਨਹੀਂ ਹੈ। ਨਵੀਂ ਪੀੜ੍ਹੀ ਨੂੰ ਰਿਸ਼ਤੇਦਾਰੀ ਦਾ ਪਤਾ ਨਹੀਂ ਹੁੰਦਾ, ਆਪਣੇ-ਆਪਣੇ ਤੱਕ ਹੀ ਸੀਮਤ ਹੁੰਦੇ ਹਨ। ਜਦੋਂ ਘਰਾਂ ਵਿੱਚ ਕੋਈ ਮਨ-ਮੁਟਾਵ ਹੁੰਦਾ ਹੈ ਤਾਂ ਰਿਸ਼ਤੇਦਾਰੀ ਝੱਟ ਤਸ਼ਰੀਫ਼ ਲੈ ਆਉਂਦੀ ਹੈ।ਅੱਜ ਜੇ ਕਿਸੇ ਦਾ ਬੱਚਾ ਤਰੱਕੀ ਕਰ ਜਾਂਦਾ ਹੈ ਉਸ ਦੀ ਖੁਸ਼ੀ ਰਿਸ਼ਤੇ ਵਿੱਚ ਹੁੰਦੀ ਹੈ, ਜਿਵੇਂ ਬਾਪ ਨੂੰ, ਪੁੱਤ ਨੂੰ ਭਾਈ-ਭੈਣ ਨੂੰ। ਰਿਸ਼ਤੇਦਾਰੀ ਵਿਚਲੀ ਈਰਖਾ ਇਸ ਕਦਰ ਤੱਕ ਵਧ ਚੁੱਕੀ ਹੈ ਕਿ ਤਰੱਕੀ ਕਿਵੇਂ ਕਰ ਗਿਆ? ਅੰਧ-ਵਿਸ਼ਵਾਸ ਦੀ ਲੜੀ ਵਿੱਚੋਂ ਟੂਣਾ-ਟੰਮਣ ਵੀ ਰਿਸ਼ਤੇ ਵਿੱਚ ਰਿਸ਼ਤੇਦਾਰੀ ਜਾਂ ਸਮਾਜ ਵਿੱਚੋਂ ਕੀਤੇ ਜਾਂਦੇ ਹਨ, ਜਿਸ ਕਦਰ ਰਿਸ਼ਤੇ ਅਤੇ ਰਿਸ਼ਤੇਦਾਰੀ ਵਿੱਚ ਪਾਟੋਧਾੜ , ਈਰਖਾ ਅਤੇ ਲਾਲਚ ਵਧ ਗਿਆ ਹੈ,ਉਸ ਤੋਂ ਸਮਾਜ ਵਿੱਚ ਕਈ ਤਰ੍ਹਾਂ ਦੇ ਸਵਾਲ ਉਤਪੰਨ ਹੁੰਦੇ ਹਨ। ਰਿਸ਼ਤੇ ਦੇ ਨਾਲ ਹੀ ਰਿਸ਼ਤੇਦਾਰੀ ਬਣਦੀ ਹੈ। ਰਿਸ਼ਤੇ ਤੋਂ ਬਿਨਾਂ ਹੋਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।ਧੀ-ਧਿਆਣੀ ਨੂੰ ਰਿਸ਼ਤੇਦਾਰੀ ਵਿੱਚ ਵੀ ਜਾਣ ਤੋਂ ਗ਼ੁਰੇਜ਼ ਕੀਤਾ ਜਾਂਦਾ ਹੈ। ਪੁਰਾਣੇ ਸਿਆਣੇ ਖਾਨਦਾਨੀ ਦੇਖ ਕੇ ਰਿਸ਼ਤੇਦਾਰੀ ਕਰਦੇ ਹੁੰਦੇ ਸਨ। ਇਸ ਦਾ ਵੀ ਇਹੀ ਕਾਰਨ ਹੈ। ਰਿਸ਼ਤੇ ਦੀ ਗੱਲ ਰਿਸ਼ਤੇਦਾਰੀ ਵਿੱਚ ਪਤਾ ਚੱਲੇ ਤਾਂ ਉਹ ਤੰਗਲੀ ਵਿੱਚ ਪਾ ਕੇ ਉਡਾਉਣਗੇ, ਜਿਸ ਦਾ ਸਮਾਂ ਆਉਣ 'ਤੇ ਰਿਸ਼ਤੇ ਨੂੰ ਪਛਤਾਵਾ ਹੋਵੇਗਾ।ਇਸ ਲਈ ਰਿਸ਼ਤੇ ਵਿੱਚ ਰਿਸ਼ਤੇਦਾਰੀ ਨੂੰ ਨਾ ਲਿਆਓ, ਨਾ ਹੀ ਘੁਸਪੈਠ ਕਰਨ ਦਿਓ।

ਸੂਝ, ਤਰੱਕੀ, ਗਿਆਨ ਅਤੇ ਵਿਗਿਆਨ ਕਰਕੇ ਹੀ ਰਿਸ਼ਤੇ ਨੂੰ ਰਿਸ਼ਤੇਦਾਰੀ ਨਾਲ ਭੇਦ-ਭਾਵ ਰਹਿਤ ਮਿਲਣ ਲਈ ਸਵੀਕਾਰ ਕੀਤਾ ਜਾ ਸਕਦਾ ਹੈ। ਪੜ੍ਹਾਈ-ਲਿਖਾਈ ਵਾਲੇ ਰਿਸ਼ਤੇ ਅਤੇ ਰਿਸ਼ਤੇਦਾਰ ਵੀ ਮਨਮੁਟਾਵ ਪੈਦਾ ਕਰ ਲੈਂਦੇ ਹਨ। ਕਈਆਂ ਨੂੰ ਘੱਟ ਪੜ੍ਹਨ ਦਾ ਅਫਸੋਸ ਤੇ ਕਈਆਂ ਨੂੰ ਵੱਧ ਪੜ੍ਹਨ ਦਾ ਹੰਕਾਰ ਹੁੰਦਾ ਹੈ। ਰਿਸ਼ਤੇਦਾਰੀ ਕਿਸ ਤਰ੍ਹਾਂ ਦੀ ਉਮੀਦ ਰੱਖਦੀ ਹੈ, ਉਹਨਾਂ ਦੇ ਅੰਦਰ ਹੈ।

ਅੱਜ ਦੇ ਹਾਲਾਤ ਅਨੁਸਾਰ ਰਿਸ਼ਤੇ ਅਤੇ ਰਿਸ਼ਤੇਦਾਰੀ ਦਾ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਪ੍ਰੀਭਾਸ਼ਾ ਹੋਰ ਹੋਵੇਗੀ।ਜੇ ਰਿਸ਼ਤਾ ਨਿਭਾਉਣ ਲਈ ਕੋਈ ਮਨ-ਮੁਟਾਵ ਹੋਵੇ ਤਾਂ ਉਹ ਛੇਤੀ ਹੱਲ ਹੋਣ ਦੀ ਉਮੀਦ ਹੁੰਦੀ ਹੈ। ਮੁੱਕਦੀ ਗੱਲ ਇਹ ਹੈ ਕਿ ਰਿਸ਼ਤੇ ਦੀ ਪਵਿੱਤਰਤਾ ਸਾਂਭ ਕੇ ਰੱਖੋ, ਰਿਸ਼ਤੇਦਾਰੀ ਵਿੱਚ ਨਾ ਪ੍ਰਚਾਰੋ।ਰਿਸ਼ਤਾ ਆਪਣੀ ਜਗ੍ਹਾ ਅਤੇ ਰਿਸ਼ਤੇਦਾਰੀ ਆਪਣੀ ਜਗ੍ਹਾ ਉੱਤੇ ਰੱਖੋ।ਇਸ ਨਾਲ ਸਮਾਜ ਦੇ ਦਸਤੂਰ ਤੋਂ ਬਚਿਆ ਜਾ ਸਕੇਗਾ।

# ਸੰਪਰਕ : 98781-11445

# ਸੁਰੱਖਿਆ ਤੇ ਤਕਨਾਲੋਜੀ ਦੇ ਸੰਘਰਸ਼ ਵਿੱਚ ਡਿਜੀਟਲ ਭਾਰਤ

ਪਿਛਲੇ ਦਹਾਕੇ ਦੌਰਾਨ ਭਾਰਤ ਨੇ ਡਿਜੀਟਲ ਖੇਤਰ ਵਿੱਚ ਜੋ ਬੇਮਿਸਾਲ ਤਰੱਕੀ ਕੀਤੀ ਹੈ, ਉਹ ਨਿਸਚਿਤ ਤੌਰ 'ਤੇ ਇਤਿਹਾਸਕ ਮਹੱਤਵ ਰੱਖਦੀ ਹੈ। ਬੈਂਕਾਂ ਦੀਆਂ ਲੰਮੀਆਂ ਕਤਾਰਾਂ ਤੋਂ ਲੈ ਕੇ ਸਰਕਾਰੀ ਦਫ਼ਤਰਾਂ ਦੀ ਲਾਲ ਫੀਤਾ-ਸ਼ਾਹੀ ਤੱਕ, ਅਨੇਕਾਂ ਪ੍ਰਕਿਰਿਆਵਾਂ ਹੁਣ ਡਿਜੀਟਲ ਮਾਧਿਅਮ ਰਾਹੀਂ ਪੂਰੀਆਂ ਹੋ ਰਹੀਆਂ ਹਨ। ਡਿਜੀਟਲ ਇੰਡੀਆ ਮੁਹਿੰਮ ਨੇ ਤਕਨਾਲੋਜੀ ਨੂੰ ਆਮ ਨਾਗਰਿਕ ਦੇ ਹੱਥ ਵਿੱਚ ਪਹੁੰਚਾ ਕੇ ਤਾਕਤ ਭਰਪੂਰ ਬਣਨ ਦਾ ਨਵਾਂ ਦਰਵਾਜ਼ਾ ਖੋਲ੍ਹਿਆ ਹੈ, ਪਰ ਜਿਵੇਂ-ਜਿਵੇਂ ਦੇਸ਼ ਦੀ ਡਿਜੀਟਲ ਨਿਰਭਰਤਾ ਵਧੀ ਹੈ, ਓਸੇ ਅਨੁਪਾਤ ਵਿੱਚ ਇੱਕ ਗੰਭੀਰ ਸਵਾਲ ਵੀ ਉੱਭਰ ਕੇ ਸਾਹਮਣੇ ਆ ਰਿਹਾ ਹੈ—ਕੀ ਭਾਰਤ ਇਸ ਵਿਸ਼ਾਲ ਡਿਜੀਟਲ ਪ੍ਰਣਾਲੀ ਦੀ ਸੁਰੱਖਿਆ ਲਈ ਓਨਾ ਹੀ ਤਿਆਰ ਹੈ?

ਅੱਜ ਡਿਜੀਟਲ ਸੁਰੱਖਿਆ ਕੇਵਲ ਤਕਨੀਕੀ ਮੁੱਦਾ ਨਹੀਂ ਰਹਿ ਗਿਆ। ਇਹ ਰਾਸ਼ਟਰੀ ਸੁਰੱਖਿਆ, ਆਰਥਿਕ ਨਿਰਭਰਤਾ, ਲੋਕਤੰਤਰ ਦੀ ਸਥਿਰਤਾ ਅਤੇ ਨਾਗਰਿਕਾਂ ਦੀ ਨਿੱਜਤਾ ਨਾਲ ਡੂੰਘੀ ਤਰ੍ਹਾਂ ਜੁੜ ਚੁੱਕੀ ਹੈ। ਡਾਟਾ ਹੁਣ 21ਵੀਂ ਸਦੀ ਦੀ ਸਭ ਤੋਂ ਕੀਮਤੀ ਸੰਪਤੀ ਬਣ ਚੁੱਕਾ ਹੈ ਅਤੇ ਜਿਸ ਦੇਸ਼ ਕੋਲ ਡਾਟਾ 'ਤੇ ਕਾਬੂ ਹੈ, ਉਹੀ ਭਵਿੱਖ ਦੀ ਰਾਜਨੀਤੀ ਅਤੇ ਅਰਥ ਵਿਵਸਥਾ ਦੀ ਦਿਸ਼ਾ ਤੈਅ ਕਰੇਗਾ।

ਡਿਜੀਟਲ ਭਾਰਤ ਦਾ ਵਿਸ਼ਾਲ ਪੈਮਾਨਾ ਦੇਖੀਏ ਤਾਂ ਅੰਕੜਿਆਂ ਦੀ ਗਵਾਹੀ ਮਿਲਦੀ ਹੈ। ਭਾਰਤ ਅੱਜ ਦੁਨੀਆ ਦੇ ਸਭ ਤੋਂ ਵੱਡੇ ਡਿਜੀਟਲ ਉਪਭੋਗਤਾ ਦੇਸ਼ਾਂ ਵਿੱਚ ਸ਼ਾਮਲ ਹੈ। ਦੇਸ਼ ਵਿੱਚ ਲਗਭਗ 85 ਕਰੋੜ ਤੋਂ ਵੱਧ ਇੰਟਰਨੈੱਟ ਉਪਭੋਗਤਾ ਹਨ ਅਤੇ ਇਹ ਗਿਣਤੀ ਹਰ ਸਾਲ ਲਗਭਗ 10 ਫੀਸਦੀ ਦੀ ਦਰ ਨਾਲ ਵਧ ਰਹੀ ਹੈ। ਪਿੰਡਾਂ ਤੱਕ 47 ਅਤੇ ਹੁਣ 57 ਸੇਵਾਵਾਂ ਦੀ ਪਹੁੰਚ ਨੇ ਡਿਜੀਟਲ ਤਕਨਾਲੋਜੀ ਨੂੰ ਆਮ ਜੀਵਨ ਦਾ ਅਟੁੱਟ ਅੰਗ ਬਣਾ ਦਿੱਤਾ ਹੈ।



ਜਗਤਾਰ ਲਾਡੀ

ਡਿਜੀਟਲ ਭੁਗਤਾਨ ਇਸ ਬਦਲਾਅ ਦਾ ਸਭ ਤੋਂ ਵੱਡਾ ਸਬੂਤ ਹਨ। UPI ਪਲੇਟਫਾਰਮ ਰਾਹੀਂ ਹਰ ਮਹੀਨੇ 45 ਕਰੋੜ ਤੋਂ ਵੱਧ ਲੋਕ ਲੈਣ-ਦੇਣ ਕਰ ਰਹੇ ਹਨ ਅਤੇ ਸਾਲਾਨਾ ਡਿਜੀਟਲ ਲੈਣ-ਦੇਣ ਦੀ ਰਕਮ 200 ਲੱਖ ਕਰੋੜ ਰੁਪਏ ਤੋਂ ਉੱਪਰ ਪਹੁੰਚ ਚੁੱਕੀ ਹੈ। ਇਸ ਦੇ ਨਾਲ-ਨਾਲ ਭਾਰਤ ਵਿੱਚ ਲਗਭਗ 25 ਕਰੋੜ ਡਿਜੀਟਲ ਵਪਾਰ (E-commerce) ਖਾਤੇ ਹਨ, ਜੋ ਹਰ ਤਰ੍ਹਾਂ ਦੀ ਖ਼ਰੀਦਦਾਰੀ ਅਤੇ ਸਰਵਿਸਿਜ਼ ਨੂੰ ਆਨਲਾਈਨ ਲੈ ਰਹੇ ਹਨ।

ਜਿੱਥੇ ਪੈਮਾਨਾ ਏਨਾ ਵਿਸ਼ਾਲ ਹੋਵੇ, ਓਥੇ ਖ਼ਤਰੇ ਵੀ ਉਸੇ ਅਨੁਪਾਤ ਵਿੱਚ ਵਧ ਜਾਂਦੇ ਹਨ। ਇੱਕ ਛੋਟੀ ਜਿਹੀ ਤਕਨੀਕੀ ਖ਼ਾਮੀ ਜਾਂ ਸਾਈਬਰ ਹਮਲਾ ਵੀ ਲੱਖਾਂ ਨਾਗਰਿਕਾਂ ਦੇ ਜੀਵਨ 'ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ।

ਸਾਈਬਰ ਅਪਰਾਧ ਇਕ ਅਦਿੱਖ, ਪਰ ਖ਼ਤਰਨਾਕ ਜੰਗ ਹੈ। ਡਿਜੀਟਲ ਭਾਰਤ ਦਾ ਦੂਜਾ ਅਤੇ ਕਾਫ਼ੀ ਚਿੰਤਾਜਨਕ ਪੱਖ ਸਾਈਬਰ ਅਪਰਾਧਾਂ ਵਿੱਚ ਹੋ ਰਿਹਾ ਤੇਜ਼ ਵਾਧਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ਸਾਈਬਰ ਅਪਰਾਧਾਂ ਦੇ ਮਾਮਲੇ 300 ਫੀਸਦੀ ਤੋਂ ਵੱਧ ਵਧੇ ਹਨ। ਆਨਲਾਈਨ ਧੋਖਾਧੜੀ, ਫ਼ਿਸ਼ਿੰਗ, ਡਾਟਾ ਚੋਰੀ ਅਤੇ ਡਿਜੀਟਲ ਬਲੈਕਮੇਲ ਹੁਣ ਆਮ ਅਪਰਾਧਾਂ ਦੀ ਸ਼੍ਰੇਣੀ ਵਿੱਚ ਆ ਗਏ ਹਨ। ਇਹ ਅਪਰਾਧ ਕੇਵਲ ਵਿਅਕਤੀਗਤ ਨੁਕਸਾਨ ਤੱਕ ਸੀਮਿਤ ਨਹੀਂ ਰਹਿੰਦੇ; ਇਹ ਦੇਸ਼ ਦੀ ਆਰਥਿਕਤਾ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ।

ਭਾਰਤ ਵਿੱਚ ਸਾਈਬਰ ਕਾਨੂੰਨੀ ਢਾਂਚਾ ਅਜੇ ਤਕ ਪੂਰਨ ਨਹੀਂ ਹੈ। ਹਰ ਸਾਲ ਆਨਲਾਈਨ ਧੋਖਾਧੜੀ ਕਾਰਨ ਦੇਸ਼ ਨੂੰ ਲੱਖਾਂ ਕਰੋੜ ਰੁਪਏ ਦੀ ਆਰਥਿਕ ਹਾਨੀ ਝੱਲਣੀ ਪੈਂਦੀ ਹੈ। ਹੋਰ ਵੀ ਗੰਭੀਰ ਗੱਲ ਇਹ ਹੈ ਕਿ ਇਨ੍ਹਾਂ ਮਾਮਲਿਆਂ ਵਿੱਚੋਂ ਸਿਰਫ਼ 20 ਤੋਂ 25 ਫੀਸਦੀ ਕੇਸਾਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਮਿਲ ਪਾਉਂਦੀ ਹੈ। ਇਸ ਸਥਿਤੀ ਨਾਲ ਸਪੱਸ਼ਟ ਹੈ ਕਿ ਸਾਈਬਰ ਕਾਨੂੰਨੀ ਢਾਂਚੇ ਅਤੇ ਜਾਂਚ ਪ੍ਰਣਾਲੀ ਨੂੰ ਮਜ਼ਬੂਤੀ ਦੀ ਲੋੜ ਹੈ।

ਵਿਦੇਸ਼ੀ ਤਕਨਾਲੋਜੀ 'ਤੇ ਨਿਰਭਰਤਾ ਭਾਰਤ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਹੈ। ਅੰਕੜਿਆਂ ਮੁਤਾਬਕ ਭਾਰਤ ਵਿੱਚ ਵਰਤੇ ਜਾਣ ਵਾਲੇ ਮੋਬਾਇਲ ਅਪਰੇਟਿੰਗ ਸਿਸਟਮਾਂ ਦਾ ਲਗਭਗ 95 ਫੀਸਦੀ ਹਿੱਸਾ ਸਿਰਫ਼ ਦੋ ਵਿਦੇਸ਼ੀ ਕੰਪਨੀਆਂ ਦੇ ਕਬਜ਼ੇ ਹੇਠ ਹੈ। ਇਸੇ ਤਰ੍ਹਾਂ 90 ਫੀਸਦੀ ਤੋਂ ਵੱਧ ਕਲਾਊਡ ਡਾਟਾ ਸੈਂਟਰ ਵੀ ਵਿਦੇਸ਼ੀ ਕੰਪਨੀਆਂ ਦੁਆਰਾ ਸੰਚਾਲਿਤ ਕੀਤੇ ਜਾਂਦੇ ਹਨ । ਇਸ ਦਾ ਅਰਥ ਹੈ ਕਿ ਭਾਰਤੀ ਨਾਗਰਿਕਾਂ ਦਾ ਵਿਸ਼ਾਲ ਡਾਟਾ ਦੇਸ਼ ਦੀਆਂ ਸਰਹੱਦਾਂ ਤੋਂ ਬਾਹਰਲੇ ਸਰਵਰਾਂ 'ਤੇ ਸਟੋਰ ਹੋ ਰਿਹਾ ਹੈ।

ਕਾਨੂੰਨੀ ਅਤੇ ਸੰਸਥਾਗਤ ਢਾਂਚਾ ਹਾਲਾਂਕਿ ਉਪਲੱਬਧ ਹੈ, ਪਰ ਅਜੇ ਵੀ ਘੱਟ ਹਨ। IT ਐਕਟ, ਡਾਟਾ ਸੁਰੱਖਿਆ ਕਾਨੂੰਨ ਅਤੇ CERT-In ਵਰਗੀਆਂ ਸੰਸਥਾਵਾਂ ਡਿਜੀਟਲ ਸੁਰੱਖਿਆ ਲਈ ਮੌਜੂਦ ਹਨ। NCIIPC ਵਰਗੀਆਂ ਏਜੰਸੀਆਂ ਮੁੱਖ ਢਾਂਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਜੁਟੀਆਂ ਹੋਈਆਂ ਹਨ, ਪਰ ਅੰਦਾਜ਼ਾ ਹੈ ਕਿ ਭਾਰਤ ਵਿੱਚ ਸਾਈਬਰ ਸੁਰੱਖਿਆ ਮਾਹਰਾਂ ਦੀ ਘਾਟ 10 ਲੱਖ ਤੋਂ ਵੱਧ ਹੈ ਅਤੇ ਕੇਵਲ 30 ਫੀਸਦੀ ਸੰਸਥਾਵਾਂ ਕੋਲ ਪੂਰਾ ਤਕਨੀਕੀ ਸਟਾਫ਼ ਉਪਲੱਬਧ ਹੈ।

ਡਿਜੀਟਲ ਭਾਰਤ ਦਾ ਸੁਪਨਾ ਸੁਰੱਖਿਆ ਤੋਂ ਬਿਨਾਂ ਅਧੂਰਾ ਹੈ। ਜਦੋਂ ਦੇਸ਼ ਵਿੱਚ 85 ਕਰੋੜ ਤੋਂ ਵੱਧ ਇੰਟਰਨੈੱਟ ਉਪਭੋਗਤਾ ਹਨ, ਸਾਲਾਨਾ 200 ਲੱਖ ਕਰੋੜ ਰੁਪਏ ਤੋਂ ਵੱਧ ਡਿਜੀਟਲ ਲੈਣ-ਦੇਣ ਹੁੰਦਾ ਹੈ ਅਤੇ ਸਾਈਬਰ ਅਪਰਾਧ ਲਗਾਤਾਰ ਵਧ ਰਹੇ ਹਨ, ਤਾਂ ਡਿਜੀਟਲ ਸੁਰੱਖਿਆ ਨੂੰ ਅਣਡਿੱਠਾ ਕਰਨਾ ਖ਼ਤਰੇ ਨੂੰ ਸੱਦਾ ਦੇਣ ਦੇ ਬਰਾਬਰ ਹੈ।

ਲੋੜ ਹੈ ਇੱਕ ਅਜਿਹੀ ਸੰਤੁਲਿਤ ਡਿਜੀਟਲ ਨੀਤੀ ਦੀ, ਜੋ ਤਕਨਾਲੋਜੀ ਨੂੰ ਤਾਕਤ ਬਣਾਏ, ਨਾ ਕਿ ਕਮਜ਼ੋਰੀ। ਸੁਰੱਖਿਅਤ, ਖੁਦਮੁਖਤਿਆਰ ਅਤੇ ਲੋਕਤੰਤਰਕ ਡਿਜੀਟਲ ਭਾਰਤ ਹੀ ਭਵਿੱਖ ਦੀ ਅਸਲ ਤਰੱਕੀ ਦੀ ਗਾਰੰਟੀ ਹੈ। ਨਾਗਰਿਕਾਂ, ਸਰਕਾਰ ਅਤੇ ਤਕਨੀਕੀ ਮਾਹਰਾਂ ਦੀ ਸਹਿ-ਭਾਗੀਦਾਰੀ ਨਾਲ ਹੀ ਭਾਰਤ ਆਪਣੇ ਡਿਜੀਟਲ ਸੁਪਨਿਆਂ ਨੂੰ ਸੁਰੱਖਿਅਤ ਢੰਗ ਨਾਲ ਅਮਲ ਵਿੱਚ ਲਿਆ ਸਕੇਗਾ।

# ਸੰਪਰਕ : 94636-03091

# ਹਰਿਆਣਾ ਮਾਡਲ ਪੂਰੇ ਦੇਸ਼ ਦੇ ਸੁਸਾਸ਼ਨ ਦਾ ਮਾਡਲ ਬਣ ਸਕਦੈ : ਨਾਇਬ ਸਿੰਘ ਸੈਣੀ



ਸਮਰਾਲਾ (ਸੁਰਜੀਤ ਸਿੰਘ)-ਹਰਿਆਣਾ ਸਰਕਾਰ ਦਾ ਮਾਡਲ ਪੂਰੇ ਦੇਸ਼ ਦੇ ਸੁਸ਼ਾਸਨ ਦਾ ਮਾਡਲ ਬਣ ਸਕਦੈ।ਇਹ ਵਿਚਾਰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਭਾਰਤੀ ਜਨਤਾ ਪਾਰਟੀ ਵੱਲੋਂ ਆਯੋਜਤ ਹਜ਼ਾਰਾਂ ਦੀ ਗਿਣਤੀ ਵਿੱਚ ਦਾਣਾ ਮੰਡੀ 'ਚ ਆਏ ਲੋਕਾਂ ਦੀ ਰੈਲੀ ਨੂੰ ਸੰਬੋਧਿਤ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਰਾਜਨੀਤੀ ਸੱਤਾ ਸੁੱਖ ਲੈਣ ਲਈ ਨਹੀਂ, ਸਗੋਂ ਸੇਵਾ ਹੈ।ਉਨ੍ਹਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਜੰਮ ਕੇ ਹਮਲੇ ਬੋਲਦਿਆਂ ਕਿਹਾ ਕਿ ਦੋਹਾਂ ਪਾਰਟੀਆਂ ਮਨਰੇਗਾ ਦੇ ਖਿਲਾਫ਼ ਕੂੜ ਪ੍ਰਚਾਰ ਮਹਿਜ਼ ਸਿਆਸੀ ਲਾਭ ਲੈਣ ਲਈ ਹੀ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੇਕਰ ਵਿਧਾਨ ਸਭਾ ਵਿੱਚ ਪ੍ਰਸਤਾਵ ਲਿਆਂਦਾ, ਫੇਰ ਅੰਕੜੇ ਤੇ ਸੁਝਾਅ ਕਿਉਂ ਪੇਸ਼ ਨਹੀਂ ਕੀਤੇ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰੰਗਲੇ ਪੰਜਾਬ ਦੀ ਦੁਰਦਸ਼ਾ ਕਰ ਦਿੱਤੀ ਹੈ।ਪੰਜਾਬ ਦੇ ਕਿਸਾਨ ਨੂੰ ਹਾਲੀਆ ਬਰਸਾਤਾਂ 'ਚ ਹੋਏ ਫ਼ਸਲਾਂ ਦੇ ਖ਼ਰਾਬੇ ਤੇ ਹੋਰ ਨੁਕਸਾਨ ਦਾ ਮੁਆਵਜ਼ਾ ਨਹੀਂ ਮਿਲਿਆ, ਜਦਕਿ ਹਰਿਆਣਾ ਨੇ ਕਿਸਾਨਾਂ ਨੂੰ ਖ਼ਰਾਬੇ ਦਾ 116 ਕਰੋੜ ਰੁਪਿਆ ਉਨ੍ਹਾਂ ਦੇ ਬੈਂਕ ਖਾਤਿਆਂ 'ਚ ਟਰਾਂਸਫਰ ਕਰ ਦਿੱਤਾ ਤੇ ਪਸ਼ੂਆਂ ਨੂੰ ਹੋਏ ਨੁਕਸਾਨ ਦਾ 4.5 ਕਰੋੜ ਰੁਪਿਆ ਦਿੱਤਾ ਗਿਆ।ਇਸੇ ਤਰ੍ਹਾਂ ਕਿਸਾਨਾਂ ਨੂੰ ਫ਼ਸਲਾਂ ਦੇ ਘੱਟ ਰੇਟ 'ਤੇ ਵਿਕਣ ਦੀ ਭਰਪਾਈ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਹਿਸਾਬ ਦੇਵੇ ਕਿ ਉਸ ਨੇ ਕਿਸਾਨਾਂ ਦੀ ਫ਼ਸਲ ਦਾ ਕਿੰਨਾ ਮੁਆਵਜ਼ਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਹਰਿਆਣਾ 'ਚ ਕਿਸਾਨਾਂ ਨੂੰ 24 ਫ਼ਸਲਾਂ ਤੇ ਐਮਐਸਪੀ ਤੇ ਗੰਨੇ ਦਾ ਭਾਅ 415 ਰੁਪਏ ਪ੍ਰਤੀ ਕੁਇੰਟਲ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਤਾਂ ਲੋਕਾਂ ਨੂੰ ਕੱਟੀ-ਵੱਛੀ ਮਰੀ ਤੱਕ ਦਾ ਮੁਆਵਜ਼ਾ ਦੇਣ ਬਾਰੇ ਕਿਹਾ ਸੀ, ਪਰ ਦਿੱਤਾ ਕੁਝ ਨਹੀਂ।ਉਨ੍ਹਾਂ ਕਿਹਾ ਕਿ ਨਿਰਾ-ਪੂਰਾ ਚੁਟਕਲੇ ਸੁਣਾ ਕੇ ਲੋਕਾਂ ਦਾ ਪੇਟ ਨਹੀਂ ਭਰਦਾ, ਲੋਕ ਸਰਕਾਰ ਦਾ ਕੰਮ ਦੇਖਦੇ ਹਨ।

ਮੁੱਖ ਮੰਤਰੀ ਸੈਣੀ ਨੇ ਆਪਣੀ ਹਰਿਆਣਾ ਸਰਕਾਰ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੇ ਚੋਣ ਮੈਨੀਫੈਸਟੋ ਵਿੱਚ ਜਨਤਾ ਨਾਲ 217 ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚੋਂ ਇੱਕ ਸਾਲ ਵਿੱਚ 53 ਪੂਰੇ ਕਰ ਦਿੱਤੇ ਗਏ ਤੇ ਬਾਕੀ ਦੇ ਅਗਲੇ ਵਿੱਤੀ ਸਾਲ ਦੌਰਾਨ ਪੂਰੇ ਕਰ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਔਰਤਾਂ ਨੂੰ 2500 ਤੇ ਬਜ਼ੁਰਗਾਂ ਨੂੰ 3200 ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ ਤੇ 'ਲਾਡੋ-ਲਕਸ਼ਮੀ' ਸਕੀਮ ਤਹਿਤ ਮਹਿਲਾਵਾਂ ਨੂੰ 2100 ਰੁਪਏ ਦਿੱਤੇ ਜਾ ਰਹੇ ਹਨ, ਜਦਕਿ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਔਰਤਾਂ ਨੂੰ ਵਾਅਦੇ ਅਨੁਸਾਰ ਹੁਣ ਹਾਜ਼ਰ ਰੁਪਏ ਤੱਕ ਨਹੀਂ ਦੇ ਸਕੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਨਾਜਾਇਜ਼ ਮਾਇਨਿੰਗ ਤੇ ਭ੍ਰਿਸ਼ਟਾਚਾਰ ਸਿਖਰਾਂ 'ਤੇ ਹੈ, ਉਸ ਨੂੰ ਰੋਕਣਾ ਤਾਂ ਇੱਕ ਪਾਸੇ ਰਿਹਾ ਸਗੋਂ ਇਸ ਵਿੱਚ ਹੋਰ ਵਾਧਾ ਹੋਇਆ ਹੈ।ਉਨ੍ਹਾਂ ਕਿਹਾ ਪੰਜਾਬ ਦਾ ਨੌਜਵਾਨ ਨਸ਼ਿਆਂ 'ਚ ਫਸ ਕੇ ਬਰਬਾਦ ਹੋ ਰਿਹਾ ਹੈ। ਰੁਜ਼ਗਾਰ ਨਾ ਮਿਲਣ ਕਰਕੇ ਮਜਬੂਰੀ ਵੱਸ ਵਿਦੇਸ਼ਾਂ ਨੂੰ ਜਾ ਰਿਹਾ ਹੈ।ਇਸ ਤੋਂ ਪਹਿਲਾਂ ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕਾਂਗਰਸ ਤੇ ਚੰਗੇ ਰਗੜੇ ਲਾਏ।ਦੋਹਾਂ ਲੀਡਰਾਂ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ।

ਅਖੀਰ ਨਿਸ਼ੂ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀਆਂ ਲੋਕ ਹਿਤੂ ਸਕੀਮਾਂ ਦਾ ਲਾਭ ਗਰੀਬਾਂ ਤੱਕ ਨਹੀਂ ਪਹੁੰਚਾ ਰਹੀ।ਭਾਜਪਾ ਕੇਂਦਰ ਦੀਆਂ ਸਕੀਮਾਂ ਘਰ-ਘਰ ਤੱਕ ਪੁਚਾਉਣ ਦਾ ਕੰਮ ਕਰੇਗੀ। ਇਸ ਤੋਂ ਪਹਿਲਾਂ ਭਾਜਪਾ ਆਗੂ ਗੇਜਾ ਰਾਮ, ਭਾਜਪਾ ਜ਼ਿਲ੍ਹਾ ਪ੍ਰਧਾਨ ਵਿਕਰਮਜੀਤ ਸਿੰਘ ਚੀਮਾ, ਅਸ਼ਵਨੀ ਸਰੀਨ ਤੇ ਰਾਜ ਸਭਾ ਮੈਂਬਰ ਸਤਵੰਤ ਸਿੰਘ ਸੰਧੂ ਨੇ ਵੀ ਵਿਚਾਰ ਪੇਸ਼ ਕੀਤੇ।

## 60 ਸਾਲਾਂ ਦੀ ਲੀਜ਼ 'ਤੇ ਸੰਸਥਾ ਦੇਣਾ ਸਰਕਾਰ ਦੀ ਪ੍ਰਾਪਤੀ ਨਹੀਂ : ਡਾ. ਹਰਜੋਤ ਕਮਲ



ਮੋਗਾ (ਇਕਬਾਲ ਸਿੰਘ ਖਹਿਰਾ)-ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਲਹਿਰਾਗਾਗਾ ਵਿੱਚ ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੂੰ ਦਿੱਲੀ ਸਥਿਤ ਇੱਕ ਨਿੱਜੀ ਸੰਸਥਾ ਨੂੰ 60 ਸਾਲਾਂ ਲਈ ਲੀਜ਼ 'ਤੇ ਦੇਣ ਦੇ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਹੈ।ਉਨ੍ਹਾਂ ਕਿਹਾ ਕਿ ਇਸ ਫੈਸਲੇ ਨੂੰ ਬਿਨਾਂ ਕਿਸੇ ਸਰਕਾਰੀ ਨਿਵੇਸ਼ ਜਾਂ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਪ੍ਰਾਪਤੀ ਵਜੋਂ ਪੇਸ਼ ਕਰਨਾ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ।ਡਾ. ਕਮਲ ਨੇ ਸਵਾਲ ਕੀਤਾ ਕਿ ਜੇਕਰ ਕਿਸੇ ਸੰਸਥਾ ਨੂੰ 60 ਸਾਲਾਂ ਲਈ ਕਿਸੇ ਨਿੱਜੀ ਸੰਸਥਾ ਨੂੰ ਸੌਂਪਿਆ ਗਿਆ ਹੈ, ਤਾਂ ਇਸ ਵਿੱਚ ਸੂਬਾ ਸਰਕਾਰ ਦੀ ਕੀ ਪ੍ਰਾਪਤੀ ਹੈ? ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕੋਈ ਨਵੀਂ ਇੱਟ, ਸਰੋਤ ਜਾਂ ਨਿਵੇਸ਼ ਜੋੜਿਆ ਹੈ, ਤਾਂ ਸਿਹਰਾ ਆਪਣੇ ਸਿਰ ਸਜਾਉਣਾ ਸਮਝ ਵੀ ਆਉਂਦਾ ਹੈ, ਹਾਲਾਂਕਿ, ਸਿਰਫ਼ ਲੀਜ਼ 'ਤੇ ਦੇ ਕੇ ਖੁਸ਼ੀ ਦੇ ਲੱਡੂ ਵੰਡਣੇ, ਮਹਿਜ ਢੌਂਗ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ 16 ਸਰਕਾਰੀ ਮੈਡੀਕਲ ਕਾਲਜਾਂ ਦੇ ਨੀਂਹ ਪੱਥਰ, ਜਿਨ੍ਹਾਂ ਵਿੱਚ ਮੋਗਾ ਦਾ ਇੱਕ ਵੀ ਸ਼ਾਮਲ ਹੈ, ਖੁਦ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਮੰਤਰੀਆਂ ਨੇ ਰੱਖੇ ਸਨ।ਅੱਜ, ਜਨਤਾ ਇਨ੍ਹਾਂ ਮੈਡੀਕਲ ਕਾਲਜਾਂ ਦੀ ਮੌਜੂਦਾ ਸਥਿਤੀ, ਉਸਾਰੀ ਦਾ ਕੰਮ ਕਿੰਨਾ ਹੋਇਆ ਹੈ ਤੇ ਇਹ ਕਦੋਂ ਚਾਲੂ ਹੋਣਗੇ, ਇਹ ਸਭ ਜਾਣਨਾ ਚਾਹੁੰਦੀ ਹੈ।ਇਨ੍ਹਾਂ ਸਵਾਲਾਂ ਦੇ ਜਵਾਬ ਦੇਣਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ।ਸਿਰਫ਼ ਨੀਂਹ ਪੱਥਰ ਰੱਖਣਾ ਤੇ ਫਿਰ ਸਾਲਾਂ ਤੱਕ ਕੋਈ ਕੰਮ ਨਾ ਹੋਣਾ ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਅੰਤਰ ਨੂੰ ਉਜਾਗਰ ਕਰਦਾ ਹੈ।

ਡਾ. ਹਰਜੋਤ ਕਮਲ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਝੂਠੇ ਤੇ ਅਧੂਰੇ ਵਾਅਦਿਆਂ ਨਾਲ ਜਨਤਾ ਦਾ ਵਿਸ਼ਵਾਸ ਹਾਸਲ ਕੀਤਾ ਸੀ, ਪਰ ਸੱਤਾ ਵਿੱਚ ਆਉਣ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਲੋਕਾਂ ਨੂੰ ਅਸਲੀਅਤ ਸਮਝ ਆਉਣੀ ਸ਼ੁਰੂ ਹੋ ਗਈ ਹੈ।ਅੱਜ ਸਥਿਤੀ ਅਜਿਹੀ ਹੈ ਕਿ ਸਰਕਾਰ ਦੇ ਜ਼ਿਆਦਾਤਰ ਵਾਅਦੇ ਜਾਂ ਤਾਂ ਅਧੂਰੇ ਹਨ ਜਾਂ ਪੂਰੀ ਤਰ੍ਹਾਂ ਭੁੱਲ ਗਏ ਹਨ।ਡਾ. ਹਰਜੋਤ ਕਮਲ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਜਾਗਰੂਕ ਹਨ ਤੇ ਵਾਰ-ਵਾਰ ਝੂਠੇ ਦਾਅਵਿਆਂ ਤੇ ਖੋਖਲੇ ਪ੍ਰਚਾਰ ਵਿੱਚ ਨਹੀਂ ਫਸਣਗੇ।

# ਕਿਸਾਨਾਂ ਵੱਲੋਂ ਹੱਡ ਚੀਰਵੀਂ ਠੰਢ ਦੇ ਬਾਵਜੂਦ ਪਿੰਡਾਂ 'ਚ ਢੋਲ ਮਾਰਚ ਤੇ ਰੈਲੀਆਂ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਕੇਂਦਰ ਸਰਕਾਰ ਵੱਲੋਂ ਲਿਆਂਦੇ ਚਾਰ ਕਾਨੂੰਨਾਂ ਦੇ ਵਿਰੋਧ 'ਚ ਬਲਾਕ ਮਹਿਲ ਕਲਾਂ ਦੇ ਸੰਯੁਕਤ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ, ਜਨਤਕ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਨੇ ਆਗੂਆਂ ਨੇ ਕੜਕਦੀ ਠੰਢ ਦੇ ਬਾਵਜੂਦ ਪਿੰਡ ਚੁਹਾਣਕੇ ਕਲਾਂ, ਚੁਹਾਣਕੇ ਖੁਰਦ ਤੇ ਰਾਏਸਰ ਵਿਖੇ ਢੋਲ ਮਾਰਚ ਕਰਨ ਉਪਰੰਤ ਰੋਸ ਰੈਲੀਆਂ ਕਰਕੇ ਕਿਰਤੀ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਲਾਮਬੰਦ ਕੀਤਾ।ਭਾਕਿਯੂ ਡਕੌਂਦਾ ਧਨੇਰ ਦੇ ਆਗੂ ਜਗਰਾਜ ਸਿੰਘ ਹਰਦਾਸਪੁਰਾ, ਭਾਕਿਯੂ ਕਾਦੀਆਂ ਦੇ ਮੋਹਨ ਸਿੰਘ, ਭਾਈ ਲਾਲੋ ਪੰਜਾਬੀ ਮੰਚ ਦੇ ਹਰਜੀਤ ਸਿੰਘ ਖਿਆਲੀ, ਭਾਕਿਯੂ ਉਗਰਾਹਾਂ ਦੇ ਮਾਨ ਸਿੰਘ ਗੁਰਮ, ਟੀ ਐੱਸ ਯੂ ਆਗੂ ਕੁਲਵੀਰ ਸਿੰਘ ਔਲਖ, ਮੁਲਾਜ਼ਮ ਆਰਗੇਨਾਈਜ਼ਰ ਯੂਨਾਈਟਡ ਆਗੂ ਸੁਖਪਾਲ ਮੱਲੀ ਨੇ ਕਿਹਾ ਕਿ ਮੋਦੀ ਸਰਕਾਰ ਲੋਕ ਵਿਰੋਧੀ ਕਾਨੂੰਨ ਲਾਗੂ ਕਰਕੇ ਪਹਿਲਾਂ ਤੋਂ ਵਧੀਆ ਢੰਗ ਨਾਲ ਚੱਲ ਰਹੇ ਸਰਕਾਰੀ ਅਦਾਰਿਆਂ ਦਾ ਭੋਗ ਪਾਉਣਾ ਚਾਹੁੰਦੀ ਹੈ।ਇਸ ਦੇ ਵਿਰੋਧ ਵਿੱਚ ਸਮੁੱਚੇ ਦੇਸ਼ ਅੰਦਰ ਇਨਸਾਫ਼ ਪਸੰਦ ਲੋਕਾਂ ਵੱਲੋਂ ਮੋਦੀ ਹਕੂਮਤ ਖਿਲਾਫ ਰੋਸ ਲਹਿਰ ਚਲਾਈ ਜਾ ਰਹੀ ਹੈ।ਮੋਦੀ ਸਰਕਾਰ ਮਜ਼ਦੂਰਾਂ ਦੀ ਮਨਰੇਗਾ ਸਕੀਮ ਦਾ ਭੋਗ ਪਾ ਕੇ ਜੀ ਰਾਮ ਜੀ ਰਾਹੀਂ ਮਜ਼ਦੂਰਾਂ ਦੀ ਹੋਰ ਲੁੱਟ ਕਰਨਾ ਚਾਹੁੰਦੀ ਹੈ, ਨਵੇਂ ਚਾਰ ਕਿਰਤ ਕਾਨੂੰਨਾਂ ਰਾਹੀਂ ਜਨਤਕ ਘੋਲਾਂ 'ਤੇ ਪਾਬੰਦੀਆਂ ਲਾ ਕੇ, ਮਜ਼ਦੂਰਾਂ ਤੋਂ ਮਸ਼ੀਨਾਂ ਵਾਂਗ ਕੰਮ ਕਰਵਾਉਣ, ਨਵਾਂ ਸੀਡ ਸੋਧ ਬਿੱਲ ਲਿਆ ਕੇ ਪੁਰਾਤਨ ਫਸਲਾਂ ਨੂੰ ਖਤਮ ਕਰਕੇ ਬੀ ਟੀ ਵਰਗੇ ਨਵੇਂ ਬੀਜ ਜਬਰੀ ਕਿਸਾਨਾਂ 'ਤੇ ਥੋਪ ਕੇ ਲੋਕਾਂ ਦੀ ਸਿਹਤ ਦਾ ਖਿਲਵਾੜ ਕਰਨਾ ਚਾਹੁੰਦੀ ਹੈ ਅਤੇ ਬਿਜਲੀ ਸੋਧ ਬਿੱਲ 2025 ਨੂੰ ਲਾਗੂ ਕਰਕੇ ਲੋਕਾਂ ਵੱਲੋਂ ਮੁਫ਼ਤ ਵਿੱਚ ਦਿੱਤੀਆਂ ਬੇਸ਼ਕੀਮਤੀ ਜ਼ਮੀਨਾਂ 'ਤੇ ਲੋਕਾਂ ਦੀ ਖੂਨ ਪਸੀਨੇ ਰਾਹੀਂ ਉਸਾਰੇ ਗਰਿੱਡਾਂ ਨੂੰ ਨਿੱਜੀਕਰਨ ਦੀ ਨੀਤੀ ਤਹਿਤ ਅਡਾਨੀ ਅੰਬਾਨੀ, ਵਰਗੀਆਂ ਕੰਪਨੀਆਂ ਨੂੰ ਸੌਂਪ ਕੇ ਬਿਜਲੀ ਬੋਰਡਾਂ ਦਾ ਭੋਗ ਪਾ ਕੇ ਮਹਿੰਗੀ ਬਿਜਲੀ ਦੇਣਾ ਚਾਹੁੰਦੀ ਹੈ, ਜਿਸ ਦਾ ਸਮੁੱਚੇ ਲੋਕਾਂ ਵੱਲੋਂ ਸਖਤ ਵਿਰੋਧ ਕੀਤਾ ਜਾ ਰਿਹਾ ਹੈ।ਇਨ੍ਹਾਂ ਕਾਨੂੰਨਾਂ ਦੇ ਖਿਲਾਫ ਸਮੁੱਚੇ ਭਾਰਤ ਵਿੱਚ 16 ਜਨਵਰੀ ਨੂੰ ਡੀ ਸੀ ਦਫਤਰਾਂ ਅੱਗੇ ਲਾਮਿਸਾਲ ਰੈਲੀਆਂ 'ਚ ਦੇਸ਼ ਦੇ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਦੇਣ ਉਪਰੰਤ ਸ਼ਹਿਰਾਂ ਵਿੱਚ ਰੋਸ ਮਾਰਚ ਕਰਕੇ ਇਨ੍ਹਾਂ ਚਾਰ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਉੱਠਾਈ ਜਾਵੇਗੀ।

ਪਿੰਡਾਂ ਦੀਆਂ ਰੈਲੀਆਂ ਦੌਰਾਨ ਵੱਡੀ ਗਿਣਤੀ ਵਿੱਚ ਮਜ਼ਦੂਰਾਂ, ਕਿਸਾਨਾਂ ਸਮੇਤ ਔਰਤਾਂ ਨੇ ਹਿੱਸਾ ਲਿਆ ਤੇ ਆਗੂਆਂ ਦੇ ਚਾਰ ਕਾਨੂੰਨਾਂ ਬਾਬਤ ਵਿਚਾਰ ਸੁਣਦਿਆਂ 16 ਜਨਵਰੀ ਨੂੰ ਡੀ ਸੀ ਦਫਤਰ ਬਰਨਾਲਾ ਪਹੁੰਚਣ ਦਾ ਐਲਾਨ ਕੀਤਾ ਹੈ।ਕਿਸਾਨ ਆਗੂ ਭਪਿੰਦਰ ਸਿੰਘ ਮੂੰਮ, ਗੋਰਾ ਸਿੰਘ ਰਾਏਸਰ, ਅਮਨਦੀਪ ਸਿੰਘ ਰਾਏਸਰ, ਕ੍ਰਾਂਤੀਕਾਰੀ ਯੂਨੀਅਨ ਦੇ ਗੁਰਪ੍ਰੀਤ ਗੋਪੀ ਨੇ 16 ਜਨਵਰੀ ਨੂੰ ਡੀ ਸੀ ਦਫਤਰ ਬਰਨਾਲਾ ਵਿਖੇ ਧਰਨੇ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਵਿਸ਼ਵਾਸ ਦਿਵਾਇਆ।

# 'ਆਓ ਕੁੜੀਓ, ਗਿੱਧਾ ਪਾਓ ਕੁੜੀਓ' ਹੇਠ ਇਕਬਾਲ ਇਨ ਲੇਡੀਜ਼ ਕਲੱਬ ਨੇ ਮਨਾਈ ਲੋਹੜੀ



ਪਟਿਆਲਾ (ਰਾਜਿੰਦਰ ਥਿੰਦ)

ਮਹਿਲਾਵਾਂ ਦੇ ਸਸ਼ਕਤੀਕਰਨ ਨੂੰ ਹੋਰ ਮਜਬੂਤੀ ਦੇਣ ਲਈ ਵਚਨਬੱਧ ਇਕਬਾਲ ਇਨ ਲੇਡੀਜ ਕਲੱਬ ਵੱਲੋਂ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਕਮਲਪ੍ਰੀਤ ਸਿੰਘ ਸੇਠੀ ਪ੍ਰਬੰਧਕੀ ਨਿਰਦੇਸ਼ਕ ਹੋਟਲ ਇਕਬਾਲ ਇਨ ਦੀ ਦੇਖਰੇਖ ਹੇਠ ਮਨਾਏ ਗਏ ਇਸ ਪਵਿੱਤਰ ਤਿਉਹਾਰ ਮੌਕੇ ਇਕਬਾਲ ਇਨ ਲੇਡੀਜ ਕਲੱਬ ਦੀਆਂ ਲਗਭਗ 150 ਮੈਂਬਰ ਮਹਿਲਾਵਾਂ ਵੱਲੋਂ ਇਸ ਖਾਸ ਪ੍ਰੋਗਰਾਮ ਵਿੱਚ ਭਾਗ ਲਿਆ ਗਿਆ। ਸ੍ਰੀ ਸੇਠੀ ਨੇ ਦੱਸਿਆ ਕਿ ਇਕਬਾਲ ਇਨ ਲੇਡੀਜ ਕਲੱਬ ਵੱਲੋਂ ਮਹਿਲਾਵਾਂ ਦੇ ਸਨਮਾਨ ਤੇ ਉਨ੍ਹਾਂ ਦੀ ਸਮਾਜਿਕ ਉਨਤੀ ਨੂੰ ਹੋਰ ਵਧਾਵਾ ਦੇਣ ਦੇ ਮੰਤਵ ਨਾਲ ਕਲੱਬ ਵੱਲੋਂ ਹਰੇਕ ਤਿਉਹਾਰ ਬੜੀ ਧੂਮ-ਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ।ਖਾਸ ਗੱਲ ਇਹ ਰਹੀ ਕਿ ਇਸ ਪ੍ਰੋਗਰਾਮ ਦਾ ਸਿਰਲੇਖ 'ਆਓ ਕੁੜੀਓ, ਗਿੱਧਾ ਪਾਓ ਕੁੜੀਓ' ਰੱਖਿਆ ਗਿਆ, ਜਿਸ ਅਧੀਨ ਮਹਿਲਾ ਪ੍ਰਤੀਭਾਗਣਾ ਵੱਲੋਂ ਲੋਹੜੀ ਦੇ ਸ਼ੁਭ ਤਿਉਹਾਰ ਮੌਕੇ ਪਤੰਗ ਵੀ ਉਡਾਏ ਗਏ।ਇਕਬਾਲ ਇਨ ਹੋਟਲ ਦੇ ਵਿਹੜੇ ਵਿਖੇ ਮਨਾਏ ਇਸ ਤਿਉਹਾਰ ਮੌਕੇ ਵੱਖ-ਵੱਖ ਰੰਗਾਂ ਦੇ ਪਤੰਗਾਂ ਨਾਲ ਸਜਾਵਟੀ ਦਿੱਖ ਹੋਰ ਵੀ ਸੁੰਦਰ ਦਿਖਣ ਲੱਗ ਪਈ। ਢੋਲੀ ਵੱਲੋਂ ਢੋਲ ਵਜਾ ਕੇ ਪ੍ਰੋਗਰਾਮ ਨੂੰ ਸੱਭਿਆਚਾਰਕ ਰੰਗਤ ਦਿੰਦੇ ਹੋਏ ਮਹਿਲਾ ਪ੍ਰਤਿਭਾਗੀਆਂ ਵੱਲੋਂ 'ਸੁੰਦਰ ਮੁੰਦਰੀਏ' ਵਰਗੀਆਂ ਬੋਲੀਆਂ, ਜੋ ਖਾਸ ਤੌਰ 'ਤੇ ਲੋਹੜੀ ਦੇ ਤਿਉਹਾਰ ਮੌਕੇ ਗਾਈਆਂ ਜਾਂਦੀਆਂ ਹਨ, ਵੀ ਉਚੇਚੇ ਤੌਰ 'ਤੇ ਗਾਈਆਂ ਗਈਆਂ।ਇਸ ਤੋਂ ਇਲਾਵਾ ਔਰਤਾਂ ਵੱਲੋਂ ਪਾਇਆ ਰਵਾਇਤੀ ਗਿੱਧਾ ਪ੍ਰੋਗਰਾਮ ਨੂੰ ਸਿਖਰਾਂ ਉੱਤੇ ਲੈ ਗਿਆ, ਜਦੋਂਕਿ ਇਨ੍ਹਾਂ ਮੁਕਾਬਲਿਆਂ ਦੌਰਾਨ ਸੱਭਿਆਚਾਰਕ ਬੋਲੀਆਂ ਨੇ ਪੂਰੇ ਪ੍ਰੋਗਰਾਮ ਦਾ ਰੰਗ ਬੰਨਣ ਵਿੱਚ ਕੋਈ ਕਸਰ ਨਾ ਛੱਡੀ।ਇਨ੍ਹਾਂ ਸਾਰੇ ਮੁਕਾਬਲਿਆਂ ਤੋਂ ਪਿੱਛੋਂ ਕਲੱਬ ਵੱਲੋਂ ਸਾਰੇ ਪ੍ਰਤਿਭਾਗੀਆ ਲਈ ਉਚੇਚੇ ਤੌਰ 'ਤੇ ਵਿਸ਼ੇਸ਼ ਭੋਜਨ ਦਾ ਵੀ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਸਭ ਤੋਂ ਜ਼ਿਆਦਾ ਪੁਰਾਣਿਆਂ ਸਮਿਆਂ ਦੌਰਾਨ ਪੰਜਾਬ ਦੇ ਪਿੰਡਾਂ ਵਿੱਚ ਬਣਾਈ ਜਾਂਦੀ ਗੰਨੇ ਦੇ ਰਸ ਦੀ ਖੀਰ ਸੀ ਜੋ ਕਿ ਲੋਹੜੀ (ਮਾਘੀ) ਦੇ ਦਿਨਾਂ ਵਿੱਚ ਬਣਾਇਆ ਜਾਣ ਵਾਲਾ ਮਸ਼ਹੂਰ ਪਕਵਾਨ ਹੈ।ਮਹਿਲਾ ਪ੍ਰਤੀਭਾਗੀਆਂ ਨੂੰ ਉਤਸ਼ਾਹਤ ਕਰਨ ਲਈ ਖਾਸ ਤੌਰ ਤੇ ਇਸ ਮੌਕੇ ਸ਼੍ਰੀਮਤੀ ਡਿੰਪੀ ਸੇਠੀ, ਸ੍ਰੀਮਤੀ ਸੁਨੀਤਾ ਸੋਫਤ ਤੇ ਮਿਸ ਸੀਬਾ ਸੇਠੀ ਮੌਜੂਦ ਸਨ।ਸ਼੍ਰੀਮਤੀ ਡਿੰਪੀ ਸੇਠੀ ਨੇ ਦੱਸਿਆ ਕਿ ਇਕਬਾਲ ਇਨ ਲੇਡੀਜ ਕਲੱਬ ਦਿਨ ਪ੍ਰਤੀ ਦਿਨ ਤਰੱਕੀ ਕਰ ਰਿਹਾ ਹੈ, ਜਦੋਂਕਿ ਮਹਿਲਾਵਾਂ ਦੇ ਸੰਪੂਰਨ ਸਸ਼ਕਤੀਕਰਨ ਨੂੰ ਲੈ ਕੇ ਤੁਰਿਆ ਇਹ ਕਲੱਬ ਪੰਜਾਬ ਦੇ ਸਿਖਰਲੇ ਮਹਿਲਾ ਕਲੱਬਾਂ ਵਿੱਚ ਆਪਣੀ ਛਾਪ ਛੱਡਣ ਵਿੱਚ ਸਫਲ ਹੋ ਰਿਹਾ ਹੈ।

## ਕੈਨੇਡਾ ਭੇਜਣ ਦੇ ਨਾਂਅ 'ਤੇ 45 ਹਜ਼ਾਰ ਡਾਲਰ ਦੀ ਧੋਖਾਧੜੀ

### *ਪੁਲਸ ਵਲੋਂ 2 ਭਗਵਾਂ ਖਿਲਾਫ਼ ਪਰਚਾ ਦਰਜ*

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਪਿੰਡ ਲੱਖੋਵਾਲ ਦੇ ਵਾਸੀ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਪੰਜਾਬ ਪੁਲਸ ਦੇ ਐੱਨ.ਆਰ.ਆਈ. ਵਿੰਗ ਵੱਲੋਂ ਉਸ ਨਾਲ 45 ਹਜ਼ਾਰ (ਕੈਨੇਡੀਅਨ ਡਾਲਰ) ਤੋਂ ਵੱਧ ਧੋਖਾਧੜੀ ਦੇ ਕਥਿਤ ਦੋਸ਼ ਹੇਠ 2 ਸਕੇ ਭਰਾ ਮਨਪ੍ਰੀਤ ਸਿੰਘ ਤੇ ਜਸਪ੍ਰੀਤ ਸਿੰਘ ਵਾਸੀ ਜਾਤੀਵਾਲ ਹਾਲ ਵਾਸੀ ਬਰੈਂਪਟਨ (ਕੈਨੇਡਾ) ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਲੱਖੋਵਾਲ ਵਾਸੀ ਰਣਜੀਤ ਸਿੰਘ ਨੇ ਸ਼ਿਕਾਇਤ ਦਿੱਤੀ ਕਿ ਉਸਦੇ ਨੇੜਲੇ ਹੀ ਪਿੰਡ ਜਾਤੀਵਾਲ ਦੇ ਰਹਿਣ ਵਾਲੇ 2 ਸਕੇ ਭਰਾ ਮਨਪ੍ਰੀਤ ਸਿੰਘ ਤੇ ਜਸਪ੍ਰੀਤ ਸਿੰਘ ਨੇ ਉਸ ਨੂੰ ਕੈਨੇਡਾ ਭੇਜਣ ਲਈ ਗੱਲਬਾਤ ਕੀਤੀ ਤੇ ਇਸ ਸਬੰਧੀ 45 ਹਜ਼ਾਰ ਕੈਨੇਡੀਅਨ ਡਾਲਰ (ਕਰੀਬ 28.35 ਲੱਖ ਰੁਪਏ) ਦੀ ਗੱਲਬਾਤ ਤੈਅ ਹੋਈ। ਉਸ ਨੇ ਇਹ ਸਾਰੀ ਰਾਸ਼ੀ ਅਲੱਗ-ਅਲੱਗ ਖਾਤਿਆਂ ਵਿੱਚ ਪਾਈ।

ਸ਼ਿਕਾਇਤਕਰਤਾ ਅਨੁਸਾਰ ਉਸਨੂੰ 2 ਸਾਲ ਦਾ ਵਰਕ ਪਰਮਿਟ ਦਿੱਤਾ ਜਾਣਾ ਸੀ ਪਰ 8 ਮਹੀਨੇ ਦਾ ਦਿੱਤਾ ਗਿਆ ਤੇ ਵਿਸ਼ਵਾਸ ਦਿਵਾਇਆ ਕਿ ਕੈਨੇਡਾ ਆ ਕੇ ਉਸਦਾ ਵਰਕ ਪਰਮਿਟ ਵਧਾ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਅਨੁਸਾਰ ਉਸ ਨੂੰ ਕੋਈ ਕੰਮ ਨਾ ਮਿਲਿਆ, ਜਿਸ ਤੋਂ ਬਾਅਦ ਉਸਨੇ ਘਰੋਂ ਪੈਸੇ ਮੰਗਵਾ ਕੇ ਟਰੱਕ ਦਾ ਡਰਾਈਵਿੰਗ ਲਾਇਸੰਸ ਬਣਵਾਇਆ ਤੇ ਉਕਤ ਵਿਅਕਤੀਆਂ ਨੇ ਐੱਲ.ਐੱਮ.ਆਈ. ਲੈ ਕੇ ਦੇਣ ਦਾ ਵਾਅਦਾ ਕੀਤਾ, ਜਿਸ ਲਈ ਉਸਨੇ 5 ਹਜ਼ਾਰ ਡਾਲਰ ਖਾਤੇ ਵਿਚ ਪਾ ਦਿੱਤੇ ਅਤੇ 20 ਹਜ਼ਾਰ ਡਾਲਰ ਨਕਦ ਦੇ ਦਿੱਤੇ।

3 ਮਹੀਨੇ ਬਾਅਦ ਉਸ ਨੂੰ ਇੱਕ ਕੰਪਨੀ ਵਿਚ ਬਤੌਰ ਡਰਾਇਵਰ ਕੰਮ ਦਿਵਾ ਦਿੱਤਾ, ਜਿੱਥੇ ਮੇਰੇ ਵਲੋਂ 2 ਮਹੀਨੇ ਟਰੱਕ ਚਲਾਇਆ, ਪਰ ਉੱਥੇ ਵੀ ਕੋਈ ਤਨਖਾਹ ਨਾ ਦਿੱਤੀ। ਸ਼ਿਕਾਇਤਕਰਤਾ ਅਨੁਸਾਰ ਉਸ ਕੋਲ ਕੈਨੇਡਾ 'ਚ ਨਾ ਕੋਈ ਕੰਮ ਹੈ ਅਤੇ ਉਸ ਨਾਲ ਬਹੁਤ ਮਾੜਾ ਸਲੂਕ ਕੀਤਾ ਗਿਆ, ਜਿਸ ਲਈ ਜੇਕਰ ਉਸਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਕਤ ਵਿਅਕਤੀ ਜ਼ਿੰਮੇਵਾਰ ਹੋਣਗੇ। ਰਣਜੀਤ ਸਿੰਘ ਵਲੋਂ ਦਿੱਤੀ ਸ਼ਿਕਾਇਤ ਦੇ ਅਧਾਰ 'ਤੇ ਐੱਨ.ਆਰ.ਆਈ. ਪੁਲਸ ਵਿੰਗ ਵੱਲੋਂ ਮਨਪ੍ਰੀਤ ਸਿੰਘ ਤੇ ਜਸਪ੍ਰੀਤ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਾਊਂਟ ਸੀਜ਼ਰ ਮੈਟੀ ਦੇ 217ਵੇਂ ਜਨਮ ਦਿਨ ਮੌਕੇ ਰਾਸ਼ਟਰ ਪੱਧਰੀ ਸਮਾਗਮ




ਮੋਗਾ (ਇਕਬਾਲ ਸਿੰਘ ਖਹਿਰਾ)

ਇਲੈਕਟ੍ਰੋ ਹੋਮਿਓਪੈਥਿਕ ਮੋਗਾ ਡਾਕਟਰਜ਼ ਮੈਡੀਕਲ ਐਸੋਸੀਏਸ਼ਨ 404 ਪੰਜਾਬ ਵੱਲੋਂ ਇਲੈਕਟ੍ਰੋ ਹੋਮਿਓਪੈਥੀ ਦੇ ਜਨਮਦਾਤਾ ਕਾਊਂਟ ਸੀਜ਼ਰ ਮੈਟੀ ਜੀ ਦਾ 217ਵਾਂ ਜਨਮ ਦਿਨ ਚੋਖਾ ਅੰਪਾਇਰ ਹੋਟਲ ਬੁੱਘੀਪੁਰਾ ਚੌਕ ਮੋਗਾ ਵਿਖੇ ਰਾਸ਼ਟਰ ਪੱਧਰੀ ਸਮਾਗਮ ਕਰਵਾਇਆ ਗਿਆ।ਮੁੱਖ ਮਹਿਮਾਨ ਈ ਆਰ ਐੱਫ ਆਈ ਦੇ ਪ੍ਰਧਾਨ ਡਾ. ਸੰਜੀਵ ਸ਼ਰਮਾ ਤੇ ਈ ਡੀ ਐੱਮ ਏ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ, ਪ੍ਰਧਾਨ ਡਾ. ਜਗਮੋਹਨ ਸਿੰਘ ਤੇ ਐਸੋਸੀਏਸ਼ਨ ਮੈਂਬਰਾਂ ਨੇ ਸ਼ਮ੍ਹਾਂ ਰੌਸ਼ਨ ਕਰਕੇ ਕਾਊਂਟ ਸੀਜ਼ਰ ਮੈਟੀ ਨੂੰ ਸ਼ਰਧਾਂਜਲੀ ਦਿੱਤੀ।ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਸੰਜੀਵ ਸ਼ਰਮਾ ਨੇ ਇਲੈਕਟ੍ਰੋਹੋਮਿਓਪੈਥਿਕ ਪ੍ਰਣਾਲੀ ਬਾਰੇ ਦੱਸਿਆ ਕਿ ਕਾਊਂਟ ਸੀਜ਼ਰ ਮੈਟੀ ਜੀ ਨੇ ਸਾਨੂੰ ਇੱਕ ਨਾਯਾਬ ਸੌ ਪ੍ਰਤੀਸ਼ਤ ਹਰਬਲ ਇਲਾਜ ਪ੍ਰਣਾਲੀ ਦਿੱਤੀ ਹੈ, ਜਿਸ ਦਾ ਕੋਈ ਸਾਈਡ ਇਫ਼ੈਕਟ ਨਹੀਂ ਅਤੇ ਲਾਇਲਾਜ ਰੋਗਾਂ ਦਾ ਇਲਾਜ ਵੀ ਸੰਭਵ ਹੋਇਆ ਹੈ।ਸਭ ਤੋਂ ਵੱਡੀ ਗੱਲ ਕਿ ਇਸ ਪੈਥੀ ਵਿੱਚ ਗਰੀਬ ਤੋਂ ਗਰੀਬ ਵਰਗ ਵੀ ਆਪਣਾ ਇਲਾਜ ਅਰਾਮ ਨਾਲ ਕਰਵਾ ਸਕਦਾ ਹੈ ਉਸ ਉਪਰ ਕੋਈ ਆਰਥਿਕ ਬੋਝ ਨਹੀਂ ਪੈਂਦਾ।ਈ ਡੀ ਐੱਮ ਏ ਕੋਰ ਕਮੇਟੀ ਮੈਂਬਰ ਡਾ. ਜਸਵਿੰਦਰ ਸਿੰਘ ਸਮਾਧ ਭਾਈ, ਡਾ. ਮਨਪ੍ਰੀਤ ਸਿੰਘ ਸਿੱਧੂ, ਡਾ. ਸ਼ਿੰਦਰ ਸਿੰਘ ਕਲੇਰ ਦੁਆਰਾ ਮੈਟੀ ਸਾਹਿਬ ਦੀ ਫੋਟੋ ਨੂੰ ਫੁੱਲ ਅਰਪਿਤ ਕੀਤੇ ਗਏ।ਸਟੇਜ ਸੈਕਟਰੀ ਦੀ ਭੂਮਿਕਾ ਡਾ. ਜਗਜੀਤ ਸਿੰਘ ਗਿੱਲ ਤੇ ਡਾ. ਕਮਲਜੀਤ ਕੌਰ ਨੇ ਬਾਖੂਬੀ ਨਿਭਾਈ।ਇਸ ਸਮੇਂ ਐਸੋਸੀਏਸ਼ਨ ਵੱਲੋਂ ਸਾਲਾਨਾ ਸੋਵੀਨਾਰ ਲਾਂਚ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਬਿਮਾਰੀਆਂ 'ਤੇ ਆਰਟੀਕਲ ਦਿੱਤੇ ਹੋਏ ਹਨ।ਇਸ ਮੌਕੇ ਕਾਊਂਟ ਸੀਜ਼ਰ ਮੈਟੀ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਇੱਕ ਡਾਕੂਮੈਂਟਰੀ ਵੀਡੀਓ ਪੇਸ਼ ਕੀਤੀ ਗਈ। ਪ੍ਰੋਗਰਾਮ ਦੌਰਾਨ ਡਾ. ਅੰਮ੍ਰਿਤਪਾਲ ਸਿੰਘ ਤੇ ਡਾ. ਐੱਸ ਕੇ ਕਟਾਰੀਆ ਦੁਆਰਾ ਮੈਟੀ ਸਾਹਿਬ ਨੂੰ ਸਮਰਪਤ ਗੀਤ ਪੇਸ਼ ਕੀਤੇ ਗਏ।ਇਸ ਸਮਾਗਮ ਦੌਰਾਨ ਪਿਛਲੇ ਸਾਲ ਦੌਰਾਨ ਨਵੇਂ ਬਣੇ ਕਲੀਨਿਕ/ਹਸਪਤਾਲ/ਸੈਂਟਰਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਕਾਊਂਟ ਸੀਜ਼ਰ ਮੈਟੀ ਜੀ ਦੇ ਜਨਮ ਦਿਨ ਦਾ ਕੇਕ ਕੱਟਿਆ ਗਿਆ।ਪ੍ਰੋਗਰਾਮ ਦੌਰਾਨ 5 ਸ਼ੈਸਨ ਸਵਾਲ ਜਵਾਬ ਦੇ ਰੱਖੇ ਗਏ, ਜਿਨ੍ਹਾਂ ਦੇ ਸਹੀ ਜਵਾਬ ਦੇਣ ਵਾਲਿਆਂ ਨੂੰ ਗਿਫਟ ਦਿੱਤੇ ਗਏ।ਉਪਰੰਤ ਪ੍ਰਧਾਨ ਡਾ. ਜਗਮੋਹਣ ਸਿੰਘ ਧੂੜਕੋਟ ਨੇ ਪਹੁੰਚੇ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ।ਇਸ ਸਮੇਂ ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ ਤੋਂ ਵੱਖ ਵੱਖ ਡਾਕਟਰਾਂ ਨੇ ਹਿੱਸਾ ਲਿਆ।

ਇਸ ਸਮੇਂ ਜਨਰਲ ਸਕੱਤਰ ਡਾ. ਪਰਮਿੰਦਰ ਕੁਮਾਰ ਪਾਠਕ, ਡਾ. ਜਸਵੀਰ ਸ਼ਰਮਾ ਭਗਤਾ, ਮੀਤ ਪ੍ਰਧਾਨ ਡਾ. ਹਰਦੇਵ ਸਿੰਘ, ਡਾ. ਐੱਸ ਕੇ ਕਟਾਰੀਆ, ਪ੍ਰੈੱਸ ਸਕੱਤਰ ਡਾ. ਅਵਤਾਰ ਸਿੰਘ ਦੇਵਗਨ, ਕੈਸ਼ੀਅਰ ਡਾ. ਸੰਤੋਖ ਸਿੰਘ, ਡਾ. ਸਰਬਜੀਤ ਸਿੰਘ, ਡਾ. ਸ਼ਮਸ਼ੇਰ ਸਿੰਘ ਸਿੱਧੂ, ਡਾ. ਵਰਿੰਦਰ ਸਿੰਘ ਤੂਰ, ਡਾ. ਨਿਸ਼ਾਨ ਸਿੰਘ, ਡਾ. ਤਰਲੋਕ ਸਿੰਘ, ਡਾ. ਮੋਹਨ ਸਿੰਘ, ਡਾ. ਧਰਮਪਾਲ ਸਿੰਘ, ਡਾ. ਮੁਕੇਸ਼ ਕੁਮਾਰ, ਡਾ. ਸੰਜੀਵ ਜੁਨੇਜਾ, ਡਾ. ਰੋਬਿਨ ਅਰੋੜਾ, ਡਾ. ਅਰਚਨਾ ਸ਼ਰਮਾ, ਡਾ. ਮਨਦੀਪ ਸਿੰਘ, ਡਾ. ਕਿਸ਼ੋਰ ਚੰਦ, ਆਦਿ ਹਾਜ਼ਰ ਸਨ।

# ਲੋਕਾਂ ਲਈ ਜਾਨਲੇਵਾ ਸਾਬਿਤ ਹੋ ਰਿਹੈ 'ਖ਼ੂਨੀ' ਕੱਕੜਵਾਲ ਚੌਕ

## 15 ਦਿਨਾਂ 'ਚ ਹੱਲ ਨਾ ਹੋਇਆ ਤਾਂ ਅਦਾਲਤ ਦਾ ਦਰਵਾਜ਼ਾ ਖੜਕਾਵਾਂਗੇ : ਕੌਸ਼ਲ, ਟਿਵਾਣਾ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਧੂਰੀ ਜੋ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਚੋਣ ਹਲਕਾ ਹੋਣ ਕਾਰਨ ਪੂਰੇ ਸੂਬੇ ਵਿੱਚ ਵੀਵੀਆਈਪੀ ਦਰਜਾ ਰੱਖਦਾ ਹੈ, ਪਰ ਸੰਗਰੂਰ-ਲੁਧਿਆਣਾ ਮੁੱਖ ਮਾਰਗ 'ਤੇ ਸਥਿਤ ਕੱਕੜਵਾਲ ਚੌਕ ਹੁਣ ਸਿਰਫ਼ ਇੱਕ ਰਸਤਾ ਨਹੀਂ ਰਿਹਾ, ਸਗੋਂ ਇਹ ਮੌਤ ਦਾ ਉਹ ਜਾਲ ਬਣ ਚੁੱਕਾ ਹੈ, ਜਿੱਥੇ ਹਰ ਪਲ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖ਼ਤਰਾ ਬਣਿਆ ਰਹਿੰਦਾ ਹੈ।ਪ੍ਰਸ਼ਾਸਨ ਵੱਲੋਂ ਇਸ ਚੌਕ 'ਤੇ ਲੱਖਾਂ ਰੁਪਏ ਖ਼ਰਚ ਕੇ ਟ੍ਰੈਫਿਕ ਲਾਈਟਾਂ ਲਗਾਈਆਂ ਗਈਆਂ ਸਨ। ਉਮੀਦ ਸੀ ਕਿ ਇਹ ਆਧੁਨਿਕ ਪ੍ਰਣਾਲੀ ਵਾਹਨਾਂ ਦੀ ਆਵਾਜਾਈ ਨੂੰ ਨਿਯਮਤ ਕਰੇਗੀ, ਪਰ ਜ਼ਮੀਨੀ ਹਕੀਕਤ ਇਸ ਦੇ ਬਿਲਕੁਲ ਉਲਟ ਹੈ।ਇਹ ਲਾਈਟਾਂ ਕਈ ਸਾਲਾਂ ਤੋਂ ਬੰਦ ਪਈਆਂ ਹਨ।ਲੋਕਾਂ ਦਾ ਦੋਸ਼ ਹੈ ਕਿ ਜਦੋਂ ਇਹ ਸਹੂਲਤਾਂ ਲੋਕਾਂ ਦੇ ਕੰਮ ਹੀ ਨਹੀਂ ਆ ਰਹੀਆਂ, ਤਾਂ ਅਜਿਹੇ ਵਿਕਾਸ ਦਾ ਕੀ ਫ਼ਾਇਦਾ?

ਇਸ ਚੌਕ ਦੀ ਬਦਤਰ ਹਾਲਤ ਦਾ ਸਭ ਤੋਂ ਵੱਡਾ ਖਮਿਆਜ਼ਾ ਸਕੂਲੀ ਬੱਚਿਆਂ ਤੇ ਮਰੀਜ਼ਾਂ ਨੂੰ ਭੁਗਤਣਾ ਪੈ ਰਿਹਾ ਹੈ।ਸਵੇਰ ਦੇ ਸਮੇਂ ਜਦੋਂ ਬੱਚੇ ਸਕੂਲ ਲਈ ਨਿਕਲਦੇ ਹਨ, ਤਾਂ ਲੰਬੇ ਜਾਮ ਵਿੱਚ ਫਸੇ ਰਹਿਣਾ ਉਨ੍ਹਾਂ ਦੀ ਰੋਜ਼ਾਨਾ ਦੀ ਆਦਤ ਬਣ ਗਈ ਹੈ।ਬੱਚਿਆਂ ਦਾ ਬੁਰਾ ਹਾਲ ਹੁੰਦਾ ਹੈ, ਜਿਸ ਨਾਲ ਉਨ੍ਹਾਂ ਦੀ ਸਿਹਤ ਤੇ ਪੜ੍ਹਾਈ ਦੋਵਾਂ 'ਤੇ ਮਾੜਾ ਅਸਰ ਪੈਂਦਾ ਹੈ।ਐਂਬੂਲੈਂਸਾਂ ਦਾ ਇਸ ਜਾਮ ਵਿੱਚ ਫਸਣਾ ਬੇਹੱਦ ਚਿੰਤਾਜਨਕ ਹੈ।ਕਿਸੇ ਮਰੀਜ਼ ਲਈ ਇੱਕ-ਇੱਕ ਸੈਕਿੰਡ ਕੀਮਤੀ ਹੁੰਦਾ ਹੈ, ਪਰ ਕੱਕੜਵਾਲ ਚੌਕ ਦੀ ਬਦਇੰਤਜ਼ਾਮੀ ਕਈ ਵਾਰ ਜਾਨਲੇਵਾ ਸਾਬਿਤ ਹੁੰਦੀ ਹੈ।

ਇਲਾਕਾ ਨਿਵਾਸੀਆਂ ਤੇ ਸਮਾਜ ਸੇਵੀ ਸੰਸਥਾਵਾਂ ਦਾ ਤਰਕ ਹੈ ਕਿ ਜਿੰਨਾ ਚਿਰ ਰਾਮ ਬਾਗ ਤੋਂ ਸੰਗਰੂਰ ਬਾਈਪਾਸ ਤੱਕ ਇੱਕ ਮਜ਼ਬੂਤ ਓਵਰਬ੍ਰਿਜ ਨਹੀਂ ਬਣਾਇਆ ਜਾਂਦਾ, ਇਹ ਸਮੱਸਿਆ ਹੱਲ ਨਹੀਂ ਹੋਵੇਗੀ।ਮੌਜੂਦਾ ਡਿਵਾਈਡਰਾਂ ਦੀ ਬਣਤਰ ਇੰਨੀ ਗ਼ਲਤ ਹੈ ਕਿ ਵੱਡੇ ਵਾਹਨਾਂ ਨੂੰ ਮੁੜਨ ਵਿੱਚ ਦਿੱਕਤ ਆਉਂਦੀ ਹੈ, ਜਿਸ ਕਾਰਨ ਛੋਟੇ ਵਾਹਨਾਂ ਵਾਲੇ ਲੋਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ।ਪ੍ਰਸ਼ਾਸਨ ਦੀ ਇਸ 'ਡੰਗ-ਟਪਾਊ' ਨੀਤੀ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਹੈ।

ਉਧਰ 'ਕੌਂਸਲ ਫ਼ਾਰ ਲਾਅ ਐਂਡ ਜਸਟਿਸ' ਦੇ ਚੇਅਰਮੈਨ ਐਡਵੋਕੇਟ ਮੁਕੇਸ਼ ਕੌਸ਼ਲ ਤੇ ਪ੍ਰਧਾਨ ਹਰਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਪ੍ਰਸ਼ਾਸਨਕ ਅਣਗਹਿਲੀ ਕਾਰਨ ਲੋਕ ਆਪਣੀ ਜਾਨ ਤੋਂ ਹੱਥ ਧੋ ਰਹੇ ਹਨ।

ਉਨ੍ਹਾਂ ਚੇਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ 15 ਦਿਨਾਂ ਅੰਦਰ ਟ੍ਰੈਫਿਕ ਲਾਈਟਾਂ ਨਾ ਚਲਾਈਆਂ ਤਾਂ ਉਹ ਮਾਮਲਾ ਅਦਾਲਤ 'ਚ ਲਿਜਾਣਗੇ।

## ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨ ਵੱਲੋਂ 16 ਦੇ ਧਰਨੇ ਸੰਬੰਧੀ ਵਿਚਾਰ-ਵਟਾਂਦਰਾ



ਲੌਂਗੋਵਾਲ (ਪ੍ਰਦੀਪ ਸੱਪਲ)

ਸੰਯੁਕਤ ਕਿਸਾਨ ਮੋਰਚੇ ਤੇ ਕੇਂਦਰੀ ਟਰੇਡ ਯੂਨੀਅਨ ਦੇ ਫੈਸਲੇ ਅਨੁਸਾਰ ਸਤੰਤਰ ਭਵਨ ਸੰਗਰੂਰ ਵਿਖੇ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਐੱਸਕੇਐੱਮ ਵੱਲੋਂ ਸਾਥੀ ਬਲਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਟਰੇਡ ਯੂਨੀਅਨ ਵੱਲੋਂ ਸੁਖਦੇਵ ਸ਼ਰਮਾ ਵਰਕਿੰਗ ਪ੍ਰਧਾਨ ਪੰਜਾਬ ਏਟਕ ਵੱਲੋਂ ਕੀਤੀ ਗਈ।ਇਸ ਮੀਟਿੰਗ ਵਿੱਚ 16 ਜਨਵਰੀ ਨੂੰ ਡੀ ਸੀ ਸੰਗਰੂਰ ਦੇ ਦਫਤਰ ਸਾਹਮਣੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੀਟਿੰਗ ਵਿੱਚ ਐੱਸਕੇਐੱਮ ਦੀਆਂ ਜਥੇਬੰਦੀਆਂ ਵੱਲੋਂ ਬੀਕੇਯੂ ਡਕੌਂਦਾ, ਬੀਕੇਯੂ ਧਨੇਰ, ਬੀ ਕੇ ਯੂ ਰਾਜੇਵਾਲ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ, ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ ਤੋਂ ਇਲਾਵਾ ਬਿਜਲੀ ਫੈਡਰੇਸ਼ਨ ਏਟਕ, ਟੈਕਨੀਕਲ ਸਰਬ ਯੂਨੀਅਨ ਪੰਜਾਬ, ਸੁਬਾਰਡੀਨੇਟ ਸਰਵਿਸ ਫੈਡਰੇਸ਼ਨ, ਮਜ਼ਦੂਰ ਮੁਕਤੀ ਮੋਰਚਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਪੰਜਾਬ, ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤੇ ਡੈਮੋਕ੍ਰੇਟਿਕ ਨਰੇਗਾ ਫਰੰਟ ਪਿੰਡ ਬਚਾਓ ਪੰਜਾਬ ਬਚਾਓ ਦੇ ਸਾਥੀਆਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਕਿਰਤੀ ਕਿਸਾਨ ਯੂਨੀਅਨ ਕਿਸਾਨ ਫੈਡਰੇਸ਼ਨ ਤੋਂ ਇਲਾਵਾ ਪੀਐੱਸਯੂ ਤੇ ਜਮਹੂਰੀ ਅਧਿਕਾਰ ਸਭਾ ਦੇ ਆਗੂਆਂ ਨੇ ਭਾਗ ਲਿਆ।ਮੀਟਿੰਗ ਦੀ ਸ਼ੁਰੂਆਤ ਵਿੱਚ ਐੱਸਕੇਐੱਮ ਦੇ ਸਬਾਈ ਆਗੂ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਨੇ ਸੂਬਾਈ ਰਿਪੋਰਟਿੰਗ ਕੀਤੀ।ਇਸ ਮੌਕੇ ਲਖਵੀਰ ਸਿੰਘ ਲੌਂਗੋਵਾਲ, ਹਰਪਾਲ ਕੌਰ ਟਿੱਬੀ, ਫਲਜੀਤ ਸਿੰਘ, ਜੁਝਾਰ ਸਿੰਘ ਲੌਂਗੋਵਾਲ, ਬਿੱਕਰ ਸਿੰਘ ਹਥੋਆ, ਗੋਬਿੰਦ ਸਿੰਘ ਛਾਜਲੀ, ਇੰਦਰਪਾਲ ਸਿੰਘ, ਲਾਭ ਸਿੰਘ ਨਮੋਲ, ਸੀਤਾ ਰਾਮ ਬਾਲਦ ਕਲਾਂ, ਮੇਲਾ ਸਿੰਘ ਪੁੰਨਾਵਾਲ, ਨਿਰਮਲ ਸਿੰਘ ਬਟੜਿਆਣਾ, ਦਰਸ਼ਨ ਸਿੰਘ ਸਜੂੰਮਾ, ਕਿਰਨਜੀਤ ਸਿੰਘ ਸੇਖੋਂ ਆਦਿ ਹਾਜ਼ਰ ਸਨ।ਉਪਰੰਤ ਸੁਖਦੇਵ ਸ਼ਰਮਾ ਤੇ ਬਲਵਿੰਦਰ ਸਿੰਘ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

# ਪੰਜਾਬੀ 'ਵਰਸਿਟੀ ਨੇ ਧਨੀਏ ਦੇ ਪੱਤਿਆਂ ਤੋਂ ਬਣਾਈ ਅਨੀਮੀਆ ਲਈ ਦਵਾਈ

- ਅੰਤਰ-ਰਾਸ਼ਟਰੀ ਖੋਜ ਰਸਾਲਿਆਂ 'ਚ ਪ੍ਰਕਾਸ਼ਿਤ ਹੋ ਚੁੱਕੇ ਹਨ ਨਤੀਜੇ
- ਕੁਦਰਤੀ ਸਰੋਤਾਂ 'ਤੇ ਆਧਾਰਤ ਦਵਾਈਆਂ ਦਾ ਵਿਕਾਸ ਸਮੇਂ ਦੀ ਲੋੜ : ਡਾ. ਜਗਦੀਪ ਸਿੰਘ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬੀ ਯੂਨੀਵਰਸਿਟੀ ਦੀ ਮੈਡੀਸਿਨ ਫ਼ੈਕਲਟੀ ਅਧੀਨ ਫਾਰਮਾਸਿਊਟੀਕਲ ਸਾਇੰਸਿਜ਼ ਤੇ ਡਰੱਗ ਰਿਸਰਚ ਵਿਭਾਗ ਵਿੱਚ ਕੀਤੀ ਗਈ ਇੱਕ ਤਾਜ਼ਾ ਖੋਜ ਰਾਹੀਂ ਧਨੀਏ ਦੇ ਪੱਤਿਆਂ ਤੋਂ ਅਨੀਮੀਆ (ਖ਼ੂਨ ਦੀ ਘਾਟ) ਲਈ ਇੱਕ ਨਵੀਂ ਪ੍ਰਭਾਵਸ਼ਾਲੀ ਦਵਾਈ ਤਿਆਰ ਕੀਤੀ ਗਈ ਹੈ।ਡਾ. ਡਿੰਪਲ ਸੇਠੀ (ਐਸੋਸੀਏਟ ਪ੍ਰੋਫ਼ੈਸਰ) ਦੀ ਨਿਗਰਾਨੀ ਵਿੱਚ ਇਹ ਖੋਜ ਖੋਜਾਰਥੀ ਡਾ. ਕੁਲਦੀਪ ਸਿੰਘ ਵੱਲੋਂ ਕੀਤੀ ਗਈ ਹੈ।ਇਸ ਖੋਜ ਦੇ ਨਤੀਜੇ ਅੰਤਰ-ਰਾਸ਼ਟਰੀ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।ਡਾ. ਡਿੰਪਲ ਸੇਠੀ ਨੇ ਇਸ ਬਾਰੇ ਗੱਲ ਕਰਦਿਆਂ ਦੱਸਿਆ ਕਿ ਧਨੀਏ ਵਿੱਚ ਕੁਦਰਤੀ ਤੌਰ 'ਤੇ ਆਇਰਨ, ਫੌਲਿਕ ਐਸਿਡ ਤੇ ਐਂਟੀ-ਆਕਸੀਡੈਂਟ ਗੁਣ ਮੌਜੂਦ ਹੁੰਦੇ ਹਨ, ਜੋ ਲਾਲ ਖ਼ੂਨ ਕਣਾਂ ਦੀ ਉਤਪਾਦਨ ਪ੍ਰਕਿਰਿਆ ਨੂੰ ਤੇਜ਼ ਕਰਦੇ ਹਨ।ਇਸ ਵਿਧੀ ਰਾਹੀਂ ਤਿਆਰ ਕੀਤੀ ਗਈ ਦਵਾਈ ਸੁਰੱਖਿਅਤ, ਘੱਟ ਖਰਚੀਲੀ ਤੇ ਕਿਸੇ ਵੀ ਤਰ੍ਹਾਂ ਦੇ ਸਾਈਡ-ਇਫੈਕਟ ਤੋਂ ਲਗਭਗ ਮੁਕਤ ਹੈ।ਉਨ੍ਹਾਂ ਕਿਹਾ ਇਹ ਖੋਜ ਹਰਬਲ ਭਾਵ ਜੜ੍ਹੀ ਬੂਟੀਆਂ ਅਧਾਰਤ ਕੁਦਰਤੀ ਪਹੁੰਚ ਤੇ ਆਧੁਨਿਕ ਫਾਰਮਾਸਿਊਟੀਕਲ ਵਿਗਿਆਨ ਵਾਲੀ ਪਹੁੰਚ ਦੇ ਮੇਲ ਨਾਲ ਪੈਦਾ ਹੋ ਸਕਣ ਵਾਲੇ ਬਿਹਤਰ ਨਤੀਜਿਆਂ ਵੱਲ ਵੀ ਇੱਕ ਮਜ਼ਬੂਤ ਕਦਮ ਹੈ।

ਖੋਜਾਰਥੀ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਖੋਜ ਦੌਰਾਨ ਸਾਹਮਣੇ ਆਇਆ ਹੈ ਕਿ ਧਨੀਏ ਦੇ ਪੱਤਿਆਂ ਤੋਂ ਤਿਆਰ ਕੀਤੀ ਗਈ ਇਹ ਦਵਾਈ ਮਰੀਜ਼ਾਂ ਵਿੱਚ ਹੀਮੋਗਲੋਬਿਨ ਦੀ ਮਾਤਰਾ ਸਿਰਫ਼ 10 ਦਿਨਾਂ ਵਿੱਚ ਵਧਾਉਣ ਵਿੱਚ ਸਫਲ ਰਹੀ, ਜਦਕਿ ਪਹਿਲਾਂ ਉਪਲਬਧ ਦਵਾਈਆਂ ਨਾਲ਼ ਇਹ ਨਤੀਜੇ ਹਾਸਿਲ ਕਰਨ ਲਈ ਲਗਭਗ 28 ਦਿਨ ਲੱਗਦੇ ਹਨ।ਉਨ੍ਹਾਂ ਇਸ ਖੋਜ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਬੱਚਿਆਂ, ਔਰਤਾਂ ਤੇ ਗਰਭਵਤੀ ਔਰਤਾਂ ਵਿੱਚ ਅਨੀਮੀਆ ਇੱਕ ਗੰਭੀਰ ਸਿਹਤ ਸਮੱਸਿਆ ਹੈ।ਧਨੀਏ ਅਧਾਰਤ ਇਹ ਦਵਾਈ ਕੁਦਰਤੀ ਤੇ ਪ੍ਰਭਾਵਸ਼ਾਲੀ ਇਲਾਜ ਵਜੋਂ ਉੱਭਰ ਕੇ ਸਾਹਮਣੇ ਆਈ ਹੈ।ਉਨ੍ਹਾਂ ਦਾਅਵਾ ਕੀਤਾ ਕਿ ਇਹ ਖੋਜ ਭਵਿੱਖ ਵਿੱਚ ਗਲੋਬਲ ਪੱਧਰ 'ਤੇ ਅਨੀਮੀਆ ਦੇ ਇਲਾਜ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰ ਸਕਦੀ ਹੈ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਖੋਜਾਰਥੀ ਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਖੋਜਾਂ ਯੂਨੀਵਰਸਿਟੀ ਦੀ ਅਕਾਦਮਿਕ ਤੇ ਸਮਾਜਿਕ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਕੁਦਰਤੀ ਸਰੋਤਾਂ 'ਤੇ ਅਧਾਰਤ ਦਵਾਈਆਂ ਦਾ ਵਿਕਾਸ ਸਮੇਂ ਦੀ ਲੋੜ ਹੈ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਇਸ ਦਿਸ਼ਾ ਵਿੱਚ ਨਿਭਾਈ ਜਾ ਰਹੀ ਅਜਿਹੀ ਅਗਾਂਹਵਧੂ ਭੂਮਿਕਾ ਸਲਾਹੁਣਯੋਗ ਹੈ।

# ਸੰਧਵਾਂ ਨੇ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਦਿੱਤੀ ਵਧਾਈ

## ਵਪਾਰੀ ਵਰਗ ਪੰਜਾਬ ਦੀ ਆਰਥਿਕ ਤਰੱਕੀ ਦੀ ਰੀੜ੍ਹ ਦੀ ਹੱਡੀ : ਸੰਧਵਾਂ



ਕੋਟਕਪੂਰਾ (ਰਛਪਾਲ ਭੁੱਲਰ)

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਸੂਬਾ ਚੇਅਰਪਰਸਨ, ਵਾਈਸ-ਚੇਅਰਪਰਸਨ, ਜ਼ਿਲ੍ਹਾ ਵਪਾਰੀ ਕਮਿਸ਼ਨਾਂ ਦੇ ਚੇਅਰਪਰਸਨਾਂ ਤੇ ਮੈਂਬਰਾਂ ਦੀ ਨਿਯੁਕਤੀ ਹੋਣ 'ਤੇ ਸਭ ਨੂੰ ਦਿਲੋਂ ਵਧਾਈਆਂ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ ਹਨ। ਸਪੀਕਰ ਸੰਧਵਾਂ ਨੇ ਕਿਹਾ ਕਿ ਵਪਾਰੀ ਵਰਗ ਪੰਜਾਬ ਦੀ ਆਰਥਿਕ ਤਰੱਕੀ ਦੀ ਰੀੜ੍ਹ ਦੀ ਹੱਡੀ ਹੈ ਅਤੇ ਸੂਬਾ ਸਰਕਾਰ ਵੱਲੋਂ ਵਪਾਰੀਆਂ ਦੀਆਂ ਮੁਸ਼ਕਲਾਂ ਨੂੰ ਸਮੇਂ-ਸਿਰ ਹੱਲ ਕਰਨ ਅਤੇ ਉਨ੍ਹਾਂ ਨੂੰ ਸੁਖਦਾਇਕ ਵਪਾਰਕ ਮਾਹੌਲ ਪ੍ਰਦਾਨ ਕਰਨ ਲਈ ਕਈ ਲੋਕ-ਹਿੱਤਕਾਰੀ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਰਾਜ ਵਪਾਰੀ ਕਮਿਸ਼ਨ ਵਪਾਰੀਆਂ ਤੇ ਸਰਕਾਰ ਦਰਮਿਆਨ ਇੱਕ ਮਜ਼ਬੂਤ ਪੁਲ ਵਜੋਂ ਕੰਮ ਕਰੇਗਾ।ਉਨ੍ਹਾਂ ਖ਼ਾਸ ਤੌਰ 'ਤੇ ਕੋਟਕਪੂਰਾ ਤੋਂ ਟਕਸਾਲੀ ਆਗੂ ਸ੍ਰੀ ਨਰੇਸ਼ ਸਿੰਗਲਾ ਨੂੰ ਜ਼ਿਲ੍ਹਾ ਚੇਅਰਮੈਨ ਟਰੇਡ ਕਮਿਸ਼ਨ ਫਰੀਦਕੋਟ ਤੇ ਸ੍ਰੀ ਗੁਰਪ੍ਰੀਤ ਸਿੰਘ ਸਿੱਧੂ (ਗੋਪਾਲ ਕਿਸ਼ਨ) ਤੇ ਰਵਿੰਦਰ ਗੋਇਲ ਨੂੰ ਮੈਂਬਰ ਟਰੇਡ ਕਮਿਸ਼ਨ ਨਿਯੁਕਤ ਹੋਣ 'ਤੇ ਦਿਲੋਂ ਵਧਾਈ ਦਿੱਤੀ।ਸਪੀਕਰ ਸੰਧਵਾਂ ਨੇ ਕਿਹਾ ਕਿ ਇਹ ਨਿਯੁਕਤੀਆਂ ਵਪਾਰੀ ਭਾਈਚਾਰੇ ਦੇ ਭਰੋਸੇ ਨੂੰ ਹੋਰ ਮਜ਼ਬੂਤ ਕਰਨਗੀਆਂ। ਉਨ੍ਹਾਂ ਆਸ ਪ੍ਰਗਟਾਈ ਕਿ ਨਵ-ਨਿਯੁਕਤ ਚੇਅਰਪਰਸਨ ਤੇ ਮੈਂਬਰ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ, ਤਨਦੇਹੀ ਤੇ ਸਮਰਪਣ ਭਾਵ ਨਾਲ ਨਿਭਾਉਣਗੇ ਅਤੇ ਵਪਾਰੀ ਵਰਗ ਦੇ ਹੱਕਾਂ ਦੀ ਰਾਖੀ ਦੇ ਨਾਲ-ਨਾਲ ਵਪਾਰਕ ਸਰਲਤਾ, ਨਵੀਂ ਨੀਤੀਆਂ ਤੇ ਵਿਕਾਸੀ ਪਹਿਲਕਦਮੀਆਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਵਪਾਰੀਆਂ ਨੂੰ ਪਾਰਦਰਸ਼ੀ ਪ੍ਰਣਾਲੀ, ਸਹੂਲਤਾਂ ਤੇ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣਾ ਹੈ ਤਾਂ ਜੋ ਪੰਜਾਬ ਨੂੰ ਵਪਾਰ ਤੇ ਉਦਯੋਗ ਦਾ ਅਗੇਤਰ ਸੂਬਾ ਬਣਾਇਆ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਗੁਰਪ੍ਰੀਤ ਸਿੰਘ ਗੈਰੀ ਵੜਿੰਗ ਹਲਕਾ ਸੰਗਠਨ ਇੰਚਾਰਜ ਕੋਟਕਪੂਰਾ, ਸਾਧੂ ਰਾਮ ਕੁਸਲਾ ਓ.ਐੱਸ.ਡੀ. ਸਪੀਕਰ ਸੰਧਵਾਂ, ਪ੍ਰਿੰਸ ਅਰੋੜਾ (ਬਿੱਲਾ) ਹਾਜ਼ਰ ਸਨ।

# ਗੁਰਦੁਆਰਾ ਚਰਨ ਕੰਵਲ ਸਾਹਿਬ ਨਤਮਸਤਕ ਹੋਏ ਮੁੱਖ ਮੰਤਰੀ ਨਾਇਬ ਸੈਣੀ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਤਮਸਤਕ ਹੋਣ ਲਈ ਪੁੱਜੇ, ਜਿੱਥੇ ਉਨ੍ਹਾਂ ਸ਼ਰਧਾ ਪੂਰਵਕ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਝੁਕਾ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਉਨ੍ਹਾਂ ਨਾਲ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਚੀਮਾ, ਭਾਜਪਾ ਆਗੂ ਨਿਸ਼ੂ ਸ਼ਰਮਾ, ਆਸ਼ੂ ਸ਼ਰਮਾ, ਸੰਜੀਵ ਲੀਹਲ, ਮੰਡਲ ਪ੍ਰਧਾਨ ਸੁਖਵਿੰਦਰ ਲਾਲ ਸੁੱਖੀ ਸ਼ਰਮਾ, ਰਾਜੇਸ਼ ਲੀਹਲ, ਡਾ. ਸੰਜੀਵ ਗਰਗ, ਕਪਿਲ ਦੇਵ ਤਾਰਾ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਉਸ ਇਤਿਹਾਸਕ ਜੰਡ ਸਾਹਿਬ ਦੇ ਦਰਸ਼ਨ ਕਰਵਾਉਂਦਿਆਂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਕਿ ਜਿੱਥੇ ਗੁਰੂ ਸਾਹਿਬ ਜੀ ਨੇ ਸਾਰਾ ਪਰਿਵਾਰ ਵਾਰ ਕੇ 'ਮਿੱਤਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ' ਸ਼ਬਦ ਉਚਾਰਨ ਕੀਤਾ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਭਾਜਪਾ ਦੇ ਸੀਨੀਅਰ ਆਗੂ ਨਿਸ਼ੂ ਸ਼ਰਮਾ ਦੇ ਸੱਦੇ 'ਤੇ ਮਾਛੀਵਾੜਾ ਸਾਹਿਬ ਪੁੱਜੇ ਸਨ। ਉਹ ਕੇਸਰੀ ਦਸਤਾਰ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋਏ। ਉਨ੍ਹਾਂ ਵੱਲੋਂ ਗੁਰੂ ਘਰ 'ਚ ਜੋ ਕਾਰ ਸੇਵਾ ਵਾਲੇ ਬਾਬਾ ਜੀ ਦੀ ਟੋਕਰੀ ਸੀ ਉਸ ਵਿਚ ਸ਼ਰਧਾ ਅਨੁਸਾਰ ਭੇਟਾ ਦਿੱਤੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੁਝ ਸਿਆਸੀ ਆਗੂ ਗੁਰੂ ਸਾਹਿਬਾਨਾਂ ਬਾਰੇ ਅਪਸ਼ਬਦ ਬੋਲਦੇ ਹਨ, ਉਹ ਬਹੁਤ ਹੀ ਮੰਦਭਾਗਾ ਹੈ ਕਿਉਂਕਿ ਇਸ ਬਾਰੇ ਤਾਂ ਸੋਚਣਾ ਵੀ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀਆਂ ਨਾ ਦਿੰਦੇ ਤਾਂ ਅੱਜ ਇਤਿਹਾਸ ਕੁਝ ਹੋਰ ਹੁੰਦਾ। ਇਸ ਤੋਂ ਇਲਾਵਾ ਉਹ ਜਾਂਦੇ ਸਮੇਂ ਮਾਛੀਵਾੜਾ ਵਿਖੇ ਸਥਿਤ ਭਾਜਪਾ ਦਫ਼ਤਰ ਵਿਖੇ ਰੁਕੇ ਜਿੱਥੇ ਮੰਡਲ ਪ੍ਰਧਾਨ ਸੁੱਖੀ ਸ਼ਰਮਾ ਵੱਲੋਂ ਉਨ੍ਹਾਂ ਦਾ ਸਵਾਗਤ ਕਰ ਸਨਮਾਨਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਉਸ ਪਵਿੱਤਰ ਖੂਹ ਸਾਹਿਬ ਦੇ ਦਰਸ਼ਨ ਵੀ ਕਰਾਏ ਗਏ, ਜਿੱਥੇ ਗੁਰੂ ਸਾਹਿਬ ਜੀ ਨੇ ਠੰਢਾ ਮਿੱਠਾ ਜਲ ਛਕਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਇਤਿਹਾਸਕ ਧਰਤੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਵੱਲੋਂ ਨਾਇਬ ਸਿੰਘ ਸੈਣੀ ਨੂੰ ਸਿਰੋਪਾਓ ਤੇ ਗੁਰੂ ਸਾਹਿਬ ਜੀ ਦਾ ਚਿੱਤਰ ਭੇਟ ਕਰ ਸਨਮਾਨਤ ਵੀ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਤਹਿਤ ਪੁਲਸ-ਪਬਲਿਕ ਸਾਂਝੀ ਪੈਦਲ ਯਾਤਰਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਦੇ ਦੂਸਰੇ ਪੜਾਅ ਤਹਿਤ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਸਰਬਜੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਵੱਲੋਂ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਪੈਦਲ ਜਾਗਰੂਕਤਾ ਯਾਤਰਾ ਕੱਢੀ ਗਈ।ਇਹ ਪੈਦਲ ਯਾਤਰਾ ਹਲਕਾ ਮਹਿਲ ਕਲਾਂ ਦੇ ਪਿੰਡ ਹਰਦਾਸਪੁਰਾ ਤੋਂ ਸ਼ੁਰੂ ਹੋ ਕੇ ਪਿੰਡ ਕੁਤਬਾ, ਚੁਹਾਣਕੇ ਕਲਾਂ ਤੇ ਛੀਨੀਵਾਲ ਕਲਾਂ ਆਦਿ ਦਰਜਨ ਦੇ ਕਰੀਬ ਪਿੰਡਾਂ ਤੱਕ ਪਹੁੰਚੀ।ਇਸ ਦੌਰਾਨ ਤਖਤੀਆਂ ਹੱਥਾਂ 'ਚ ਫੜ ਕੇ 'ਨਸ਼ੇ ਛੱਡੋ, ਕੋੜ ਵੱਢੋ' ਦੇ ਨਾਅਰੇ ਲਗਾਏ ਗਏ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਥਾਣਾ ਮੁਖੀ ਸਰਬਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਪਿੰਡ ਪੱਧਰ 'ਤੇ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਇਹ ਪੈਦਲ ਯਾਤਰਾ ਜ਼ਿਲ੍ਹਾ ਪੁਲਸ ਮੁਖੀ ਬਰਨਾਲਾ ਮੁਹੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਡੀ ਐੱਸ ਪੀ ਮਹਿਲ ਕਲਾਂ ਜਸਪਾਲ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਕੀਤੀ ਗਈ।ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੇਕਰ ਕੋਈ ਵਿਅਕਤੀ ਨਸ਼ਾ ਛੱਡਣਾ ਚਾਹੁੰਦਾ ਹੈ, ਤਾਂ ਸਰਕਾਰ ਵੱਲੋਂ ਉਨ੍ਹਾਂ ਦਾ ਇਲਾਜ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ।ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਕਿਉਂਕਿ ਆਮ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਜੰਗ ਜਿੱਤੀ ਨਹੀਂ ਜਾ ਸਕਦੀ।ਇਸ ਮੌਕੇ ਸਰਪੰਚ ਪ੍ਰਦੀਪ ਸਿੰਘ ਰਾਏ, ਸੰਮਤੀ ਮੈਂਬਰ ਦਵਿੰਦਰ ਸਿੰਘ ਧਨੌਆ, ਸਿਕੰਦਰ ਸਿੰਘ ਕੁਤਬਾ, ਮਨਜੀਤ ਸਿੰਘ ਸਹਿਜੜਾ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਇਸ ਦਾ ਸਾਥ ਦੇਣਾ ਚਾਹੀਦਾ ਹੈ।ਇਸ ਮੌਕੇ ਨਿਰਭੈ ਸਿੰਘ ਹਰਦਾਸਪੁਰਾ, ਗੁਰਜੀਤ ਸਿੰਘ ਧਾਲੀਵਾਲ, ਹਾਕਮ ਸਿੰਘ ਛੀਨੀਵਾਲ, ਜਗਮੇਲ ਸਿੰਘ ਛੀਨੀਵਾਲ ਆਦਿ ਹਾਜ਼ਰ ਸਨ।

## ਕਲੇਰ ਦੀ ਅਗਵਾਈ 'ਚ ਜਥਾ ਲੁਧਿਆਣਾ ਧਰਨੇ ਲਈ ਰਵਾਨਾ



ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੁਆਰਾ ਗੁਰੂਆਂ ਬਾਰੇ ਬੋਲੇ ਗਏ ਅਪ ਸ਼ਬਦਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਲੁਧਿਆਣਾ ਦੇ ਡੀ. ਸੀ. ਦਫ਼ਤਰ ਅੱਗੇ ਰੋਸ ਮੁਜ਼ਾਹਰੇ 'ਚ ਸ਼੍ਰੋਮਣੀ ਅਕਾਲੀ ਦਲ ਦੀ ਜਗਰਾਉਂ ਲੀਡਰਸ਼ਿਪ ਨੇ ਜੋਸ਼ ਖਰੋਸ਼ ਨਾਲ ਸ਼ਮੂਲੀਅਤ ਕੀਤੀ।ਹਲਕਾ ਇੰਚਾਰਜ ਤੇ ਕੋਰ ਕਮੇਟੀ ਮੈਂਬਰ ਐੱਸ. ਆਰ. ਕਲੇਰ ਦੀ ਅਗਵਾਈ ਹੇਠ ਰਵਾਨਾ ਹੋਏ ਵਰਕਰਾਂ ਵਿੱਚ ਆਤਿਸ਼ੀ ਖਿਲਾਫ਼ ਸਖ਼ਤ ਰੋਸ ਦੇਖਣ ਨੂੰ ਮਿਲਿਆ।ਰਵਾਨਗੀ ਵੇਲੇ ਐੱਸ ਆਰ ਕਲੇਰ ਤੇ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਆਤਿਸ਼ੀ ਦੁਆਰਾ ਕੀਤੀ ਸਾਜ਼ਿਸ਼ੀ ਤੇ ਘਿਨੌਣੀ ਹਰਕਤ ਦੀ ਜਿੰਨੀ ਵੀ ਨਿੰਦਾ ਕਰੀ ਜਾਵੇ ਥੋੜ੍ਹੀ ਹੈ।ਆਗੂਆਂ ਨੇ ਕਿਹਾ ਕਿ ਇਸ ਅਸਹਿਣਯੋਗ ਟਿੱਪਣੀ ਨੂੰ ਲੈ ਕੇ ਪੰਜਾਬ ਦੇ ਲੋਕਾਂ ਵਿੱਚ ਸਖ਼ਤ ਰੋਸ ਹੈ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਆਤਿਸ਼ੀ ਨੂੰ ਮੁਆਫੀ ਮੰਗ ਲੈਣੀ ਚਾਹੀਦੀ ਹੈ।ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤਜਿੰਦਰਪਾਲ ਸਿੰਘ ਕੰਨੀਆ, ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ, ਐੱਸ ਸੀ ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਸੀਨੀਅਰ ਯੂਥ ਆਗੂ ਸੰਦੀਪ ਸਿੰਘ ਮੱਲ੍ਹਾ, ਜਸਪ੍ਰੀਤ ਸਿੰਘ ਲੱਖਾ ਚਕਰ, ਸੁਖਪ੍ਰੀਤ ਸਿੰਘ ਜਗਰਾਉਂ, ਜਸਵਿੰਦਰ ਸਿੰਘ ਦੇਹੜਕਾ ਲਾਡੀ, ਯੂਥ ਪ੍ਰਧਾਨ ਜਤਿੰਦਰ ਸਿੰਘ ਰਿੰਕੂ, ਸਿਮਰਨਜੀਤ ਮਾਣੂੰਕੇ ਤੇ ਹੋਰ ਮੌਜੂਦ ਸਨ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਆਤਿਸ਼ੀ ਖਿਲਾਫ ਰੋਸ ਪ੍ਰਦਰਸ਼ਨ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਮਾਰਲੇਨਾ ਵੱਲੋਂ ਵਿਧਾਨ ਸਭਾ ਸੈਸ਼ਨ ਦੌਰਾਨ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਸ਼ਹਾਦਤ ਦੇ ਸਬੰਧ ਵਿੱਚ ਚੱਲ ਰਹੀ ਵਿਸ਼ੇਸ਼ ਚਰਚਾ ਦੌਰਾਨ ਬੋਲੀ ਭੱਦੀ ਸ਼ਬਦਾਵਲੀ 'ਤੇ ਕਾਰਵਾਈ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਤੇ ਵਰਕਰਾਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਪੰਜਾਬ ਦੇ ਰਾਜਪਾਲ ਤੇ ਸਪੀਕਰ ਦੇ ਨਾਮ ਮੰਗ ਪੱਤਰ ਦਿੰਦੇ ਹੋਏ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਮਾਰਲੇਨਾ ਖਿਲਾਫ਼ ਪਰਚਾ ਦਰਜ ਕਰਨ ਅਤੇ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਦੀ ਗੁਰੂਆਂ ਪ੍ਰਤੀ ਭੱਦੀ ਹਰਕਤਾਂ ਦੀ ਵੀਡੀਓ ਵਾਇਰਲ ਹੋਈ ਹੈ, 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ।ਜਿਸ ਤਹਿਤ ਬਠਿੰਡਾ ਸ਼ਹਿਰੀ ਦੇ ਪ੍ਰਧਾਨ ਸੁਸ਼ੀਲ ਕੁਮਾਰ ਗੋਲਡੀ, ਜ਼ਿਲ੍ਹਾ ਦਿਹਾਤੀ ਪ੍ਰਧਾਨ ਜਗਸੀਰ ਸਿੰਘ ਜੱਗਾ ਕਲਿਆਣ ਤੇ ਓਐੱਸਡੀ ਗੁਰਚਰਨ ਸਿੰਘ ਦੀ ਅਗਵਾਈ ਵਿੱਚ ਮਿਨੀ ਸਕੱਤਰੇਤ ਨੇੜੇ ਡਾਕਟਰ ਭੀਮ ਰਾਓ ਅੰਬੇਡਕਰ ਪਾਰਕ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਪ੍ਰਸ਼ਾਸਨ ਨੂੰ ਰਾਜਪਾਲ ਤੇ ਸਪੀਕਰ ਦੇ ਨਾਮ ਮੰਗ ਪੱਤਰ ਦਿੰਦੇ ਹੋਏ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਮਾਰਲੇਨਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ।ਇਸ ਮੌਕੇ ਪਾਰਟੀ ਦੇ ਕੋਮੀ ਸੀਨੀਅਰ ਮੀਤ ਪ੍ਰਧਾਨ ਮਹਿਤ ਗੁਪਤਾ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਹਲਕਾ ਇੰਚਾਰਜ ਰਵੀ ਪ੍ਰੀਤ ਸਿੰਘ ਸਿੱਧੂ, ਬਠਿੰਡਾ ਸ਼ਹਿਰੀ ਦੇ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਇਕਬਾਲ ਸਿੰਘ ਬਰਾੜ ਸੈਣੇਵਾਲਾ, ਗੁਰਤੇਜ ਸਿੰਘ ਫੂਸ ਮੰਡੀ, ਸਾਬਕਾ ਮੇਅਰ ਬਲਜੀਤ ਸਿੰਘ ਬੀੜ ਬਹਿਮਨ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## ਲਾਇਨਜ਼ ਕਲੱਬ ਪ੍ਰਾਈਮ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਤਹਿਤ ਜਾਗਰੂਕਤਾ ਮੁਹਿੰਮ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਲਾਇਨਜ਼ ਕਲੱਬ ਪ੍ਰਾਈਮ ਵੱਲੋਂ ਪ੍ਰਧਾਨ ਪਵਿੱਤਰ ਸਿੰਗਲਾ ਦੀ ਅਗਵਾਈ ਹੇਠ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੇ ਤਹਿਤ ਸ਼ਹਿਰ ਦੇ ਆਈ.ਟੀ.ਆਈ. ਚੌਂਕ 'ਤੇ ਇੱਕ ਵਿਸ਼ੇਸ਼ ਜਾਗਰੂਕਤਾ ਅਭਿਆਨ ਚਲਾਇਆ ਗਿਆ।ਇਸ ਅਭਿਆਨ ਦੌਰਾਨ ਲਾਇਨਜ਼ ਕਲੱਬ ਦੇ ਮੈਂਬਰਾਂ ਨੇ ਸੜਕਾਂ 'ਤੇ ਚੱਲ ਰਹੇ ਵਾਹਨ ਚਾਲਕਾਂ ਨੂੰ ਘਣੇ ਕੋਹਰੇ ਤੋਂ ਬਚਾਅ ਲਈ ਰਿਫਲੈਕਟਰ ਵੰਡੇ ਤੇ ਦੋ-ਪਹੀਆ ਵਾਹਨ ਚਾਲਕਾਂ ਨੂੰ ਹੈਲਮੈਟ ਪਹਿਨਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਟ੍ਰੈਫਿਕ ਇੰਚਾਰਜ ਨਿਰਭੈ ਸਿੰਘ ਨੇ ਆਪਣੀ ਟੀਮ ਸਮੇਤ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਸੰਭਾਲਦੇ ਹੋਏ ਕਾਰਜਕ੍ਰਮ ਨੂੰ ਸਫਲ ਬਣਾਇਆ।ਇਸ ਤੋਂ ਇਲਾਵਾ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਪੰਜਾਬ ਦੇ ਮੈਂਬਰ ਪੰਕਜ ਅਰੋੜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ਤੇ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਕਾਰਜਕ੍ਰਮ ਵਿੱਚ ਚੇਅਰਮੈਨ ਅੰਕੁਰ ਜ਼ਖਮੀ, ਪ੍ਰੀਤਪਾਲ ਮੱਲੀ, ਸੰਜੀਵ ਮੈਨਨ, ਰੋਬਿਨ ਵਾਸ਼ਨ, ਕੁਲਵਿੰਦਰ ਨਾਮਧਾਰੀ, ਰਾਜੇਸ਼ ਅਰੋੜਾ ਤੇ ਜ਼ੋਨ ਚੇਅਰਪਰਸਨ ਅੰਕਿਤ ਪਾਹੂਜਾ ਸਮੇਤ ਕਈ ਗਣਮਾਨਯ ਮੈਂਬਰ ਮੌਜੂਦ ਰਹੇ।ਇਸ ਤੋਂ ਇਲਾਵਾ ਮੁੱਖ ਡੀ.ਐੱਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ ਤੇ ਐੱਸ ਐੱਚ ਓ ਪ੍ਰਤੀਕ ਜਿੰਦਲ ਨੇ ਵੀ ਮੌਕੇ 'ਤੇ ਪਹੁੰਚ ਕੇ ਲਾਇਨਜ਼ ਕਲੱਬ ਪ੍ਰਾਈਮ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ।ਲਾਇਨਜ਼ ਕਲੱਬ ਪ੍ਰਾਈਮ ਦੇ ਪਦਾਧਿਕਾਰੀਆਂ ਨੇ ਕਿਹਾ ਕਿ ਸੜਕ ਸੁਰੱਖਿਆ ਸਿਰਫ਼ ਨਿਯਮਾਂ ਦੀ ਪਾਲਣਾ ਨਾਲ ਹੀ ਨਹੀਂ, ਸਗੋਂ ਜਾਗਰੂਕਤਾ ਤੇ ਜ਼ਿੰਮੇਵਾਰ ਨਾਗਰਿਕ ਬਣਨ ਨਾਲ ਯਕੀਨੀ ਬਣਦੀ ਹੈ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਹੈਲਮੈਟ ਜ਼ਰੂਰ ਪਹਿਨਣ ਤੇ ਹਾਦਸਿਆਂ ਤੋਂ ਬਚਾਅ ਲਈ ਸਾਵਧਾਨ ਰਹਿਣ।

## ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਖਿਲਾਫ ਹੋਵੇ ਮਾਮਲਾ ਦਰਜ : ਭੁੱਲਰ, ਮਾਹਲਾ

### ਆਤਿਸ਼ੀ ਖਿਲਾਫ ਮਾਮਲਾ ਦਰਜ ਕਰਨ ਲਈ ਡੀ ਸੀ ਰਾਹੀਂ ਰਾਜਪਾਲ ਤੇ ਸਪੀਕਰ ਨੂੰ ਭੇਜਿਆ ਮੰਗ ਪੱਤਰ



ਮੋਗਾ (ਇਕਬਾਲ ਸਿੰਘ ਖਹਿਰਾ)-ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਦੀ ਅਗਵਾਈ ਹੇਠ ਮੋਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਮੈਂਬਰਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੀ ਨੇਤਾ ਤੇ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਆਤਸ਼ੀ ਮਾਰਲੀਨਾ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪ੍ਰਤੀ ਵਰਤੀ ਅਪਮਾਨਜਨਕ ਸ਼ਬਦਾਵਲੀ ਖਿਲਾਫ ਮਾਮਲਾ ਦਰਜ ਕਰਨ ਦੀ ਮੰਗ ਨੂੰ ਲੈ ਕੇ ਜਿੱਥੇ ਡੀਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ, ਉੱਥੇ ਹੀ ਸਾਬਕਾ ਮੁੱਖ ਮੰਤਰੀ ਖਿਲਾਫ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ।ਉਪਰੰਤ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਮੰਗ ਪੱਤਰ ਰਾਜਪਾਲ ਪੰਜਾਬ ਤੇ ਸਪੀਕਰ ਵਿਧਾਨ ਸਭਾ ਦਿੱਲੀ ਦੇ ਨਾਮ ਤੇ ਜਿੱਥੇ ਮੁਢਲੀ ਮੈਂਬਰਸ਼ਿਪ ਖਾਰਜ ਕਰਨ ਦੀ ਅਪੀਲ ਕੀਤੀ ਗਈ, ਉੱਥੇ ਹੀ ਇਸ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਮਾਮਲਾ ਦਰਜ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ, ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ ਨੇ ਕਿਹਾ ਕਿ ਆਏ ਦਿਨ ਭਗਵੰਤ ਸਿੰਘ ਮਾਨ ਵੱਲੋਂ ਜਿੱਥੇ ਅਕਾਲ ਤਖਤ ਤੇ ਅਕਾਲ ਤਖਤ ਦੇ ਜਥੇਦਾਰ 'ਤੇ ਸਵਾਲ ਕੀਤੇ ਜਾ ਰਹੇ ਹਨ, ਉਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਸਮਾਜ ਸੇਵੀ ਜੱਸੀ ਨੇ ਝੁੱਗੀਆਂ ਵਾਲਿਆਂ ਨਾਲ ਮਨਾਇਆ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ

### ਲੋੜਵੰਦਾਂ ਨੂੰ ਜਰਸੀਆਂ ਤੇ ਸ਼ਾਲਾਂ ਨਾਲ ਕੀਤਾ ਸਨਮਾਨਤ




ਧੂਰੀ (ਰਣਜੀਤ ਸਿੰਘ ਪੇਧਨੀ)-ਸਥਾਨਕ ਦਾਣਾ ਮੰਡੀ ਵਿੱਚ ਲਗਭਗ 40 ਵਰ੍ਹਿਆਂ ਤੋਂ ਝੌਂਪੜੀਆਂ ਵਿੱਚ ਰਹਿ ਰਹੇ ਗਰੀਬ ਲੋਕਾਂ ਨੂੰ ਠੰਡ ਤੋਂ ਬਚਾਉਣ ਦੇ ਉਪਰਾਲੇ ਵਜੋਂ ਉਨ੍ਹਾਂ ਦੇ ਨਿੱਕੇ ਨਿੱਕੇ ਮਸੂਮ ਬੱਚਿਆਂ ਨੂੰ ਜਰਸੀਆਂ, ਔਰਤਾਂ ਨੂੰ ਸ਼ਾਲ ਤੇ ਕੰਬਲਾਂ ਨਾਲ ਸਨਮਾਨਤ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ।ਉਪਰੋਕਤ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਦੱਸਿਆ ਕਿ ਝੁੱਗੀਆਂ ਵਿੱਚ ਰਹਿਣ ਵਾਲੇ ਇਹ ਗਰੀਬ ਲੋਕ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਜਨਮ ਸਥਾਨ ਪਟਨਾ ਸਾਹਿਬ ਦੇ ਵਸਨੀਕ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਗੋਲਕ ਨੂੰ ਗਰੀਬ ਦਾ ਮੂੰਹ ਕਿਹਾ ਸੀ, ਪਰ ਅਫਸੋਸ ਗੁਰਦੁਆਰਿਆਂ ਵਿੱਚ ਪਈਆਂ ਗੋਲਕਾਂ ਦਾ ਮੂੰਹ ਗਰੀਬਾਂ ਵੱਲ ਨਹੀਂ ਹੋ ਸਕਿਆ। ਅੰਤ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਜ਼ਿੰਦਗੀ ਜਿਉਣ ਦੇ ਅਰਥਾਂ ਨੂੰ ਸਮਝਣ ਤੇ ਚੇਤਨ ਬੁੱਧੀ ਰੱਖਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਵਰਗੇ ਮਹਾਨ ਰਹਿਬਰਾਂ ਦੇ ਜਨਮ ਤੇ ਸ਼ਹੀਦੀ ਦਿਨ ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕਰਕੇ ਮਨਾਉਂਦਿਆਂ ਗੁਰੂ ਸਾਹਿਬਾਨਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਾਈਵੇ ਨਾਲ ਛੇੜਛਾੜ ਦਾ ਮਸਲਾ ਨੈਸ਼ਨਲ ਅਥਾਰਟੀ ਕੋਲ ਪੁੱਜਾ



ਮਾਨਸਾ (ਆਤਮਾ ਸਿੰਘ ਪਮਾਰ)-ਮਾਨਸਾ ਸ਼ਹਿਰ ਦੇ ਰਮਦਿੱਤੇਵਾਲਾ ਚੌਕ ਵਿਖੇ ਪਿਛਲੇ ਤਿੰਨ ਸਾਲਾਂ ਤੋਂ ਭਾਰੀ ਵਾਹਨ, ਜੋ ਕਿ ਰੀਫਾਇਨਰੀ ਤੇ ਥਰਮਲ ਪਲਾਂਟ ਬਣਾਂਵਾਲੀ ਨੂੰ ਮਾਲ ਦੀ ਢੋਆ ਢੁਆਈ ਕਰਦੇ ਸਮੇਂ ਮਾਨਸਾ ਪ੍ਰਸ਼ਾਸਨ ਦੀ ਕਥਿਤ ਮਿਲੀਭੁਗਤ ਨਾਲ ਓਵਰ ਲੋਡ ਭਾਰ ਲੈ ਕੇ ਨੈਸ਼ਨਲ ਹਾਈਵੇ 703, ਜੋ ਕਿ ਸਿਰਸਾ ਨੂੰ ਵਾਇਆ ਮਾਨਸਾ ਚੰਡੀਗੜ੍ਹ ਤੇ ਲੁਧਿਆਣਾ ਨਾਲ ਜੋੜਦਾ ਹੈ।ਇਸ ਹਾਈਵੇ ਨੂੰ ਬੁਰੀ ਤਰ੍ਹਾਂ ਇਨ੍ਹਾਂ ਵਾਹਨਾਂ ਵੱਲੋਂ ਤੋੜ ਦਿੱਤਾ ਗਿਆ ਹੈ ਤੇ ਇਨ੍ਹਾਂ ਭਾਰੀ ਵਾਹਨਾਂ ਕਾਰਨ ਸੜਕ ਵਿੱਚ 6 ਇੰਚ ਡੂੰਘੇ ਟਾਇਰਾਂ ਦੀ ਚੌੜਾਈ ਜਿੰਨੇ ਚੌੜੇ ਇਸ ਨੈਸ਼ਨਲ ਹਾਈਵੇ ਉੱਪਰ ਟੋਏ ਪੈ ਚੁੱਕੇ ਹਨ, ਜਿਸ ਕਾਰਨ ਪਿਛਲੇ ਤਿੰਨ ਸਾਲ ਤੋਂ ਰੋਜ਼ਾਨਾ ਇਸ ਸੜਕ ਉੱਪਰ ਹਾਦਸੇ ਹੋ ਰਹੇ ਹਨ।

ਇਸ ਐੱਨ.ਐੱਚ. ਨੂੰ ਠੀਕ ਕਰਨ ਲਈ ਮਾਨਸਾ ਜ਼ਿਲ੍ਹਾ ਪ੍ਰਸ਼ਾਸਨ ਤੇ ਮੌਜੂਦਾ ਸਰਕਾਰ ਵੱਲੋਂ ਕੋਈ ਯਤਨ ਨਹੀਂ ਕੀਤੇ ਗਏ, ਪਰ ਜਦ 10 ਜਨਵਰੀ ਨੂੰ ਪੰਜਾਬ ਦੀ ਕੈਬਨਿਟ ਮੰਤਰੀ ਨੇ ਰਮਦਿੱਤੇਵਾਲਾ ਚੌਕ ਵਿੱਚ ਬਿਰਧ ਆਸ਼ਰਮ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਨਿੱਜੀ ਦਿਲਚਸਪੀ ਲੈ ਕੇ ਇਸ ਬਿਰਧ ਆਸ਼ਰਮ ਨੂੰ ਬਣਾਉਣਾ ਸ਼ੁਰੂ ਕੀਤਾ ਸੀ। ਉਸ ਦਾ ਉਦਘਾਟਨ ਕਰਨ ਆਉਣਾ ਸੀ, ਜਿਸ ਕਾਰਨ ਮਾਨਸਾ ਦੇ ਕੁੰਭਕਰਨੀ ਜ਼ਿਲ੍ਹਾ ਪ੍ਰਸ਼ਾਸਨ ਦੀ ਨੀਂਦ ਖੁੱਲ੍ਹੀ ਤੇ ਉਸ ਦੇ ਧਿਆਨ ਵਿੱਚ ਆਇਆ ਕਿ ਮੰਤਰੀ ਦੀ ਗੱਡੀ ਨੂੰ ਕੋਈ ਝਟਕਾ ਨਾ ਲੱਗ ਜਾਵੇ। ਉਨ੍ਹਾਂ ਵੱਲੋਂ ਅਣਗਹਿਲੀ ਵਰਤਦਿਆਂ ਬਿਨਾਂ ਨੈਸ਼ਨਲ ਹਾਈਵੇ ਅਥਾਰਟੀ ਦੀ ਮਨਜ਼ੂਰੀ ਤੇ ਨੈਸ਼ਨਲ ਹਾਈਵੇ ਦੀ ਰਿਪੇਅਰ ਦੇ ਨਿਯਮਾਂ ਦਾ ਉਲੰਘਣ ਕਰਦੇ ਹੋਏ ਬੇਤਰਤੀਬੇ ਢੰਗ ਨਾਲ ਇੰਟਰਲਾਕ ਟਾਇਲਾਂ ਲਾ ਕੇ ਇਨ੍ਹਾਂ ਸੜਕ ਵਿਚਲੇ ਖੱਡਿਆਂ ਨੂੰ ਭਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਇੰਟਰਲਾਕ ਟਾਇਲਾਂ ਲੱਗਣ ਨਾਲ ਸੜਕ ਹੋਰ ਵੀ ਰਾਹਗੀਰਾਂ ਲਈ ਖਤਰਨਾਕ ਹੋ ਗਈ।ਖਾਸਕਰ ਜਦ ਧੁੰਦ ਦਾ ਮੌਸਮ ਚੱਲਦਾ ਹੈ ਤੇ ਦੋ-ਪਹੀਆ ਚਾਲਕ ਇਸ ਦੇ ਬੇਤਰਤੀਬੇ ਇੰਟਰਲਾਕ ਅਤੇ ਲੁਕ ਦੀ ਸੜਕ ਵਿੱਚ ਆਪਣਾ ਬੈਲੇਂਸ ਖੋਹ ਕੇ ਕਿਸੇ ਵੀ ਸਮੇਂ ਸੜਕ ਹਾਦਸੇ ਦਾ ਸ਼ਿਕਾਰ ਹੋ ਸਕਦੇ ਹਨ।

ਇਸ ਮੁੱਦੇ ਨੂੰ ਚੁੱਕਦਿਆਂ ਗੁਰਲਾਭ ਸਿੰਘ ਮਾਹਲ ਐਡਵੋਕੇਟ ਨੇ ਕਿਹਾ ਕਿ ਜੇਕਰ ਇਸ ਰੋਡ 'ਤੇ ਕੋਈ ਹਾਦਸਾ ਹੁੰਦਾ ਹੈ ਤੇ ਕਿਸੇ ਵਿਅਕਤੀ ਨੂੰ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਗਲਤ ਤਰੀਕੇ ਨਾਲ ਰਿਪੇਅਰ ਕਰਵਾਉਣ ਵਾਲੇ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਖੀ ਮੌਜੂਦਾ ਡਿਪਟੀ ਕਮਿਸ਼ਨਰ ਮਾਨਸਾ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਗੇ।ਉਨ੍ਹਾਂ ਨੈਸ਼ਨਲ ਹਾਈਵੇ ਅਥਾਰਟੀ ਤੋਂ ਮੰਗ ਕੀਤੀ ਕਿ ਜਿਨ੍ਹਾਂ ਅਧਿਕਾਰੀਆਂ ਨੇ ਬਿਨਾਂ ਨੈਸ਼ਨਲ ਹਾਈਵੇ ਦੀ ਪਰਮੀਸ਼ਨ ਇਸ ਸੜਕ ਦੀ ਰਿਪੇਅਰ ਬੇਤਰਤੀਬੇ ਢੰਗ ਨਾਲ ਕੀਤੀ, ਉਨ੍ਹਾਂ ਖਿਲਾਫ ਜਾਂਚ ਕਰਕੇ ਫੌਜਦਾਰੀ ਦਾ ਪਰਚਾ ਦਰਜ ਕਰਵਾਇਆ ਜਾਵੇ।ਉਨ੍ਹਾਂ ਨੈਸ਼ਨਲ ਹਾਈਵੇ ਅਥਾਰਟੀ ਨੂੰ ਅਪੀਲ ਕੀਤੀ ਕਿ ਐੱਨ.ਐੱਚ. 703 ਨੂੰ ਜਲਦ ਤੋਂ ਜਲਦ ਨਵਾਂ ਬਣਾਇਆ ਜਾਵੇ ਤੇ ਇਸ ਸੜਕ ਉੱਪਰ ਲੰਘਦੇ ਓਵਰ ਲੋਡ ਭਾਰੀ ਵਾਹਨਾਂ ਦੀ ਆਵਾਜਾਈ ਬੰਦ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ।

## ਪਰਚਾ ਦਰਜ ਹੋਣ 'ਤੇ ਪੁਲਸ ਨਹੀਂ ਕਰ ਰਹੀ ਕਾਰਵਾਈ : ਗੁਰਮੇਜ ਸਿੰਘ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਪਰਚਾ ਦਰਜ ਹੋਣ ਦੇ ਬਾਵਜੂਦ ਪੰਜਾਬ ਪੁਲਸ ਸਿਆਸੀ ਦਬਾਅ ਕਾਰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ। ਇਹ ਇਲਜ਼ਾਮ ਲਾਉਂਦਿਆਂ ਪ੍ਰੈੱਸ ਕਲੱਬ ਗੁਰੂ ਹਰਸਹਾਏ ਵਿਖੇ ਹੋਈ ਇੱਕ ਕਾਨਫਰੰਸ ਦੌਰਾਨ ਪਿੰਡ ਝੁੱਗੇ ਜਵਾਹਰ ਸਿੰਘ ਵਾਲਾ ਦੇ ਵਸਨੀਕ ਗੁਰਮੇਜ ਸਿੰਘ ਨੇ ਦੱਸਿਆ ਕਿ ਪਿਛਲੇ ਦਿਨ ਇਕ ਰਸਤੇ ਨੂੰ ਲੈ ਕੇ ਹੋਈ ਲੜਾਈ ਦੌਰਾਨ ਜ਼ਖ਼ਮੀ ਹੋਏ 12 ਸਾਲਾਂ ਅਭੀ ਨੂੰ ਸਿਆਸੀ ਦਬਾਅ ਹੇਠ ਇਨਸਾਫ ਨਾ ਮਿਲਦਾ ਦੇਖ ਪੱਤਰਕਾਰਾਂ ਸਾਹਮਣੇ ਥਾਣਾ ਗੁਰੂ ਹਰਸਹਾਏ ਦੀ ਪੁਲਸ 'ਤੇ ਕਥਿਤ ਦੋਸ਼ ਲਗਾਉਂਦਿਆਂ ਜਾਣਕਾਰੀ ਦਿੱਤੀ ਕਿ 10 ਦਿਨ ਬੀਤ ਜਾਣ ਦੇ ਬਾਵਜੂਦ ਸੱਟਾਂ ਮਾਰਨ ਵਾਲੇ ਲੋਕਾਂ ਨੂੰ ਨਾ ਤਾਂ ਪੁਲਸ ਗ੍ਰਿਫਤਾਰ ਕਰ ਰਹੀ ਆ ਤੇ ਨਾ ਹੀ ਕੋਈ ਹੋਰ ਕਾਰਵਾਈ ਕਰ ਰਹੀ ਹੈ।ਗੁਰਮੇਜ ਸਿੰਘ ਨੇ ਦੱਸਿਆ ਕਿ ਮੇਰੇ ਚਾਚੇ ਦੇ ਲੜਕੇ ਦੀ ਮਾਲਕੀ ਜ਼ਮੀਨ ਵਿੱਚ ਉਕਤ ਵਿਅਕਤੀ ਸ਼ਾਰਾ ਸਿੰਘ ਪੁੱਤਰ ਝੰਡਾ ਸਿੰਘ, ਦੇਸਾ ਸਿੰਘ, ਜੱਜ ਸਿੰਘ, ਜੋਗਿੰਦਰ ਸਿੰਘ ਪੁੱਤਰ ਸ਼ਾਰਾ ਸਿੰਘ ਤੇ ਇਸਦੀਆਂ ਨੂੰਹਾਂ ਕਸ਼ਮੀਰਾ ਬਾਈ, ਸੀਮਾ ਰਾਣੀ ਪਤਨੀ ਜੱਜ ਸਿੰਘ, ਪਰਮਜੀਤ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਝੁੱਗੇ ਜਵਾਹਰ ਸਿੰਘ ਵਾਲਾ ਝੁੱਗੇ ਈਸਾ ਪੰਜ ਗਰਾਈਂ ਤੇ ਪੰਜ ਛੇ ਅਣਪਛਾਤੇ ਵਿਅਕਤੀ ਜ਼ਬਰਦਸਤੀ ਰਸਤਾ ਕੱਢਣ ਲੱਗੇ, ਜਦੋਂ ਅਸੀਂ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਸਾਡੇ ਉੱਪਰ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਇੱਕ ਇੱਟ ਮੇਰੇ ਭਤੀਜੇ 12 ਸਾਲ ਅਭੀ ਪੁੱਤਰ ਹਰਜਨ ਸਿੰਘ ਦੇ ਸਿਰ ਉੱਪਰ ਲੱਗੀ ਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਇਹ ਸਭ ਦੇਖ ਸਾਰੇ ਉੱਥੋਂ ਭੱਜ ਗਏ ਤੇ ਅਸੀਂ ਆਪਣੇ ਭਤੀਜੇ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਜਲਾਲਾਬਾਦ ਲੈ ਗਏ, ਜਿੱਥੇ ਉਸ ਦੀ ਗੰਭੀਰ ਹਾਲਤ ਦੇਖਦੇ ਹੋਏ ਡਾਕਟਰਾਂ ਨੇ ਸਾਨੂੰ ਬਠਿੰਡਾ ਲਈ ਰੈਫਰ ਕਰ ਦਿੱਤਾ। ਇਸ ਮਾਮਲੇ ਨੂੰ ਲੈ ਕੇ ਪਰਚਾ ਦਰਜ ਹੋਣ ਦੇ ਬਾਵਜੂਦ ਸਿਆਸੀ ਦਬਾਅ ਹੇਠ ਪੁਲਸ ਵੱਲੋਂ ਸਾਡੀ ਕੋਈ ਸੁਣਵਾਈ ਨਹੀਂ ਕੀਤੀ ਗਈ। ਇਸ ਸਬੰਧੀ ਜਦੋਂ ਥਾਣਾ ਗੁਰੂ ਹਰਸਹਾਏ ਦੇ ਐੱਸ ਐੱਚ ਓ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਪਾਰਟੀ ਉੱਪਰ ਵੀ ਪਰਚਾ ਦਰਜ ਹੋ ਚੁੱਕਿਆ ਹੈ।ਇਸ ਲਈ ਇਨ੍ਹਾਂ ਦੋਵਾਂ ਧਿਰਾਂ ਨੂੰ ਲੈ ਕੇ ਗ੍ਰਿਫ਼ਤਾਰੀਆਂ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਮਾਘੀ ਦਿਹਾੜੇ ਨੂੰ ਸਮਰਪਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਅੱਜ ਤੋਂ

ਲੌਂਗੋਵਾਲ (ਪ੍ਰਦੀਪ ਸੱਪਲ)-ਸਥਾਨਕ ਪੱਤੀ ਜੈਦ ਦੇ ਗੁਰਦੁਆਰਾ ਸਾਹਿਬ ਬਾਬਾ ਨਰੈਣ ਦਾਸ ਜੀ ਤੇ ਸਮੂਹ ਸਾਧ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਘੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਤ ਸਾਲਾਨਾ ਧਾਰਮਿਕ ਸਮਾਗਮ 12, 13 ਤੇ 14 ਜਨਵਰੀ ਨੂੰ ਕਰਵਾਇਆ ਜਾਵੇਗਾ।ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਅਮਰੀਕ ਸਿੰਘ ਤੇ ਹੈੱਡ ਗ੍ਰੰਥੀ ਭਾਈ ਪਵਿੱਤਰ ਸਿੰਘ ਸਾਹੋਕੇ ਤੇ ਭਾਈ ਕੁਲਦੀਪ ਸਿੰਘ ਦੁੱਲਟ ਨੇ ਦੱਸਿਆ ਕਿ ਸਮਾਗਮ ਦੇ ਸਬੰਧ ਵਿੱਚ 12 ਜਨਵਰੀ ਨੂੰ ਮਾਘੀ ਵਾਲੇ ਦਿਨ ਸ੍ਰੀ ਅਖੰਡ ਸਾਹਿਬ ਜੀ ਦੇ ਪਾਠ ਭੋਗ ਪਾਏ ਜਾਣਗੇ।ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪਰਮਜੀਤ ਸਿੰਘ ਜੱਸੋਜ਼ਾ, ਦਰਸ਼ਨ ਸਿੰਘ ਪੀ.ਏ. ਜੈਦ ਪੱਤੀ, ਹਰਜੀਤ ਸਿੰਘ ਗਿੱਲ ਸਾਬਕਾ ਕੌਂਸਲਰ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ, ਗੁਰਮੀਤ ਸਿੰਘ ਲੱਲੀ ਕੌਂਸਲਰ, ਜਗਸੀਰ ਸਿੰਘ ਗਾਂਧੀ, ਹੈੱਡ ਗ੍ਰੰਥੀ ਭਾਈ ਧਨਵੰਤ ਸਿੰਘ, ਕੁਲਦੀਪ ਸਿੰਘ ਡੱਗਰ, ਗਗਨਦੀਪ ਸਿੰਘ ਹੈੱਡ ਗ੍ਰੰਥੀ, ਸੁਖਪਾਲ ਬਾਜਵਾ, ਗੁਰਜੰਟ ਖਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰੀਆਂ ਭਰਨਗੇ ਅਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਕੈਬਨਿਟ ਮੰਤਰੀ ਬਲਜੀਤ ਕੌਰ ਵੱਲੋਂ 'ਸਤਿਕਾਰ ਘਰ' ਬਜ਼ੁਰਗਾਂ ਨੂੰ ਸਮਰਪਤ

## ਧੀਆਂ ਦੀ ਲੋਹੜੀ ਦੇ ਰਾਜ ਪੱਧਰੀ ਸਮਾਗਮ 'ਚ ਨਵਜੰਮੀਆਂ ਧੀਆਂ ਸਨਮਾਨਤ



ਮਾਨਸਾ (ਆਤਮਾ ਸਿੰਘ ਪਮਾਰ)

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ।ਬਜ਼ੁਰਗ ਸਾਡਾ ਸਰਮਾਇਆ ਹਨ ਤੇ ਬਿਰਧਾਂ ਦੀ ਸੇਵਾ-ਸੰਭਾਲ ਲਈ ਪੰਜਾਬ ਸਰਕਾਰ ਨੇ 9.12 ਕਰੋੜ ਦੀ ਲਾਗਤ ਨਾਲ ਮਾਨਸਾ ਵਿਖੇ 'ਸਤਿਕਾਰ ਘਰ' ਬਣਾਇਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ. ਬਲਜੀਤ ਕੌਰ ਵੱਲੋਂ ਇੱਥੇ ਸੀਨੀਅਰ ਸਿਟੀਜ਼ਨ ਹੋਮ 'ਸਤਿਕਾਰ ਘਰ' ਦੇ ਉਦਘਾਟਨ ਮੌਕੇ ਕੀਤਾ ਗਿਆ।

ਉਨ੍ਹਾਂ ਕਿਹਾ ਕਿ 72 ਬੈਡਜ਼ ਵਾਲੇ ਤੇ 3.50 ਏਕੜ ਜਗ੍ਹਾ ਵਿੱਚ ਬਣੇ ਇਸ 'ਸਤਿਕਾਰ ਘਰ' ਵਿੱਚ ਬਜ਼ੁਰਗਾਂ ਲਈ ਡੇਅ ਕੇਅਰ, ਭੋਜਨ, ਮੈਡੀਕਲ ਸਹੂਲਤਾਂ, ਲਾਇਬ੍ਰੇਰੀ, ਯੋਗਾ ਰੂਮ ਤੇ ਗੇਮ ਰੂਮ ਆਦਿ ਸਹੂਲਤਾਂ ਮੁਫ਼ਤ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਬਜ਼ੁਰਗਾਂ ਲਈ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਸਿਹਤ ਕੈਂਪ ਵੀ ਆਉਣ ਵਾਲੇ ਦਿਨਾਂ 'ਚ ਸ਼ੁਰੂ ਕੀਤੇ ਜਾ ਰਹੇ ਹਨ।ਇਸ ਮੌਕੇ ਉਨ੍ਹਾਂ 'ਸਤਿਕਾਰ ਘਰ' ਵਿੱਚ ਰਹਿ ਰਹੇ ਬਿਰਧਾਂ ਨਾਲ ਮੁਲਾਕਾਤ ਵੀ ਕੀਤੀ ਤੇ ਉਨ੍ਹਾਂ ਦਾ ਸਨਮਾਨ ਕੀਤਾ।ਇਸ ਮੌਕੇ ਉਨ੍ਹਾਂ ਰਾਜ ਪੱਧਰੀ ਧੀਆਂ ਦੇ ਸਮਾਗਮ ਮੌਕੇ 21 ਨਵਜੰਮੀਆਂ ਧੀਆਂ ਨੂੰ ਸਨਮਾਨਤ ਵੀ ਕੀਤਾ।

ਇਸ ਮੌਕੇ ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਤੇ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋੜਵੰਦ ਬਜ਼ੁਰਗਾਂ ਦੀ ਬੁਢਾਪੇ 'ਚ ਸੇਵਾ ਸੰਭਾਲ ਦਾ ਵੱਡਾ ਉਪਰਾਲਾ ਕੀਤਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਨਵਜੋਤ ਕੌਰ ਨੇ ਕੈਬਨਿਟ ਮੰਤਰੀ ਬਲਜੀਤ ਕੌਰ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਜ਼ੁਰਗਾਂ ਦੀ ਸੇਵਾ ਸੰਭਾਲ ਬਿਹਤਰੀਨ ਤਰੀਕੇ ਨਾਲ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਘਰ ਵਰਗਾ ਮਾਹੌਲ ਦਿੱਤਾ ਜਾਵੇਗਾ।

ਇਸ ਮੌਕੇ ਮੁੱਖ ਮਹਿਮਾਨ ਡਾਕਟਰ ਬਲਜੀਤ ਕੌਰ ਵੱਲੋਂ ਅਲਿਮਕੋ ਤੇ ਨੇਕੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਦਿਵਿਆਂਗਜਨ ਨੂੰ ਵ੍ਹੀਲਚੇਅਰਾਂ ਤੇ ਐਨਕਾਂ ਵੀ ਤਕਸੀਮ ਕੀਤੀਆਂ ਗਈਆਂ।ਇਸ ਤੋਂ ਇਲਾਵਾ ਵਿੱਦਿਅਕ, ਖੇਡਾਂ ਤੇ ਹੋਰ ਖੇਤਰਾਂ ਵਿੱਚ ਮੋਹਰੀ ਧੀਆਂ ਦਾ ਸਨਮਾਨ ਕੀਤਾ ਤੇ ਬਜ਼ੁਰਗਾਂ ਨੂੰ ਪੈਨਸ਼ਨ ਪੱਤਰਾਂ ਦੀ ਵੰਡ ਕੀਤੀ ਗਈ।ਇਸ ਮੌਕੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਸੁਮਨ ਬੱਤਰਾ ਵੱਲੋਂ ਬਾਖੂਬੀ ਨਿਭਾਈ ਗਈ।

## ਭੱਦਲਵੱਢ ਲੁੱਟ-ਖੋਹ ਮਾਮਲੇ 'ਚ ਇੱਕ ਗ੍ਰਿਫਤਾਰ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਭੱਦਲਵੱਢ ਵਿਖੇ ਹੋਈ ਲੁੱਟ-ਖੋਹ ਦੀ ਘਟਨਾ ਦੇ ਮਾਮਲੇ 'ਚ ਠੁੱਲੀਵਾਲ ਪੁਲਸ ਵੱਲੋਂ ਨਾਮਜ਼ਦ ਦੋਸ਼ੀਆਂ 'ਚੋਂ ਇੱਕ ਨੂੰ ਗ੍ਰਿਫ਼ਤਾਰ ਕਰਨ ਦੀ ਖਬਰ ਹੈ।

ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਪਾਲ ਸਿੰਘ ਨੇ ਦੱਸਿਆ ਕਿ ਲੰਘੀ 6 ਜਨਵਰੀ ਨੂੰ ਦੀਕਸ਼ਾ ਕੌਂਸਲ ਪਤਨੀ ਸੁਖਵਿੰਦਰ ਸਿੰਘ ਵਾਸੀ ਭੱਦਲਵੱਢ ਵੱਲੋਂ ਬਿਆਨ ਦਰਜ ਕਰਵਾਇਆ ਗਿਆ ਸੀ ਕਿ ਉਹ ਆਪਣੇ ਪਤੀ ਦੀ ਦਵਾਈ ਲੈਣ ਲਈ ਬਰਨਾਲਾ ਜਾਣ ਵਾਸਤੇ ਭੱਦਲਵੱਢ ਬੱਸ ਅੱਡੇ 'ਤੇ ਖੜੀ ਸੀ, ਇਸ ਦੌਰਾਨ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਨੌਜਵਾਨ ਆਏ ਤੇ ਉਸ ਦੇ ਹੱਥ ਵਿੱਚ ਫੜਿਆ ਪਰਸ, ਜਿਸ 'ਚ ਲਗਭਗ ਦਸ ਹਜ਼ਾਰ ਰੁਪਏ ਨਕਦ, ਪਛਾਣ ਪੱਤਰ ਤੇ ਮੋਬਾਇਲ ਫ਼ੋਨ ਸੀ, ਝਪਟ ਮਾਰ ਕੇ ਤੇਜ਼ੀ ਨਾਲ ਮੋਟਰਸਾਈਕਲ 'ਤੇ ਲਿੰਕ ਸੜਕ ਠੀਕਰੀਵਾਲਾ ਵੱਲ ਫ਼ਰਾਰ ਹੋ ਗਏ।ਪੁਲਸ ਵੱਲੋਂ ਮਾਮਲੇ ਦੀ ਜਾਂਚ ਦੌਰਾਨ ਹਰਮਨ ਸਿੰਘ ਉਰਫ਼ ਲਾਲੂ ਤੇ ਪੱਪੂ ਸਿੰਘ ਦੋਵੇਂ ਵਾਸੀ ਮੱਝੂਕੇ (ਬਰਨਾਲਾ) ਨੂੰ ਦੋਸ਼ੀ ਕਰਾਰ ਦਿੱਤਾ ਗਿਆ।ਪੁਲਸ ਨੇ ਦੋਸ਼ੀ ਪੱਪੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਲੁੱਟਿਆ ਗਿਆ ਮੋਬਾਇਲ ਫ਼ੋਨ ਬਰਾਮਦ ਕਰ ਲਿਆ ਹੈ।ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਸ਼ਾਮਲ ਦੂਜਾ ਦੋਸ਼ੀ ਹਰਮਨ ਸਿੰਘ ਹਾਲੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਪੁਲਸ ਪਾਰਟੀਆਂ ਵੱਲੋਂ ਛਾਪੇਮਾਰੀ ਜਾਰੀ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੈਦਲ ਯਾਤਰਾ

### ਨਸ਼ਿਆਂ ਦੇ ਖਤਮੇ ਲਈ ਹਰ ਵਰਗ ਨੂੰ ਅੱਗੇ ਆਉਣਾ ਚਾਹੀਦਾ : ਨਰਿੰਦਰ ਕਟਾਰੀਆ



ਮੱਖੂ (ਰਛਪਾਲ ਸਿੰਘ ਸੰਧੂ)-ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਨਗਰ ਪੰਚਾਇਤ ਮੱਖੂ ਦੇ ਵਾਰਡ ਨੰਬਰ ਇੱਕ ਤੋਂ ਕੀਤੀ ਗਈ ਹੈ।ਇਸ ਮੌਕੇ ਸ਼ਹਿਰ ਵਾਸੀਆਂ ਤੇ ਛੋਟੇ ਛੋਟੇ ਬੱਚਿਆਂ ਵੱਲੋਂ ਹੱਥਾਂ ਵਿੱਚ ਬੈਨਰ ਫੜੇ ਹੋਏ ਸਨ ਤੇ ਨਾਅਰੇ ਲਗਾ ਰਹੇ ਸਨ ਕਿ ਨਸ਼ੇ ਛੱਡੋ ਕੋਹੜ ਵੱਢੋ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਮੁਹਿੰਮ 'ਚ ਵੱਧ ਚੜ੍ਹ ਕੇ ਹਿੱਸਾ ਲਈਏ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਸਮਾਜ 'ਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਹਰ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ।ਲੋਕਾਂ ਨੂੰ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਸ਼ਹਿਰ ਦੀਆਂ ਸਾਰੀਆਂ ਵਾਰਡਾਂ ਵਿੱਚ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ।ਆਮ ਆਦਮੀ ਪਾਰਟੀ ਦੇ ਆਗੂ ਵੀਨੂੰ ਸ਼ਾਹ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਸੈਨਟਰੀ ਕਲਰਕ ਰਾਜ ਕਮਲ, ਸੁਰਿੰਦਰ ਸ਼ਿੰਦਾ, ਕੁਲਦੀਪ ਕੱਕੜ, ਬੰਟੀ ਅਟਵਾਲ, ਮਨੀ, ਸੁਖਦੇਵ, ਸੁਸ਼ੀਲ ਕੱਕੜ, ਸ਼ੰਕਰ ਆਦਿ ਹਾਜ਼ਰ ਸਨ।

## ਪਾਵਰਕਾਮ ਪੈਨਸ਼ਨਰ 16 ਦੇ ਧਰਨਿਆਂ 'ਚ ਹੋਣਗੇ ਸ਼ਾਮਲ : ਸਿਕੰਦਰ ਸਿੰਘ




ਸਮਰਾਲਾ (ਸੁਰਜੀਤ ਸਿੰਘ)

ਆਪਣੀਆਂ ਮੰਗਾਂ ਨੂੰ ਲੈ ਕੇ ਵੱਖ ਵੱਖ ਵਿਭਾਗਾਂ ਦੇ ਸਰਕਾਰੀ ਕਰਮਚਾਰੀਆਂ ਤੇ ਪੈਨਸ਼ਨਰਾਂ ਵਿੱਚ ਸਰਕਾਰ ਖਿਲਾਫ ਰੋਹ ਦਿਨੋਂ ਦਿਨ ਵਧਦਾ ਹੀ ਜਾ ਰਿਹਾ ਹੈ, ਪਰ ਸਰਕਾਰ ਇਸ ਹਕੀਕਤ ਤੋਂ ਜਾਣ-ਬੁੱਝ ਕੇ ਪਾਸਾ ਵੱਟ ਰਹੀ ਹੈ।ਇਹ ਵਿਚਾਰ ਇਥੇ ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੰਡਲ ਸਮਰਾਲਾ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਮਹੀਨਾਵਾਰ ਹੋਈ ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਜ਼ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਖਤਰੇ ਨੂੰ ਦੇਖ ਕੇ ਕਬੂਤਰ ਦੇ ਅੱਖਾਂ ਮੀਚਣ ਨਾਲ ਖਤਰਾ ਨਹੀਂ ਟਲਦਾ।ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੀ ਅਣਦੇਖੀ ਦਾ ਖਮਿਆਜ਼ਾ ਸਰਕਾਰ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ।ਉਨ੍ਹਾਂ ਕਿਹਾ ਕਿ ਮੰਗਾਂ ਨੂੰ ਲੈ ਕੇ ਸੂਬੇ ਦੇ ਕਰਮਚਾਰੀ, ਪੈਨਸ਼ਨਰਜ਼, ਮਜ਼ਦੂਰ ਤੇ ਕਿਸਾਨ ਸਰਕਾਰ ਨਾਲ ਫ਼ੈਸਲਾਕੁਨ ਸੰਘਰਸ਼ ਵਿੱਢਣ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਗਏ ਹਨ।ਇਸ ਦੀ ਪਹਿਲੀ ਵੰਨਗੀ ਸਰਕਾਰ ਨੂੰ 16 ਦੇ ਡੀਸੀ ਦਫ਼ਤਰਾਂ ਮੂਹਰੇ ਸਰਕਾਰ ਖਿਲਾਫ ਐੱਸਕੇਐੱਮ ਨਾਲ ਮਿਲ ਕੇ ਪਾਵਰਕਾਮ ਪੈਨਸ਼ਨਰਜ਼ ਵੱਲੋਂ ਦਿੱਤੇ ਜਾਣ ਵਾਲੇ ਧਰਨੇ ਤੋਂ ਮਿਲ ਜਾਵੇਗੀ।ਉਨ੍ਹਾਂ ਕਿਹਾ ਕਿ ਪਾਵਰਕਾਮ ਦੇ ਕਰਮਚਾਰੀਆਂ ਤੇ ਪੈਨਸ਼ਨਰਾਂ ਵਿੱਚ ਜਿੱਥੇ ਸਰਕਾਰ ਵੱਲੋਂ ਪਾਵਰਕਾਮ ਦੀਆਂ ਬੇਸ਼ਕੀਮਤੀ ਜਾਇਦਾਦਾਂ ਵੇਚਣ, ਮਹਿਕਮੇ ਦਾ ਨਿੱਜੀਕਰਨ ਕਰਨ ਤੇ ਉਨ੍ਹਾਂ ਦੀਆਂ ਸੇਵਾਵਾਂ ਸਬੰਧੀ ਮੰਗਾਂ ਬਾਰੇ ਭਾਰੀ ਰੋਸ ਪਣਪ ਰਿਹਾ ਹੈ, ਉਥੇ ਸਹਿਯੋਗੀ ਜਥੇਬੰਦੀਆਂ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਐੱਸਕੇਐੱਮ ਤੇ ਹੋਰ ਜਥੇਬੰਦੀਆਂ ਆਪੋ ਆਪਣੇ ਮੁਫ਼ਾਦਾਂ ਨੂੰ ਲੈ ਕੇ ਸਰਕਾਰ ਖਿਲਾਫ ਸੰਘਰਸ਼ ਕਰ ਰਹੀਆਂ ਹਨ, ਵੀ ਸਰਕਾਰ ਤੋਂ ਨਰਾਜ਼ ਹਨ।ਕਰਮਚਾਰੀ ਆਗੂ ਨੇ ਕਿਹਾ ਕਿ 16 ਜਨਵਰੀ ਦੇ ਡੀ ਸੀ ਦਫ਼ਤਰਾਂ ਦੇ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਦੀ ਸ਼ਮੂਲੀਅਤ ਹੋਵੇਗੀ।ਇਸ ਤੋਂ ਬਾਅਦ 18 ਜਨਵਰੀ ਨੂੰ ਆਪਣੇ ਰੋਸ ਦਾ ਪ੍ਰਗਟਾਵਾ ਕਰਨ ਤੇ ਸਰਕਾਰ ਦੇ ਕੰਨ ਖੋਲ੍ਹਣ ਲਈ ਸਾਰੇ ਪੰਜਾਬ ਵਿੱਚ ਹਲਕਾ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਬਿਜਲੀ ਮੰਤਰੀ ਖਿਲਾਫ ਵੀ ਰੋਸ ਮੁਜ਼ਾਹਰੇ ਕੀਤੇ ਜਾਣਗੇ।ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਸਕੱਤਰ ਭਰਪੂਰ ਸਿੰਘ, ਜੁਗਲ ਕਿਸ਼ੋਰ ਸਾਹਨੀ, ਰਾਜਿੰਦਰ ਵਡੇਰਾ, ਜਸਵੰਤ ਸਿੰਘ ਢੰਡਾ ਆਦਿ ਨੇ ਵੀ ਸੰਬੋਧਨ ਕੀਤਾ। ਮੀਟਿੰਗ ਦੀ ਕਾਰਵਾਈ ਭਰਪੂਰ ਸਿੰਘ ਮਾਂਗਟ ਨੇ ਬਾਖੂਬੀ ਚਲਾਈ।

## ਵੱਡੇ ਘੱਲੂਘਾਰੇ ਦੇ ਸ਼ਹੀਦ ਸਿੰਘਾਂ ਦੀ ਯਾਦ 'ਚ ਸਮਾਗਮ 22 ਤੋਂ ਸ਼ੁਰੂ

ਧੂਰੀ (ਰਣਜੀਤ ਸਿੰਘ ਪੇਧਨੀ)-ਸ਼ਹੀਦ ਸਿੰਘਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਅਸਥਾਨ ਧੰਨ ਧੰਨ ਬਾਬੇ ਸਿੰਘ ਸ਼ਹੀਦ ਪਿੰਡ ਅਬਦੁੱਲਾਪੁਰ ਚੁਹਾਣੇ ਕਲਾਂ (ਮਾਲੇਰਕੋਟਲਾ) ਵਿਖੇ 22 ਜਨਵਰੀ ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਸ਼ੁਰੂ ਹੋ ਕੇ 28 ਜਨਵਰੀ ਨੂੰ ਭੋਗ ਪੈਣਗੇ।ਮੁੱਖ ਸੇਵਾਦਾਰ ਸੰਤ ਬਾਬਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਸ਼ਾਮ ਨੂੰ ਨਾਮ ਦੇ ਰਸੀਏ, ਸੰਤ ਮਹਾਪੁਰਸ਼ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਗੇ।

ਉਨ੍ਹਾਂ ਕਿਹਾ ਕਿ 28 ਜਨਵਰੀ ਮਾਘ ਦੀ ਦਸਮੀ ਵਾਲੇ ਦਿਨ ਤੀਜੀ ਸ਼ਿਫਟ ਦੇ ਸ੍ਰੀ ਅਖੰਡ ਪਾਠ ਸਹਿਬ ਜੀ ਦੇ ਭੋਗ ਸਵੇਰੇ 8.00 ਵਜੇ ਪੈਣਗੇ।ਭੋਗ ਉਪਰੰਤ ਪੰਜਾਬ ਦੇ ਪ੍ਰਸਿੱਧ ਰਾਗੀ, ਢਾਡੀ, ਸੰਤ ਮਹਾਂਪੁਰਸ਼ ਆਪਣੇ ਕੀਰਤਨ ਰਾਹੀ ਹਾਜ਼ਰੀ ਭਰਨਗੇ।ਉਨ੍ਹਾਂ ਕਿਹਾ ਕਿ ਅੰਮ੍ਰਿਤ ਸੰਚਾਰ ਹੋਵੇਗਾ, ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਫ੍ਰੀ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਇਸ ਮਹਾਨ ਗੁਰਮਤਿ ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈਡ ਗ੍ਰੰਥੀ ਗਿਆਨੀ ਰਘਵੀਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ।

## ਦੀਪਕ ਵਰਮਾ ਪੰਜਾਬ ਰਾਜ ਵਪਾਰੀ ਕਮਿਸ਼ਨ ਹਲਕਾ ਧੂਰੀ ਦੇ ਮੈਂਬਰ ਨਾਮਜ਼ਦ



ਧੂਰੀ (ਮੋਹਿਤ ਗਰਗ, ਸੱਗੂ, ਬਿੰਨੀ)-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਬਣਾਉਣ ਲਈ ਗਠਿਤ ਕੀਤੇ ਗਏ 'ਪੰਜਾਬ ਰਾਜ ਟਰੇਡਰਜ਼ ਕਮਿਸ਼ਨ' ਦੀ ਹਲਕਾ ਪੱਧਰੀ ਕਮੇਟੀ ਵਿੱਚ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ।ਇਸ ਤਹਿਤ ਹਲਕਾ ਧੂਰੀ ਦੀ ਕਮੇਟੀ ਵਿੱਚ ਨੇੜਲੇ ਪਿੰਡ ਬੇਨੜਾ ਨਾਲ ਸਬੰਧਤ 'ਆਪ' ਦੇ ਜੁਝਾਰੂ ਆਗੂ ਗੁਰਪ੍ਰੀਤ ਸਿੰਘ (ਦੀਪਕ ਵਰਮਾ) ਨੂੰ ਬਤੌਰ ਮੈਂਬਰ ਨਾਮਜ਼ਦ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਇਸ ਕਮੇਟੀ ਦੀ ਕਮਾਨ ਨਗਰ ਕੌਂਸਲ ਧੂਰੀ ਦੇ ਮੈਂਬਰ ਤੇ ਸੀਨੀਅਰ ਆਗੂ ਪੁਸ਼ਪਿੰਦਰ ਸ਼ਰਮਾ ਨੂੰ ਬਤੌਰ ਚੇਅਰਮੈਨ ਸੌਂਪੀ ਗਈ ਹੈ।ਉਨ੍ਹਾਂ ਨਾਲ ਅਮਨ ਖਾਂ ਘਨੌਰੀ, ਕੁਲਦੀਪ ਸਿੰਘ, ਜਸਵੀਰ ਸਿੰਘ ਚਹਿਲ, ਬਲਾਲ ਖਾਂ, ਰਾਜਿੰਦਰ ਕੁਮਾਰ, ਬਸੰਤ ਲਾਲ, ਜਗਤਾਰ ਸਿੰਘ, ਅਵਤਾਰ ਸਿੰਘ ਤੇ ਸੰਦੀਪ ਸਿੰਘ ਨੂੰ ਵੀ ਮੈਂਬਰ ਵਜੋਂ ਸ਼ੁਮਾਰ ਕੀਤਾ ਗਿਆ ਹੈ।ਆਪਣੀ ਇਸ ਜ਼ਿੰਮੇਵਾਰੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਗੁਰਪ੍ਰੀਤ ਸਿੰਘ (ਦੀਪਕ ਵਰਮਾ) ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਓ.ਐੱਸ.ਡੀ. ਸੁਖਵੀਰ ਸਿੰਘ, ਓ.ਐੱਸ.ਡੀ. ਰਾਜਵੀਰ ਸਿੰਘ, ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ।

## ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਮੀਟਿੰਗ



ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੀ ਜ਼ਿਲ੍ਹਾ ਮੀਟਿੰਗ ਸ੍ਰੀ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਜ਼ਿਲ੍ਹਾ ਆਗੂ ਸੰਤ ਰਾਮ ਛਾਜਲੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਆਗੂ ਜਸਵਿੰਦਰ ਸਿੰਘ ਲੌਂਗੋਵਾਲ, ਦਿਲਬਾਗ ਸਿੰਘ ਹਰੀਗੜ੍ਹ ਹਾਜ਼ਰ ਹੋਏ, ਮੀਟਿੰਗ ਵਿੱਚ ਮੁੱਖ ਅਜੰਡਿਆਂ 'ਤੇ ਵਿਚਾਰ ਕੀਤਾ ਗਿਆ।ਬਿਜਲੀ ਬਿੱਲ 2025, ਸੀਡ ਬਿੱਲ 2025 ਤੇ ਮਨਰੇਗਾ ਕਾਨੂੰਨ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਸਖ਼ਤ ਵਿਰੋਧ ਕੀਤਾ ਗਿਆ, ਜ਼ਿਲ੍ਹਾ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਇਨ੍ਹਾਂ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਜਥੇਬੰਦੀ ਨੂੰ ਭਾਵੇਂ ਕਿੰਨਾ ਵੱਡਾ ਸੰਘਰਸ਼ ਲੜਨਾ ਪਵੇ, ਪਿਛਲੇ ਪ੍ਰੋਗਰਾਮਾਂ ਬਾਰੇ ਲੇਖਾ ਜੋਖਾ ਕੀਤਾ ਗਿਆ, ਕਿਸਾਨ ਮਜ਼ਦੂਰ ਮੋਰਚਾ (ਕੇ ਐੱਮ ਐੱਮ) ਦੇ ਸੱਦੇ ਮੁਤਾਬਿਕ 13 ਜਨਵਰੀ ਨੂੰ (ਲੋਹੜੀ ਵਾਲੇ ਦਿਨ) ਸਾਂਝੇ ਤੌਰ 'ਤੇ ਪਿੰਡਾਂ ਵਿੱਚ ਮਾਰੂ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ, 21 ਤੇ 22 ਜਨਵਰੀ ਨੂੰ ਪਿੰਡਾਂ ਵਿੱਚੋਂ ਸਮਾਰਟ ਮੀਟਰ ਉਤਾਰ ਕੇ ਬਿਜਲੀ ਬੋਰਡ ਦੇ ਦਫ਼ਤਰ ਜਮ੍ਹਾਂ ਕਰਵਾਏ ਜਾਣਗੇ, 05 ਫਰਵਰੀ ਨੂੰ ਮੰਤਰੀਆਂ ਤੇ ਐੱਮ ਐੱਲ ਏ ਦੇ ਘਰਾਂ/ਦਫ਼ਤਰਾਂ ਦਾ ਘਿਰਾਓ ਕੀਤਾ ਜਾਵੇਗਾ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਚਰਨਜੀਤ ਸਿੰਘ ਘਨੌੜ ਸੰਗਰੂਰ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਸਮੂਹ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

## ਹਰਸ਼ਦੀਪ ਸਿੰਘ ਨੇ ਰਾਈਫਲ ਸ਼ੂਟਿੰਗ 'ਚ ਜਿੱਤਿਆ ਮੈਡਲ



ਪਾਤੜਾਂ (ਨਿਸ਼ਾਨ ਸਿੰਘ ਬਟਵਾਲਾ)-ਸਪਾਰਕਲਿੰਗ ਕਿਡਜ਼ ਦਿ ਫਾਊਂਡੇਸ਼ਨ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਹਰਸ਼ਦੀਪ ਸਿੰਘ ਨੇ ਅੰਡਰ-19 ਓਪਨ ਸਾਈਟ ਰਾਈਫਲ ਸ਼ੂਟਿੰਗ ਮੁਕਾਬਲੇ ਵਿੱਚ ਨੈਸ਼ਨਲ ਪੱਧਰ 'ਤੇ ਖੇਡਦਿਆਂ ਤੀਜਾ ਸਥਾਨ ਹਾਸਲ ਕੀਤਾ ਹੈ।ਸ਼ਾਨਦਾਰ ਉਪਲਬਧੀ ਹਾਸਲ ਕਰਕੇ ਪਾਤੜਾਂ ਪਹੁੰਚਣ ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀ ਨੂੰ ਸਨਮਾਨਤ ਕੀਤਾ।ਸਕੂਲ ਪ੍ਰਿੰਸੀਪਲ ਹਰਮਨਦੀਪ ਕੌਰ ਨੇ ਦੱਸਿਆ ਕਿ ਹਰਸ਼ਦੀਪ ਸਿੰਘ ਦੀ ਕਾਮਯਾਬੀ ਉਸ ਦੀ ਮਿਹਨਤ, ਅਨੁਸ਼ਾਸਨ, ਨਿਯਮਿਤ ਅਭਿਆਸ ਤੇ ਖੇਡ ਪ੍ਰਤੀ ਅਟੁੱਟ ਸਮਰਪਣ ਦਾ ਨਤੀਜਾ ਹੈ।ਰਾਈਫਲ ਸ਼ੂਟਿੰਗ ਵਰਗੀ ਸੰਵੇਦਨਸ਼ੀਲ ਤੇ ਉੱਚ ਤਕਨੀਕੀ ਖੇਡ ਵਿੱਚ ਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣਾ ਵੱਡੀ ਉਪਲਬਧੀ ਹੈ।ਹਰਸ਼ਦੀਪ ਨੇ ਜਿੱਥੇ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ, ਉਥੇ ਉਸ ਦੀ ਸਫਲ ਪਿੱਛੇ ਕੋਚ ਲੈਫਟੀਨੈਂਟ ਦਵਿੰਦਰ ਸਿੰਘ ਦੀ ਮਹੱਤਵਪੂਰਨ ਭੂਮਿਕਾ ਹੈ।ਉਨ੍ਹਾਂ ਕਿਹਾ ਕਿ ਖਿਡਾਰੀ ਨੇ ਆਪਣੇ ਸਕੂਲ, ਪਾਤੜਾਂ ਇਲਾਕੇ, ਪਟਿਆਲਾ ਜ਼ਿਲ੍ਹੇ ਤੇ ਪੰਜਾਬ ਦਾ ਨਾਂਅ ਰੋਸ਼ਨ ਕੀਤਾ ਹੈ।ਸਕੂਲ ਦੇ ਅਧਿਆਪਕਾਂ, ਸਹਿਯੋਗੀ ਵਿਦਿਆਰਥੀਆਂ ਤੇ ਮਾਪਿਆਂ ਨੇ ਹਰਸ਼ਦੀਪ ਸਿੰਘ ਨੂੰ ਵਧਾਈਆਂ ਦਿੱਤੀਆਂ ਹਨ।

## ਹਰਪਾਲ ਵਿਰਕ ਨੂੰ ਜ਼ਿਲ੍ਹਾ ਦਿਹਾਤੀ ਪ੍ਰਧਾਨ ਬਣਨ 'ਤੇ ਦੇਵ ਮਾਨ ਨੇ ਕੀਤਾ ਸਨਮਾਨਤ



ਨਾਭਾ (ਵਰਿੰਦਰ ਵਰਮਾ)-ਪੰਜਾਬ ਦੀ ਆਮ ਆਦਮੀ ਪਾਰਟੀ ਵੱਲੋਂ ਮਿਹਨਤੀ ਅਹੁਦੇਦਾਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ।ਇਸ ਲੜੀ ਤਹਿਤ ਪਿਛਲੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਮਿਹਨਤੀ ਵਰਕਰ ਹਰਪਾਲ ਸਿੰਘ ਵਿਰਕ ਨੂੰ ਜ਼ਿਲ੍ਹਾ ਦਿਹਾਤੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਐੱਮ ਐੱਲ ਏ ਦਫਤਰ ਨਾਭਾ ਵਿਖੇ ਪੁਹੰਚਣ 'ਤੇ ਸਨਮਾਨ ਕਰਨ ਉਪਰੰਤ ਕੀਤਾ।ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਮਿਹਨਤੀ ਵਰਕਰਾਂ ਨੂੰ ਅਹੁਦੇ ਦੇ ਕੇ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਪਾਰਟੀ ਨੇ ਹਮੇਸ਼ਾ ਹੀ ਮਿਹਨਤੀ ਤੇ ਇਮਾਨਦਾਰ ਵਰਕਰਾਂ ਅਤੇ ਆਗੂਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਹੈ।ਇਸ ਮੌਕੇ ਉਨ੍ਹਾਂ ਨਾਲ ਤੇਜਿੰਦਰ ਸਿੰਘ ਖਹਿਰਾ, ਕਪਿਲ ਮਾਨ, ਰੁਪਿੰਦਰ ਸਿੰਘ ਭਾਦਸੋਂ, ਸਤਪਾਲ ਮਿੱਤਲ, ਅਮਨਦੀਪ ਸਿੰਘ ਸਰਪੰਚ ਕੋਟ ਕਲਾਂ, ਸੁਖਵਿੰਦਰ ਸਿੰਘ ਦੁਲੱਦੀ, ਅਰਮਾਨ ਨਾਭਾ, ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰ ਮਾਜਰੀ, ਸੁਖਦੇਵ ਸਿੰਘ ਮਾਨ, ਗੁਰਲਾਲ ਸਿੰਘ ਮੱਲੀ ਚੇਅਰਮੈਨ, ਹਰਵਿੰਦਰ ਸਿੰਘ ਖਹਿਰਾ, ਨਿਰਲੇਪ ਸਿੰਘ, ਗੁਰਵਿੰਦਰ ਸਿੰਘ ਕੁਲਾਰਾਂ ਤੇ ਵੱਡੀ ਗਿਣਤੀ ਵਿੱਚ ਅਹੁਦੇਦਾਰ ਮੌਜੂਦ ਸਨ।

## ਰੋਟੇਰੀਅਨ ਸੰਜੇ ਠੁਕਰਾਲ ਬਣੇ ਰੋਟਰੀ ਡਿਸਟ੍ਰਿਕਟ ਦੇ ਗਵਰਨਰ



ਫਿਰੋਜ਼ਪੁਰ (ਗੁਰਬਚਨ ਸਿੰਘ)-ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਫੈਲੇ ਰੋਟਰੀ ਡਿਸਟ੍ਰਿਕਟ 3090 ਦੇ 2028-29 ਦੇ ਡਿਸਟ੍ਰਿਕਟ ਗਵਰਨਰ ਦੀਆਂ ਚੋਣਾਂ ਸਿਰਸਾ ਵਿਖੇ ਮੌਜੂਦਾ ਗਵਰਨਰ ਭੁਪੇਸ਼ ਮਹਿਤਾ ਦੀ ਯੋਗ ਅਗਵਾਈ ਹੇਠ ਹੋਈਆਂ।ਇਸ ਚੋਣ 'ਚ ਹਿਸਾਰ ਤੋਂ ਰੋਟੇਰੀਅਨ ਸੰਜੇ ਠਕਰਾਲ ਨੇ ਜਿੱਤ ਹਾਸਲ ਕੀਤੀ।ਡਿਪਟੀ ਸਟੇਟ ਕੋਆਰਡੀਨੇਟਰ ਕਮਲ ਸ਼ਰਮਾ ਨੇ ਕਿਹਾ ਕਿ 2028-29 ਦੀ ਡੀਜੀਐੱਨਡੀ ਦੀ ਚੋਣ ਪ੍ਰਕਿਰਿਆ ਸਿਰਸਾ ਵਿਖੇ ਹੋਈ, ਜਿਸ 'ਚ ਹਿਸਾਰ ਤੋਂ ਰੋਟੇਰੀਅਨ ਸੰਜੇ ਠਕਰਾਲ ਨੇ ਜਿੱਤ ਹਾਸਲ ਕੀਤੀ।ਇਸ ਚੋਣ ਪ੍ਰਕਿਰਿਆ 'ਚ 127 ਰੋਟਰੀ ਕਲੱਬਾਂ ਨੇ ਭਾਗ ਲਿਆ, ਜਿਸ 'ਚ ਰੋਟੇਰੀਅਨ ਸੰਜੇ ਠਕਰਾਲ ਨੂੰ 96 ਵੋਟਾਂ ਪ੍ਰਾਪਤ ਹੋਈਆਂ, ਜਦਕਿ ਦੂਜੇ ਉਮੀਦਵਾਰ ਫਤਿਹਾਬਾਦ ਤੋਂ ਰੋਟੇਰੀਅਨ ਹਰੀਸ਼ ਖੁਰਾਣਾ ਨੂੰ 55 ਵੋਟਾਂ ਮਿਲੀਆਂ।ਰੋਟੇਰੀਅਨ ਸੰਜੇ ਠਕਰਾਲ ਨੇ 41 ਵੋਟਾਂ ਨਾਲ ਜਿੱਤ ਦਰਜ ਕੀਤੀ।ਇਸ ਮੌਕੇ ਰੋਟੇਰੀਅਨ ਕਮਲ ਸ਼ਰਮਾ ਨੇ ਦੱਸਿਆ ਕਿ ਰੋਟਰੀ ਡਿਸਟ੍ਰਿਕਟ ਗਵਰਨਰ ਬਣਨਾ ਆਪਣੇ ਆਪ 'ਚ ਹੀ ਇਕ ਬਹੁਤ ਸਨਮਾਣਯੋਗ ਗੱਲ ਤੇ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ।ਰੋਟਰੀ ਇੰਟਰਨੈਸ਼ਨਲ ਦੁਨੀਆ ਦੀ ਸਭ ਤੋਂ ਵੱਡੀ ਸਮਾਜ-ਸੇਵੀ ਸੰਸਥਾ ਹੈ, ਜਿਸ 'ਚ ਰੋਟੇਰੀਅਨ ਸੰਜੇ ਠਕਰਾਲ 2028-29 ਦੌਰਾਨ ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਤਕਰੀਬਨ 130 ਕਲੱਬਾਂ ਦੀ ਅਗਵਾਈ ਕਰਨਗੇ।ਉਨ੍ਹਾਂ ਦੱਸਿਆ ਕਿ ਰੋਟਰੀ ਕਲੱਬ ਫਿਰੋਜ਼ਪੁਰ ਕੈਂਟ ਤੋਂ ਪੀਡੀਜੀ ਸੀਨੀਅਰ ਰੋਟੇਰੀਅਨ ਵਿਜੈ ਅਰੋੜਾ, ਪ੍ਰਧਾਨ ਰਾਹੁਲ ਕੱਕੜ, ਹਰਵਿੰਦਰ ਘਈ (ਸਕੱਤਰ), ਰੋਟਰੀ ਕਲੱਬ ਫਿਰੋਜ਼ਪੁਰ ਗੋਲਡ ਤੋਂ ਪ੍ਰਧਾਨ ਅਨੁਰਾਧਾ, ਰੋਟਰੀ ਕਲੱਬ ਫਿਰੋਜ਼ਪੁਰ ਤੋਂ ਕਿਰਪਾਲ ਸਿੰਘ ਮੱਕੜ, ਸੁਰਿੰਦਰ ਸਿੰਘ ਕਪੂਰ, ਦਿਨੇਸ਼ ਕਟਾਰੀਆ, ਡਾਇਮੰਡ ਤੋਂ ਰੋਟੇਰੀਅਨ ਹਿੰਮਤ ਗੋਇਲ, ਰਾਇਲ ਤੋਂ ਸੰਦੀਪ ਤਿਵਾੜੀ, ਕੁਨਾਲ ਪੁਰੀ, ਗੁਰੂ ਹਰਸਹਾਏ ਤੋਂ ਹਰਭਜਨ ਕੰਬੋਜ ਖਾਸ ਤੌਰ 'ਤੇ ਮੌਜੂਦ ਰਹੇ।

## ਸੀ ਆਈ ਏ ਸਟਾਫ ਪੁਲਸ ਵੱਲੋਂ ਸਰਚ ਦੌਰਾਨ 10 ਪੈਕੇਟ ਹੈਰੋਇਨ ਬਰਾਮਦ

ਫਿਰੋਜ਼ਪੁਰ (ਗੁਰਬਚਨ ਸਿੰਘ)-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਸਰਚ ਦੌਰਾਨ 10 ਪੈਕਟ ਹੈਰੋਇਨ (5 ਕਿੱਲੋ 562 ਗ੍ਰਾਮ) ਫੜਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਐੱਨਡੀਪੀਐੱਸ ਐਕਟ (ਕਮਰਸ਼ੀਅਲ) ਤਹਿਤ ਮਾਮਲਾ ਦਰਜ ਕੀਤਾ ਹੈ।ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸੀਆਈਏ ਸਟਾਫ ਫਿਰੋਜ਼ਪੁਰ ਦੇ ਇੰਸਪੈਕਟਰ ਮੋਹਿਤ ਧਵਨ ਦੀ ਅਗਵਾਈ ਵਿੱਚ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਪਿੰਡ ਪੱਲਾ ਮੇਘਾ ਤੋਂ ਪਿੰਡ ਭੰਬਾ ਸਿੰਘ ਵਾਲਾ ਰੋਡ 'ਤੇ ਮੌਜੂਦ ਸੀ ਤਾਂ ਅਚਾਨਕ ਡਰੋਨ ਦੀ ਅਵਾਜ਼ ਸੁਣਾਈ ਦਿੱਤੀ ਤਾਂ ਉਸ ਡਰੋਨ ਦੀ ਅਵਾਜ਼ ਦਾ ਪਿੱਛਾ ਕਰਦੇ ਹੋਏ ਅੱਗੇ ਜਾ ਕੇ ਪਿੰਡ ਭੰਬਾ ਵਾਲਾ ਤੋਂ ਢਾਣੀਆਂ ਨੂੰ ਜਾਂਦੀ ਲਿੰਕ ਰੋਡ 'ਤੇ ਜਾ ਰਹੇ ਸੀ ਤਾਂ ਸੱਜੇ ਪਾਸੇ ਕਣਕ ਦੇ ਖੇਤ ਵਿੱਚ 2 ਵਿਅਕਤੀ ਵਿਖਾਈ ਦਿੱਤੇ ਤਾਂ ਉਨ੍ਹਾਂ ਦਾ ਪਿੱਛਾ ਕੀਤਾ ਗਿਆ ਤਾਂ ਉਹ ਹਨ੍ਹੇਰੇ ਦਾ ਫਾਇਦਾ ਉਠਾ ਕੇ ਭੱਜਣ ਵਿੱਚ ਕਾਮਯਾਬ ਹੋ ਗਏ।ਇੰਸਪੈਕਟਰ ਮੋਹਿਤ ਧਵਨ ਨੇ ਦੱਸਿਆ ਕਿ ਉਸ ਦੇ ਸਾਥੀ ਕਰਮਚਾਰੀਆਂ ਤੇ ਬੀਐੱਸਐੱਫ ਦੇ ਕਰਮਚਾਰੀਆਂ ਦੀ ਮਦਦ ਨਾਲ ਉਸ ਏਰੀਆ ਦੇ ਆਸ-ਪਾਸ ਦੇ ਖੇਤ ਕਣਕ ਦੀ ਸਰਚ ਦੌਰਾਨ ਇੱਕ ਪੀਲੇ ਰੰਗ ਦੀ ਟੇਪ ਵਾਲਾ ਪਾਰਸਲ, ਜਿਸ ਵਿੱਚ 10 ਪੈਕੇਟ ਬਰਾਮਦ ਹੋਏ।ਪੁਲਸ ਵੱਲੋਂ ਬਰਾਮਦ ਕੀਤੇ ਗਏ ਪਾਰਸਲ ਦਾ ਵਜ਼ਨ ਚੈੱਕ ਕਰਨ 'ਤੇ ਉਨ੍ਹਾਂ ਵਿੱਚੋਂ ਕੁੱਲ 5 ਕਿੱਲੋ 562 ਗ੍ਰਾਮ ਹੈਰੋਇਨ ਬਰਾਮਦ ਹੋਈ।ਪੁਲਸ ਨੇ ਦੱਸਿਆ ਕਿ ਉਕਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪਲਾਸਟਿਕ ਡੋਰ ਵੇਚਣ ਵਾਲਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸਨ ਸਖ਼ਤ



**ਸੰਗਰੂਰ, (ਪ੍ਰਵੀਨ ਸਿੰਘ)** ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਸੰਗਰੂਰ ਪੁਲਿਸ ਦੀ ਸਾਂਝੀ ਟੀਮ ਵੱਲੋਂ ਚਲਾਈ ਗਈ ਮੁਹਿੰਮ ਦੌਰਾਨ ਪਲਾਸਟਿਕ (ਚਾਈਨਾ) ਡੋਰ ਵੇਚਣ ਵਾਲੇ ਇੱਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਕਸੀਅਨ ਸ੍ਰੀ ਰੋਹਿਤ ਸਿੰਗਲਾ ਨੇ ਦੱਸਿਆ ਕਿ ਬੋਰਡ ਵੱਲੋਂ ਸੰਗਰੂਰ ਜ਼ਿਲ੍ਹੇ ਵਿੱਚ ਪਾਬੰਦੀਸ਼ੁਦਾ ਚਾਈਨਾ ਡੋਰ ਦਾ ਭੰਡਾਰ ਕਰਨ, ਸਪਲਾਈ ਕਰਨ ਤੇ ਵੇਚਣ ਵਾਲਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਐਸ.ਡੀ.ਓ ਸ੍ਰੀ ਗੁਰਮੀਤ ਸਿੰਘ ਤੇ ਜੇ.ਈ. ਸ੍ਰੀ ਰੁਪਿੰਦਰ ਸਿੰਘ ਵੱਲੋਂ ਸੰਗਰੂਰ ਪੁਲਸ ਨਾਲ ਮਿਲ ਕੇ ਪਲਾਸਟਿਕ ਡੋਰ ਵੇਚਣ ਵਾਲੇ ਇੱਕ ਵਿਅਕਤੀ ਖ਼ਿਲਾਫ਼ ਐਫ.ਆਈ.ਆਰ ਦਰਜ ਕਰਵਾਈ ਗਈ ਹੈ।ਨਾਲ ਹੀ ਚਾਈਨਾ ਡੋਰ ਦੀ ਸਪਲਾਈ, ਵੇਚ ਜਾਂ ਵਰਤੋਂ ਨਾਲ ਜੁੜੇ ਹੋਰ ਵਿਅਕਤੀਆਂ ਦੀ ਪਛਾਣ ਲਈ ਜਾਂਚ ਵੀ ਜਾਰੀ ਹੈ। ਐਕਸੀਅਨ ਸ੍ਰੀ ਰੋਹਿਤ ਸਿੰਗਲਾ ਨੇ ਸਪੱਸ਼ਟ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਡੋਰ ਵੇਚਣ ਵਾਲੀਆਂ ਦੁਕਾਨਾਂ ਦੀ ਨਿਯਮਤ ਚੈਕਿੰਗ ਕੀਤੀ ਜਾਵੇਗੀ ਤੇ ਪਲਾਸਟਿਕ/ਨਾਈਲਨ/ਸਿੰਥੈਟਿਕ ਡੋਰ ਵੇਚਣ ਜਾਂ ਸਟੋਰ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਆਮ ਲੋਕਾਂ ਨੂੰ ਪਤੰਗ ਉਡਾਉਣ ਦੌਰਾਨ ਪਾਬੰਦੀਸ਼ੁਦਾ ਚਾਈਨਾ ਡੋਰ, ਨਾਈਲਨ ਜਾਂ ਸਿੰਥੈਟਿਕ ਧਾਗੇ ਦੀ ਵਰਤੋਂ ਨਾ ਕਰਨ ਸਬੰਧੀ ਇੱਕ ਸਖ਼ਤ ਨੋਟਿਸ ਵੀ ਜਾਰੀ ਕੀਤਾ ਗਿਆ ਹੈ।ਨੋਟਿਸ ਅਨੁਸਾਰ ਕੋਈ ਵੀ ਵਿਅਕਤੀ ਚਾਈਨਾ ਡੋਰ ਦੀ ਵਿਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਜਥੇਬੰਦੀਆਂ ਵੱਲੋਂ ਪ੍ਰਮੁੱਖ ਵਿੱਤੀ ਮੰਗਾਂ ਨੂੰ ਲੈ ਕੇ ਸਾਂਝੀ ਕਨਵੈਨਸ਼ਨ ਕਰਕੇ ਸੰਘਰਸ਼ ਦਾ ਐਲਾਨ

**ਮੋਗਾ, (ਇਕਬਾਲ ਸਿੰਘ ਖਹਿਰਾ)** ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ 'ਪੁਰਾਣੀ- ਸਕੇਲ, ਪੈਨਸ਼ਨ ਤੇ ਭੱਤੇ ਬਹਾਲੀ ਮੋਰਚਾ' ਦੇ ਨਾਮ ਹੇਠ ਪਲੇਠੇ ਐਕਸ਼ਨ ਤਹਿਤ ਸਾਂਝੀ ਸੂਬਾਈ ਕਨਵੈਨਸ਼ਨ ਕੀਤੀ ਗਈ।ਮੁਲਾਜ਼ਮਾਂ ਦੀਆਂ ਪੰਜਾਬ ਪੇਅ ਸਕੇਲਾਂ, ਪੁਰਾਣੀ ਪੈਨਸ਼ਨ ਪ੍ਰਣਾਲੀ ਤੇ ਪੇਂਡੂ ਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ 37 ਕਿਸਮ ਦੇ ਭੱਤਿਆਂ, ਏ.ਸੀ.ਪੀ ਸਕੀਮ ਦੀ ਬਹਾਲੀ ਕਰਨ ਤੇ ਪੈਂਡਿੰਗ 16% ਡੀ.ਏ. ਜਾਰੀ ਕਰਨ ਦੀਆਂ ਮੰਗਾਂ ਤੋਂ ਮੁਨਕਰ ਹੋ ਚੁੱਕੀ ਪੰਜਾਬ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਗਿਆ ਹੈ ਤੇ ਇੱਕਜੁੱਟ ਹੋ ਕੇ 15 ਫਰਵਰੀ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਸੂਬਾ ਪੱਧਰੀ ਮਹਾਂ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ।ਕਨਵੈਨਸ਼ਨ ਉਪਰੰਤ ਵਿੱਚ ਮੋਗਾ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਵੀ ਭੇਜਿਆ ਗਿਆ।ਮੋਰਚੇ ਦੇ ਸੂਬਾਈ ਕਨਵੀਨਰਾਂ ਅਤੇ ਕੋ-ਕਨਵੀਨਰਾਂ ਵਿਕਰਮ ਦੇਵ ਸਿੰਘ, ਦੀਪਕ ਕੰਬੋਜ, ਅਤਿੰਦਰ ਪਾਲ ਘੱਗਾ, ਗੁਰਦੀਪ ਸਿੰਘ ਬਾਸੀ, ਸੰਦੀਪ ਸਿੰਘ ਗਿੱਲ, ਸਸ਼ਪਾਲ ਸਿੰਘ, ਦੀਪਕ ਕੁਮਾਰ ਅਤੇ ਬਲਿਹਾਰ ਬੱਲੀ ਨੇ ਦੱਸਿਆ ਕਿ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਪੰਜਾਬ ਦੇ ਮੁਲਾਜ਼ਮਾਂ ਲਈ ਪੰਜਾਬ ਦੇ ਤਨਖ਼ਾਹ ਸਕੇਲ ਹੀ ਲਾਗੂ ਕਰਨ ਦਾ ਭਰੋਸਾ ਦੇਣ ਵਾਲੀ 'ਆਪ' ਸਰਕਾਰ 17-07-2020 ਅਤੇ ਇਸ ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਦਾ ਨੋਟੀਫਿਕੇਸ਼ਨ ਮੁੱਢੋਂ ਰੱਦ ਕਰਨ ਤੋਂ ਮੁਨਕਰ ਹੋ ਚੁੱਕੀ ਹੈ, ਸਗੋਂ ਪੰਜਾਬ ਪੇਅ ਸਕੇਲਾਂ ਦੇ ਹੱਕ ਵਿੱਚ ਆਏ ਅਦਾਲਤੀ ਫੈਸਲਿਆਂ



ਨੂੰ ਵੀ ਤੋੜ-ਮਰੋੜ ਕੇ ਲਾਗੂ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸਮੂਹ ਨਵ ਨਿਯੁਕਤ ਮੁਲਾਜ਼ਮਾਂ 'ਤੇ ਪੰਜਾਬ ਦੇ ਤਨਖਾਹ ਸਕੇਲ ਹੀ ਲਾਗੂ ਕੀਤੇ ਜਾਣ ਤੇ ਬਾਕੀ ਮੁਲਾਜ਼ਮਾਂ ਵਾਂਗ ਛੇਵੇਂ ਪੰਜਾਬ ਪੇਅ ਕਮਿਸ਼ਨ ਅਤੇ 15 ਫ਼ੀਸਦੀ ਤਨਖ਼ਾਹ ਵਾਧੇ ਅਨੁਸਾਰ ਤਨਖ਼ਾਹਾਂ ਫਿਕਸ ਕੀਤੀਆਂ ਜਾਣ। ਆਗੂਆਂ ਨੇ ਅੱਗੇ ਦੱਸਿਆ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦੇ ਮਾਮਲੇ ਵਿੱਚ ਪੰਜਾਬ ਦੇ ਮੁਲਾਜ਼ਮ ਵੱਡੇ ਧੋਖੇ ਦਾ ਸ਼ਿਕਾਰ ਹੋਏ ਹਨ।ਪੰਜਾਬ ਸਰਕਾਰ ਵੱਲੋਂ ਤਿੰਨ ਸਾਲ ਪਹਿਲਾਂ 18-11-2022 ਨੂੰ ਪੈਨਸ਼ਨ ਪ੍ਰਣਾਲੀ ਲਾਗੂ ਕਰਨ ਲਈ ਜਾਰੀ ਨੋਟੀਫਿਕੇਸ਼ਨ ਮਹਿਜ਼ ਕਾਗਜ਼ੀ ਸਾਬਿਤ ਹੋਇਆ ਹੈ, ਕਿਉਂਕਿ ਸਾਲ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਵੱਲ ਇੱਕ ਵੀ ਕਦਮ ਨਹੀਂ ਪੁੱਟਿਆ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਕੇਂਦਰੀ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐੱਸ.) ਨੂੰ ਪੰਜਾਬ ਸਰਕਾਰ ਵੱਲੋਂ ਮੁੱਢੋਂ ਰੱਦ ਕੀਤਾ ਜਾਵੇ ਅਤੇ ਸਮੂਹ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਹਕੀਕੀ ਰੂਪ ਵਿੱਚ ਲਾਗੂ ਕੀਤੀ ਜਾਵੇ।ਮੋਰਚੇ ਦੇ ਸੂਬਾਈ ਆਗੂਆਂ ਮਹਿੰਦਰ ਕੌੜਿਆਂ ਵਾਲੀ, ਜਸਵਿੰਦਰ ਕੌਂਝਲ, ਗੁਰਵਿੰਦਰ ਖਹਿਰਾ, ਰਾਜੀਵ ਮਲਹੋਤਰਾ, ਹਰਦੀਪ ਟੋਡਰਪੁਰ, ਰਮੇਸ਼ ਸਿੰਘ ਤੇ ਗੁਰਧਿਆਨ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਮੁਲਾਜ਼ਮਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੂਰੇ ਸਾਲ 2025 ਦੌਰਾਨ ਮਹਿੰਗਾਈ ਭੱਤੇ ਦੀ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ ਭਾਵੇਂ ਕਿ ਉਹ ਕੇਂਦਰ ਦੇ ਮੁਲਾਜ਼ਮਾਂ ਨਾਲੋਂ 16% ਮਹਿੰਗਾਈ ਭੱਤਾ ਘੱਟ ਲੈ ਰਹੇ ਹਨ।ਮੁਲਾਜ਼ਮ ਪੇਂਡੂ ਭੱਤੇ ਅਤੇ ਬਾਰਡਰ ਏਰੀਆ ਭੱਤੇ ਸਮੇਤ 37 ਕਿਸਮ ਦੇ ਭੱਤਿਆਂ ਅਤੇ ਏ.ਸੀ.ਪੀ. ਸਕੀਮ ਦੇ ਲਾਭ ਤੋਂ ਬਿਨਾਂ ਕੰਮ ਕਰਦੇ ਹੋਏ ਕੇਂਦਰ ਅਤੇ ਬਾਕੀ ਸੂਬਿਆਂ ਦੇ ਮੁਲਾਜ਼ਮਾਂ ਤੋਂ ਤਨਖਾਹਾਂ ਵਿੱਚ ਪੱਛੜ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਖ਼ਜ਼ਾਨੇ ਵਿੱਚੋਂ ਹੀ ਤਨਖਾਹ ਲੈ ਰਹੇ ਆਈ.ਏ.ਐੱਸ./ਆਈ.ਪੀ.ਐੱਸ. ਅਧਿਕਾਰੀਆਂ ਵਾਂਗ ਸੂਬੇ ਦੇ ਸਮੂਹ ਮੁਲਾਜ਼ਮਾਂ ਲਈ ਵੀ ਡੀ.ਏ. ਦੇ ਐਲਾਨਾਂ ਨੂੰ ਲਿੰਕ ਕੀਤਾ ਜਾਵੇ ਤੇ ਇੱਕਸਾਰਤਾ ਰੱਖਦੇ ਹੋਏ ਵਿਤਕਰਾ ਕਰਨਾ ਬੰਦ ਕੀਤਾ ਜਾਵੇ।ਆਗੂਆਂ ਨੇ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਦੀਆਂ ਮੰਗਾਂ ਦੇ ਹੱਲ ਪ੍ਰਤੀ ਗੰਭੀਰ ਹੋਣ ਦੇ ਬਿਆਨ ਨੂੰ ਸਿਆਸੀ ਜੁਮਲਾ ਕਰਾਰ ਦਿੰਦੇ ਹੋਏ ਇਸ ਨੂੰ ਮੁੱਢੋਂ ਰੱਦ ਕੀਤਾ। ਇਸ ਦੌਰਾਨ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁਲਾਜ਼ਮਾਂ ਨੂੰ ਆਪਣੇ ਸੰਘਰਸ਼ ਦੀ ਦਿਸ਼ਾ ਸੱਤਾ ਤੇ ਬਿਰਾਜਮਾਨ ਕਿਸੇ ਇੱਕ ਆਗੂ ਦੇ ਖਿਲਾਫ ਨਾ ਕਰਕੇ ਨੀਤੀ ਦੇ ਅਤੇ ਨੀਤੀ ਬਣਾਉਣ ਵਾਲੇ ਕਾਰਪੋਰੇਟ ਦੇ ਖਿਲਾਫ ਕਰਨੀ ਪਵੇਗੀ ਅਤੇ ਨਵਾਂ ਬਣਿਆ ਮੋਰਚਾ ਸੰਘਰਸ਼ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਂਦੇ ਹੋਏ ਪ੍ਰਾਪਤੀਆਂ ਕਰੇਗਾ।

## ਨਵਾਂ ਸ਼ਾਲਾ ਦੇ ਸੀਨੀਅਰ 'ਆਪ' ਆਗੂਆਂ ਨੇ ਕੀਤੀ ਧੰਨਵਾਦ ਰੈਲੀ



**ਗੁਰਦਾਸਪੁਰ, (ਜਨਕ ਮਹਾਜਨ)-** ਦੀਨਾਨਗਰ ਹਲਕੇ ਅਧੀਨ ਪੈਂਦੇ ਪਿੰਡ ਨਵਾਂ ਸ਼ਾਲਾ ਦੇ ਸੀਨੀਅਰ ਆਪ ਆਗੂ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਅਤੇ ਬਲਾਕ ਸੰਮਤੀ ਮੈਂਬਰ ਨੰਬਰਦਾਰ ਵਜ਼ੀਰ ਸਿੰਘ ਦੇ ਸਹਿਯੋਗ ਨਾਲ ਧੰਨਵਾਦ ਰੈਲੀ ਕਰਵਾਈ ਗਈ।ਗੁਰਦੁਆਰਾ ਕਲਗੀਧਰ ਨਵਾਂ ਸ਼ਾਲਾ ਵਿਖੇ ਸ਼ੁਕਰਾਨੇ ਵਜੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਥੇ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ।ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁੱਚਾ ਸਿੰਘ ਮੁਲਤਾਨੀ ਅਤੇ ਬਲਾਕ ਸੰਮਤੀ ਮੈਂਬਰ ਵਜ਼ੀਰ ਸਿੰਘ ਸਮੇਤ ਪੰਚਾਂ, ਸਰਪੰਚਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਬਿਹਤਰੀ ਅਤੇ ਲੋਕਾਂ ਦੀ ਗੱਲ ਕੀਤੀ ਹੈ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਮਿਸ਼ਨ ਲੋਕਾਂ ਦੇ ਸਹਿਯੋਗ ਨਾਲ ਸਫਲ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਹੰਕਾਰੀ ਪਾਰਟੀਆਂ ਦਾ ਵਿਨਾਸ਼ ਹੋ ਗਿਆ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਰਮਨ ਬਹਿਲ ਨੇ ਜ਼ਿਲ੍ਹਾ ਮੈਂਬਰਾਂ, ਪੰਚਾਂ, ਸਰਪੰਚਾਂ ਤੇ ਵਲੰਟੀਅਰਾਂ ਦਾ ਸਨਮਾਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਰ ਵਰਗ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ ਅਤੇ ਲੋਕਾਂ ਦੀ ਹਰ ਮੁਸ਼ਕਿਲ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਨੂੰ ਤਰਜੀਹ ਦਿੱਤੀ ਹੈ ਜਿਸ ਨਾਲ ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਗਾਮੀ 2027 ਦੀਆਂ ਚੋਣਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਮੁੜ ਤੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਏਗੀ।ਸਟੇਜ ਸਕੱਤਰ ਦੇ ਫਰਜ਼ ਸਰਪੰਚ ਰਾਜੇਸ਼ ਭੰਡਾਰੀ ਨੇ ਬਾਖੂਬੀ ਨਿਭਾਏ।ਅਖੀਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਨੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਹਲਕਾ ਇੰਚਾਰਜ ਰਮਨ ਬਹਿਲ ਨੂੰ ਸਿਰੋਪੇ ਤੇ ਦੁਸ਼ਾਲੇ ਭੇਟ ਕਰਕੇ ਸਨਮਾਨਿਤ ਕਰਦਿਆਂ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

## ਡਰੈਗਨ ਬੋਟ ਚੈਂਪੀਅਨਸ਼ਿਪ 'ਚ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਖੇ ਆਯੋਜਿਤ 14ਵੀਂ ਕੌਮੀ ਡਰੈਗਨ ਬੋਟ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ, ਚਾਂਦੀ ਤੇ ਕਾਂਸੇ ਦੇ ਤਮਗੇ ਜਿੱਤ ਕੇ ਸੂਬੇ ਦਾ ਨਾਂਅ ਰੌਸ਼ਨ ਕੀਤਾ। ਇਹ ਕੌਮੀ ਚੈਂਪੀਅਨਸ਼ਿਪ 6 ਜਨਵਰੀ ਤੋਂ 9 ਜਨਵਰੀ ਤੱਕ ਆਯੋਜਿਤ ਕੀਤੀ ਗਈ ਸੀ। ਇਸ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਲੜਕਿਆਂ ਅਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਤੋਂ ਵਾਪਸ ਆਏ ਜੇਤੂ ਖਿਡਾਰੀਆਂ ਨੂੰ ਪਵਿੱਤਰ ਵੇਈਂ ਦੇ ਕੰਢੇ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਵੱਲੋਂ ਸਨਮਾਨਤ ਕੀਤਾ ਗਿਆ। ਉਨ੍ਹਾਂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੜਾਕੇ ਦੀ ਠੰਢ ਵਿੱਚ ਲਗਾਤਾਰ ਮਿਹਨਤ ਕਰਕੇ ਕੀਤੀ ਤਿਆਰੀ ਦਾ ਨਤੀਜਾ ਅੱਜ ਤਮਗਿਆਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਉਨ੍ਹਾਂ ਖਿਡਾਰੀਆਂ ਵੱਲੋਂ ਹਾਸਲ ਕੀਤੀਆਂ ਉਪਲਬਧੀਆਂ ਦੇ ਹੌਂਸਲੇ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਉਪਲਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਕੁਝ ਪ੍ਰਸ਼ਾਸਕੀ ਕਾਰਨਾਂ ਕਰਕੇ ਪਹਿਲਾਂ ਪੰਜਾਬ ਦੀ ਟੀਮ ਦੀ ਚੋਣ ਨਹੀਂ ਕੀਤੀ ਗਈ ਸੀ। ਇਸ ਗੰਭੀਰ ਮਾਮਲੇ ਨੂੰ ਸੰਤ ਸੀਚੇਵਾਲ ਨੇ ਤੁਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਉਂਦੇ ਹੋਏ ਪੱਤਰ ਲਿਖਿਆ, ਜਿਸ ਤੋਂ ਬਾਅਦ ਪੰਜਾਬ ਦੀ ਟੀਮ ਨੂੰ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ। ਇਸ ਲਈ ਸੰਤ ਸੀਚੇਵਾਲ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ ਗਿਆ। ਟੀਮ ਨਾਲ ਗਏ ਕੋਚ ਅਮਨਦੀਪ ਸਿੰਘ ਖਹਿਰਾ ਨੇ ਕਿਹਾ ਕਿ ਜੇਕਰ ਸਮੇਂ ਸਿਰ ਟਰਾਇਲ ਕਰਵਾ ਕੇ ਪੰਜਾਬ ਦੀ ਟੀਮ ਨੂੰ ਪੂਰੀ ਤਿਆਰੀ ਨਾਲ ਭੇਜਿਆ ਜਾਂਦਾ ਤਾਂ ਨਤੀਜੇ ਹੋਰ ਵੀ ਬਿਹਤਰ ਹੋ ਸਕਦੇ ਸਨ। ਉਨ੍ਹਾਂ ਦੱਸਿਆ ਕਿ ਡਰੈਗਨ ਬੋਟ ਮੁਕਾਬਲਿਆਂ ਵਿੱਚ ਟੀਮ ਵਰਕ ਸਭ ਤੋਂ ਅਹਿਮ ਹੁੰਦਾ ਹੈ। ਜੂਨੀਅਰ ਵਰਗ ਵਿੱਚ 10 ਖਿਡਾਰੀ ਅਤੇ ਸੀਨੀਅਰ ਵਰਗ ਵਿੱਚ 20 ਖਿਡਾਰੀ ਕਿਸ਼ਤੀ ਚਲਾਉਂਦੇ ਹਨ ਜਿਨ੍ਹਾਂ ਨੂੰ ਟੀਮ ਵਿੱਚ ਅੱਗੇ ਵਧਾਉਂਦੇ ਹਨ। ਕੋਚ ਖਹਿਰਾ ਨੇ ਕਿਹਾ ਕਿ ਟਰਾਇਲ ਨਾ ਹੋਣ ਕਾਰਨ ਖਿਡਾਰੀ ਕਈ ਹਫ਼ਤਿਆਂ ਤੱਕ ਮਾਨਸਿਕ ਦਬਾਅ ਹੇਠ ਰਹੇ, ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਕੌਮੀ ਚੈਂਪੀਅਨਸ਼ਿਪ ਵਿੱਚ ਸੰਤ ਸੀਚੇਵਾਲ ਵਾਟਰ ਸਪੋਰਟਸ ਸੈਂਟਰ ਦੇ ਕੁੱਲ 36 ਖਿਡਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਚਾਂਦੀ ਅਤੇ ਕਾਂਸੇ ਦੇ 28 ਤਮਗੇ ਜਿੱਤ ਕੇ ਸੈਂਟਰ ਤੇ ਪੰਜਾਬ ਦਾ ਮਾਣ ਵਧਾਇਆ।

## ਕੂੜੇ ਦੀ ਸਮੱਸਿਆ ਦੇ ਹੱਲ ਲਈ ਮਾਰਚ ਕਰਕੇ ਲਵਾਂਗੇ ਸਹਿਯੋਗ : ਪ੍ਰਧਾਨ ਅਰੁਣ ਗਿੱਲ



**ਜਗਰਾਉਂ (ਸੰਜੀਵ ਅਰੋੜਾ)** ਕੂੜੇ ਦੀ ਸਮੱਸਿਆ ਤੋਂ ਹਰ ਇੱਕ ਸ਼ਹਿਰ ਨਿਵਾਸੀ ਪ੍ਰੇਸ਼ਾਨ ਹੈ, ਕਿਉਂਕਿ ਹਰ ਗਲੀ ਮੋੜ 'ਤੇ ਕੂੜਾ ਆਮ ਖਿਲਰਿਆ ਪਿਆ ਹੈ।ਇਹ ਕੂੜਾ ਸ਼ਹਿਰ ਦੇ ਰਾਜਨੀਤਕ ਲੋਕਾਂ ਨੂੰ ਜਿੱਥੇ ਲਾਹਨਤਾਂ ਪਾ ਰਿਹਾ ਹੈ, ਉੱਥੇ ਪ੍ਰਸ਼ਾਸਨ ਨੂੰ ਵੀ ਬਹੁਤ ਤਰ੍ਹਾਂ ਦੇ ਸਵਾਲ ਕਰ ਰਿਹਾ ਹੈ।ਕੂੜੇ ਦੀ ਸਮੱਸਿਆ ਦਾ ਹੱਲ ਪ੍ਰਸ਼ਾਸਨ ਅਤੇ ਰਾਜਨੀਤਕ ਲੋਕਾਂ ਦੇ ਹੱਥਾਂ ਵਿੱਚ ਹੈ।ਪ੍ਰਸ਼ਾਸਨ ਤੇ ਰਾਜਨੀਤਕ ਲੋਕਾਂ ਨੂੰ ਕੂੜੇ ਦੀ ਸਮੱਸਿਆ ਲਈ ਪੱਕਾ ਹੱਲ ਨਾ ਕੱਢਣ ਤੇ ਸਫਾਈ ਸੇਵਕਾਂ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਆਉਂਦੇ ਸੋਮਵਾਰ ਨੂੰ ਉਹ ਸ਼ਹਿਰ ਦੇ ਵਿੱਚ ਮਾਰਚ ਕੱਢ ਕੇ ਲੋਕਾਂ ਦਾ ਸਹਿਯੋਗ ਮੰਗਣਗੇ।

ਸਫਾਈ ਸੇਵਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਕਿਹਾ ਕਿ ਉਹ ਸਫਾਈ ਸੇਵਕਾਂ ਦੇ ਪ੍ਰਧਾਨ ਬਾਅਦ ਵਿੱਚ ਹਨ, ਪਹਿਲਾਂ ਇੱਕ ਸ਼ਹਿਰ ਨਿਵਾਸੀ ਹਨ।ਕੂੜੇ ਦੀ ਸਮੱਸਿਆ ਤੋਂ ਉਨ੍ਹਾਂ ਦਾ ਪਰਿਵਾਰ ਗੁਜ਼ਰ ਰਿਹਾ ਹੈ।ਉਨ੍ਹਾਂ ਕਿਹਾ ਕਿ ਜਗਰਾਉਂ ਸ਼ਹਿਰ ਨੂੰ ਕੂੜੇ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਲਈ ਉਹ ਸ਼ਹਿਰ ਅੰਦਰ ਲੋਕਾਂ ਦੇ ਸਾਥ ਲਈ ਮਾਰਚ ਕੱਢਣਗੇ ਤੇ ਲੋਕਾਂ ਨੂੰ ਅਪੀਲ ਕਰਨਗੇ ਕਿ ਉਨ੍ਹਾਂ ਦਾ ਇਸ ਸੰਘਰਸ਼ ਵਿੱਚ ਸਾਥ ਦੇਣ ਤਾਂ ਜੁ ਭਵਿੱਖ ਵਿੱਚ ਜਗਰਾਉਂ ਦੇ ਲੋਕਾਂ ਨੂੰ ਕੂੜੇ ਦੀ ਸਮੱਸਿਆ ਤੋਂ ਪੱਕੇ ਤੌਰ ਤੇ ਨਿਜਾਤ ਮਿਲ ਸਕੇ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਭਵਿੱਖ ਵਿੱਚ ਜੇਕਰ ਉਹ ਕੋਈ ਰਣਨੀਤੀ ਤੈਅ ਕਰਦੇ ਹਨ ਤਾਂ ਉਨ੍ਹਾਂ ਦਾ ਵਧ-ਚੜ੍ਹ ਕੇ ਸਹਿਯੋਗ ਦਿੱਤਾ ਜਾਵੇ ਤਾਂ ਜੋ ਜਗਰਾਉਂ ਦੇ ਭਲੇ ਲਈ ਕੂੜੇ ਦੇ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਹੋ ਸਕੇ।

## ਮਾਸਟਰ ਅਮਰਜੀਤ ਸਿੰਘ ਸਵੈਚ ਘੋੜੀ ਵਾਲੇ ਲਲੌਤੀ ਕਲਾਂ ਦਾ ਦੇਹਾਂਤ



**ਖੰਨਾ (ਸੁਖਵਿੰਦਰ ਸਿੰਘ ਫਾਲ੍ਹਾ)** ਰਿਟ. ਮਾਸਟਰ ਅਮਰਜੀਤ ਸਿੰਘ ਸਵੈਚ ਲਲੌਤੀ ਕਲਾਂ ਦਾ ਜਨਮ 1935 ਨੂੰ ਹੋਇਆ ਸੀ। ਉਹ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਕ ਸੇਵਾ ਨਿਭਾਅ ਕੇ 1995 ਵਿੱਚ ਰਿਟਾਇਰਮੈਂਟ ਹੋਏ।ਬੀਤੇ 10 ਜਨਵਰੀ 2026 ਨੂੰ ਦੇਹਾਂਤ ਹੋ ਗਿਆ।ਉਹ ਆਪਣੀ ਸਰਵਿਸ ਦੌਰਾਨ ਪ੍ਰਾਇਮਰੀ ਸਕੂਲ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਰਹੇ।ਅਧਿਆਪਕ ਵਰਗ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕਰਦੇ ਰਹੇ।ਉਹ ਆਪਣੇ ਪਿੱਛੇ ਵੱਡਾ ਪੁੱਤਰ ਨਿਰਮਲ ਸਿੰਘ ਸਵੈਚ ਘੋੜੀਵਾਲਾ, ਛੋਟਾ ਪੁੱਤਰ ਦਲਜੀਤ ਸਿੰਘ ਸਵੈਚ, ਇੱਕ ਧੀ, ਪੋਤੇ-ਪੋਤੀਆਂ ਤੇ ਦਰੋਤੇ-ਦੋਹਤੀਆਂ ਛੱਡ ਗਏ ਹਨ।ਉਨ੍ਹਾਂ ਦੇ ਦੇਹਾਂਤ ਨਾਲ ਪਰਵਾਰ, ਸਿੱਖਿਆ ਜਗਤ ਤੇ ਅਧਿਆਪਕ ਯੂਨੀਅਨ ਵਿੱਚ ਸੋਗ ਦੀ ਲਹਿਰ ਹੈ।

## ਪੀ ਜੀ ਆਈ 'ਚ ਭਾਰਤੀ ਡਾਇਟੀਟਿਕਸ ਡੇਅ ਮਨਾਇਆ



**ਸਮਰਾਲਾ, (ਸੁਰਜੀਤ ਸਿੰਘ)** ਪੀਜੀਆਈ ਚੰਡੀਗੜ੍ਹ ਵਿੱਚ ਡਿਪਾਰਟਮੈਂਟ ਆਫ ਡਾਇਟੀਟਿਕਸ ਤੇ ਹਸਪਤਾਲ ਐਡਮਿਨਿਸਟ੍ਰੇਸ਼ਨ ਵੱਲੋਂ ਭਾਰਤੀ ਡਾਇਟੀਟਿਕਸ ਡੇ ਦੇ ਮੌਕੇ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮਕਸਦ ਮੋਟਾਪੇ ਦੇ ਕਾਰਨਾਂ ਤੇ ਖੁਰਾਕ ਰਾਹੀਂ ਸਰੀਰ ਦੇ ਵਜ਼ਨ ਨੂੰ ਕਾਬੂ ਵਿੱਚ ਰੱਖਣ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪੀਜੀਆਈ ਦੇ ਡਾ. ਸੰਜੇ ਜੈਨ ਡੀਨ ਰਿਸਰਚ ਨੇ ਮੁੱਖ ਮਹਿਮਾਨ ਵਜੋਂ ਪ੍ਰੋਗਰਾਮ ਦਾ ਉਦਘਾਟਨ ਕੀਤਾ ਤੇ ਹਾਜ਼ਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਤੁਲਿਤ ਖੁਰਾਕ ਹੀ ਤੰਦਰੁਸਤ ਜੀਵਨ ਦੀ ਕੁੰਜੀ ਹੈ।ਮੌਕੇ ਦੇ ਵਿਸ਼ੇਸ਼ ਮਹਿਮਾਨ ਪ੍ਰੋ. ਵਿਪਿਨ ਕੌਸ਼ਲ ਮੈਡੀਕਲ ਸੁਪਰਿੰਟੈਂਡੈਂਟ ਤੇ ਮੁਖੀ, ਡਿਪਾਰਟਮੈਂਟ ਆਫ ਹਸਪਤਾਲ ਨੇ ਖੁਰਾਕ ਦੀ ਚੋਣ ਵਿੱਚ 'ਵੋਕਲ ਫੋਰ ਲੋਕਲ' ਦ੍ਰਿਸ਼ਟੀਕੋਣ ਦੀ ਵਕਾਲਤ ਕੀਤੀ।ਹੋਰ ਪ੍ਰਮੁੱਖ ਹਸਤੀਆਂ ਵਿੱਚ ਪ੍ਰੋ. ਅਸ਼ੋਕ ਕੁਮਾਰ, ਏਐਮਐਸ, ਡਿਪਾਰਟਮੈਂਟ ਆਫ ਹਸਪਤਾਲ ਐਡਮਿਨਿਸਟ੍ਰੇਸ਼ਨ, ਪੀਜੀਆਈ ਵੀ ਮੌਜੂਦ ਸਨ। ਡਾ. ਨੈਂਸੀ ਸਾਹਨੀ, ਚੀਫ ਡਾਇਟੀਸ਼ੀਅਨ ਤੇ ਮੁਖੀ, ਡਿਪਾਰਟਮੈਂਟ ਆਫ ਡਾਇਟੀਟਿਕਸ ਨੇ ਆਪਣੀ ਟੀਮ ਦੇ ਹੋਰ ਮੈਂਬਰਾਂ ਸਮੇਤ, ਜਿਨ੍ਹਾਂ ਵਿੱਚ ਬੀ.ਐੱਸ. ਬਹਿਰਾ, ਸੀਨੀਅਰ ਡਾਇਟੀਸ਼ੀਅਨ ਸ਼ਾਮਲ ਸਨ, ਨੇ ਆਪਣੇ ਭਾਸ਼ਣ ਵਿੱਚ ਮੋਟਾਪੇ 'ਤੇ ਕਾਬੂ ਪਾਉਣ ਲਈ ਖੁਰਾਕੀ ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਹੋਰ ਅਨੁਭਵੀ ਬੁਲਾਰਿਆਂ, ਜਿਨ੍ਹਾਂ ਵਿਚ ਡਾ. ਰਾਜੇਸ਼ ਗੁਪਤਾ ਪ੍ਰੋਫੈਸਰ ਅਤੇ ਮੁਖੀ, ਡਿਪਾਰਟਮੈਂਟ ਆਫ ਸਰਜੀਕਲ ਗੈਸਟ੍ਰੋਐਂਟਰੋਲੋਜੀ ਤੇ ਡਾ. ਸੰਜੇ ਭਡਾਣਾ ਪ੍ਰੋਫੈਸਰ ਅਤੇ ਮੁਖੀ, ਡਿਪਾਰਟਮੈਂਟ ਆਫ ਐਂਡੋਕ੍ਰਾਈਨੋਲੋਜੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਈ ਟੀ ਓ ਵੱਲੋਂ ਬਾਬਾ ਬਕਾਲਾ-ਬਟਾਲਾ ਸੜਕ 'ਤੇ ਬਣ ਰਹੇ ਪੁਲਾਂ ਦਾ ਨਿਰੀਖਣ



**ਬਿਆਸ (ਪਰਮਜੀਤ ਸਿੰਘ ਰੱਖੜਾ)** ਬਿਆਸ, ਬਾਬਾ ਬਕਾਲਾ, ਮਹਿਤਾ, ਬਟਾਲਾ ਸੜਕ ਦੇ ਲੈੱਫਟ ਆਊਟ ਪ੍ਰੋਜੈਕਟ ਅਧੀਨ ਮਹਿਤਾ ਅਤੇ ਬੁੱਟਰ ਵਿਖੇ ਉਸਾਰੇ ਜਾ ਰਹੇ ਪੁਲਾਂ ਦਾ ਨਿਰੀਖਣ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਕੀਤਾ ਗਿਆ। ਉਨ੍ਹਾ ਦੱਸਿਆ ਕਿ ਬਿਆਸ, ਬਾਬਾ ਬਕਾਲਾ, ਮਹਿਤਾ, ਬਟਾਲਾ ਸੜਕ ਸੈਕਸ਼ਨ ਉਪਰ ਲੋਕ ਨਿਰਮਾਣ ਵਿਭਾਗ ਵੱਲੋਂ ਤਿੰਨ ਪੁੱਲਾਂ (ਮਹਿਤਾ, ਬੁੱਟਰ ਤੇ ਗੱਗੜਭਾਣਾ) ਦਾ ਨਿਰਮਾਣ 8.53 ਕਰੋੜ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਮਹਿਤਾ ਅਤੇ ਬੁੱਟਰ ਵਿਖੇ ਉਸਾਰੀ ਅਧੀਨ ਪੁੱਲ ਅਪ੍ਰੈਲ ਤੱਕ ਮੁਕੰਮਲ ਹੋ ਜਾਣਗੇ। ਗੱਗੜਭਾਣਾ ਵਿਖੇ ਪੁਲ ਦੀ ਉਸਾਰੀ ਨਹਿਰੀ ਵਿਭਾਗ ਵੱਲੋਂ ਬੰਦੀ ਮਿਲਣ ਉਪਰੰਤ ਸ਼ੁਰੂ ਕਰਕੇ ਜਲਦ ਮੁਕੰਮਲ ਕਰ ਦਿੱਤਾ ਜਾਵੇਗਾ। ਮਹਿਤਾ ਪੁਲ ਦੀ ਲੰਬਾਈ 105 ਫੁੱਟ ਅਤੇ ਚੌੜਾਈ 42 ਫੁੱਟ ਹੈ, ਜਦਕਿ ਬੁੱਟਰ ਪੁਲ ਦੀ ਲੰਬਾਈ 70 ਫੁੱਟ ਚੌੜਾਈ 42 ਫੁੱਟ ਹੈ। ਗੱਗੜਭਾਣਾ ਪੁਲ ਦੀ ਲੰਬਾਈ 106 ਫੁੱਟ ਚੌੜਾਈ 42 ਫੁੱਟ ਹੈ। ਹਰਭਜਨ ਸਿੰਘ ਨੇ ਕੰਮ ਦੀ ਗੁਣਵੱਤਾ ਉੱਤੇ ਧਿਆਨ ਦੇਣ ਅਤੇ ਇਸ ਨੂੰ ਸਮੇਂ-ਸੀਮਾ ਅੰਦਰ ਪੂਰੇ ਕਰਨ ਦੀ ਹਦਾਇਤ ਕੀਤੀ, ਤਾਂ ਜੋ ਲੋਕਾਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਦਿੱਤੀ ਜਾ ਸਕੇ।

## 63 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਮਾਘੀ ਮੇਲਾ ਸ਼ਰਧਾ ਨਾਲ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਪ ਅਸਥਾਨ ਮੰਦਿਰ ਬਾਬਾ ਸ੍ਰੀ ਚੰਦ ਜੀ ਉਦਾਸੀਨ ਗੁਰਦੁਆਰਾ ਟਾਹਲੀ ਸਾਹਿਬ ਗੜ੍ਹਸ਼ੰਕਰ ਰੋਡ ਨਵਾਂ ਸ਼ਹਿਰ ਵਿਖੇ ਬੜੀ ਸ਼ਰਧਾ ਤੇ ਚਾਵਾਂ ਨਾਲ ਧੂਮ ਧਾਮ ਨਾਲ ਮਿਤੀ 14 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਮੰਦਿਰ ਬਾਬਾ ਸ੍ਰੀ ਚੰਦ ਦੀ ਉਦਾਸੀਨ ਨੇ ਦੱਸਿਆ ਕਿ ਲੜੀਵਾਰ 21 ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਪਹਿਲੀ ਲੜੀ 08 ਜਨਵਰੀ ਦਿਨ ਵੀਰਵਾਰ ਨੂੰ ਆਰੰਭ ਹੋਵੇਗੀ ਅਤੇ ਉਹਨਾਂ ਤੇ ਭੋਗ 10 ਜਨਵਰੀ 2026 ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਪਾਏਂ ਜਾਣਗੇ ਉਪਰੰਤ ਦੂਜੀ ਲੜੀ ਆਰੰਭ ਕੀਤੀ ਜਾਵੇਗੀ ਜਿਸ ਤੇ ਭੋਗ 12 ਜਨਵਰੀ ਦਿਨ ਸੋਮਵਾਰ ਨੂੰ ਪਾਏ ਜਾਣਗੇ ਜਿਸ ਉਪਰੰਤ 21 ਸ੍ਰੀ ਅਖੰਡ ਪਾਠ ਸਾਹਿਬ ਦੀ ਤੀਜੀ ਲੜੀ ਆਰੰਭ ਹੋਵੇਗੀ ਅਤੇ ਉਨਾਂ ਦੇ ਭੋਗ ਮਾਘੀ ਵਾਲੇ ਦਿਨ ਮਿਤੀ 14 ਜਨਵਰੀ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਪੈਣਗੇ ਅਤੇ ਭਾਰੀ ਦੀਵਾਨ ਸੱਜਣਗੇ ਜਿਸ ਵਿੱਚ ਭਾਈ ਸਤਨਾਮ ਸਿੰਘ ਜੀ ਹਜ਼ੂਰੀ ਰਾਗੀ ਭਾਈ ਪਲਵਿੰਦਰ ਸਿੰਘ ਜੀ ਕਾਹਲੋਂ ਵਾਲੇ ਭਾਈ ਸਰਬਜੀਤ ਸਿੰਘ ਦਿੱਲੀ ਵਾਲੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਨਗੇ। ਪ੍ਰਬੰਧਕ ਕਮੇਟੀ ਨੇ ਅੱਗੇ ਦੱਸਿਆ ਕਿ 16 ਜਨਵਰੀ ਨੂੰ ਸਾਧੂਆਂ ਦਾ ਭੰਡਾਰਾ ਕਰਵਾਇਆ ਜਾ ਰਿਹਾ ਹੈ।

## 40 ਮੁਕਤਿਆਂ ਦੀ ਯਾਦ 'ਚ ਸਜਾਈਆਂ ਪ੍ਰਭਾਤ ਫੇਰੀਆਂ ਸਮਾਪਤ



**ਧਾਰੀਵਾਲ/ਹਰਚੋਵਾਲ,(ਮਨਦੀਪ ਸਿੰਘ ਵਿੱਕੀ)**-ਕਸਬਾ ਹਰਚੋਵਾਲ ਦੇ ਵੱਡਾ ਗੁਰਦੁਆਰਾ ਸਾਹਿਬ ਹਰ ਸਾਲ ਦੀ ਤਰਾਂ ਸ਼ਹੀਦ 40 ਮੁਕਤਿਆਂ ਦੀ ਯਾਦ ਵਿੱਚ ਪ੍ਰਭਾਤ ਫੇਰੀਆਂ ਦਸਵੇਂ ਦਿਨ ਸਮਾਪਤ ਹੋ ਗਈਆ।ਸਵੇਰੇ ਗੁਰਦੁਆਰਾ ਛੱਤੀ ਡਿਓਢੀ ਪ੍ਰਭਾਤ ਫੇਰੀ ਪਹੁੰਚੀ ਤੇ ਵੱਡੇ ਗੁਰਦੁਆਰਾ ਸਾਹਿਬ ਪ੍ਰਬੰਧਕਾਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਭਾਈ ਗਗਨਦੀਪ ਸਿੰਘ ਰਿਆੜ, ਅਮਰੀਕ ਸਿੰਘ ਮੀਕਾ, ਅਮਨਦੀਪ ਸਿੰਘ ਰਿਆੜ, ਬਲਵਿੰਦਰ ਸਿੰਘ ਬਿੰਦਰ, ਰਾਜਵਿੰਦਰ ਸਿੰਘ ਰਾਜੂ, ਨਵਦੀਪ ਸਿੰਘ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ ਨੇ 40 ਮੁਕਤਿਆਂ ਦੇ ਸੰਖੇਪ ਇਤਿਹਾਸ ਬਾਰੇ ਜਾਣਕਾਰੀ ਦਿੱਤੀ।ਰਿਆੜ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਕਰ ਰਹੇ ਗੁਰਬਾਜ ਸਿੰਘ ਬਾਜੀ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਭਾਤ ਫੇਰੀ ਦੇ ਮੁੱਖ ਪ੍ਰਬੰਧਕ ਬਾਊ ਸਿੰਘ, ਸੂਬੇਦਾਰ ਹਰਭਜਨ ਸਿੰਘ, ਦਲੇਰ ਸਿੰਘ, ਗੁਰਮੁੱਖ ਸਿੰਘ ਕਾਲਾ, ਬਚਨ ਸਿੰਘ, ਕਰਮ ਸਿੰਘ, ਸੁੱਚਾ ਸਿੰਘ ਆਦਿ ਸੇਵਾਦਾਰ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਰੋਜ਼ਾਨਾ ਸੰਗਤਾਂ ਲਈ ਲੰਗਰ ਅਤੁੱਟ ਵਰਤਿਆ ਗਿਆ।

## ਸੂਬਾ ਕਨਵੈਨਸ਼ਨ ਉਪਰੰਤ ਸ਼ਹਿਰ 'ਚ ਕੀਤਾ ਰੋਸ ਮਾਰਚ

### ਸੂਬਾਈ ਕਨਵੈਨਸ਼ਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ : ਦਰਸ਼ਨ ਘੋਲੀਆ



**ਮੋਗਾ, (ਇਕਬਾਲ ਸਿੰਘ ਖਹਿਰਾ)-** ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਛਿੰਦਰ ਸਿੰਘ ਸਾਫੂ ਵਾਲਾ ਨੇ ਦੱਸਿਆ ਕਿ ਅੱਜ ਸਿੰਘਾਂ ਵਾਲਾ ਵਿਖੇ ਮੋਗਾ ਜ਼ਿਲ੍ਹੇ ਦੀ ਭਰਵੀਂ ਮੀਟਿੰਗ ਕੀਤੀ ਗਈ।ਸਾਰੀਆਂ ਇਕਾਈਆਂ ਨੇ ਮੀਟਿੰਗ ਵਿੱਚ ਭਾਗ ਲਿਆ।ਦਰਸ਼ਨ ਘੋਲੀਆ ਜ਼ਿਲ੍ਹਾ ਪ੍ਰਧਾਨ ਨੇ ਮੀਟਿੰਗ ਵਿੱਚ ਰਿਪੋਰਟ ਕੀਤੀ ਕਿ ਉਸ ਨੇ ਰਾਜੇਆਣਾ, ਘੋਲੀਆ ਕਲਾਂ, ਘੋਲੀਆ ਖੁਰਦ, ਬੱਧਨੀ ਕਲਾਂ, ਰਾਓਕੇ ਕਲਾਂ, ਫੂਲੇਵਾਲਾ, ਨੱਥੋਕੇ ਤੇ ਮਾਣੂੰਕੇ ਆਦਿ ਪਿੰਡਾਂ ਦੇ ਮਜ਼ਦੂਰ ਆਗੂਆਂ ਨਾਲ ਸੰਪਰਕ ਮੁਹਿੰਮ ਚਲਾਈ।ਸਾਰੇ ਆਗੂਆਂ ਨੇ ਭਰੋਸਾ ਦਿੱਤਾ ਕਿ ਉਹ ਵੱਡੀ ਗਿਣਤੀ ਵਿੱਚ 15 ਜਨਵਰੀ ਨੂੰ ਸਿੰਘਾਂ ਵਾਲੇ ਸੂਬਾਈ ਕਨਵੈਨਸ਼ਨ ਵਿੱਚ ਸ਼ਾਮਲ ਹੋਣਗੇ।ਤਿਆਰੀ ਕਮੇਟੀ ਦੇ ਸੂਬਾਈ ਕਨਵੀਨਰ ਲਖਬੀਰ ਸਿੰਘ ਲੱਖਾ ਨੇ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਕਿ ਕੱਲ੍ਹ ਪੰਡੋਰੀ ਖੱਤਰੀਆਂ ਵਿਖੇ ਸੂਬਾਈ ਕਨਵੀਨਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਫਿਰੋਜ਼ਪੁਰ, ਮੋਗਾ, ਬਠਿੰਡਾ ਤੇ ਸੰਗਰੂਰ ਦੇ ਨੁਮਾਇੰਦੇ ਸ਼ਾਮਲ ਹੋਏ।ਸਾਰੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਨੇ ਜ਼ਿਲ੍ਹਿਆਂ ਵਿੱਚ ਪੂਰੀ ਤਿਆਰੀ ਕਰ ਲਈ ਹੈ।ਵੱਡੀ ਗਿਣਤੀ ਵਿੱਚ ਸਾਥੀ ਇਸ ਕਨਵੈਨਸ਼ਨ ਵਿੱਚ ਸ਼ਾਮਲ ਹੋਣਗੇ।ਜ਼ਿਲ੍ਹਾ ਮੀਤ ਪ੍ਰਧਾਨ ਬੱਗਾ ਸਿੰਘ ਨੇ ਦੱਸਿਆ ਕਿ ਪ੍ਰਬੰਧਾਂ ਸਬੰਧੀ ਜਾਇਜ਼ਾ ਲਿਆ ਗਿਆ।ਸਾਰੇ ਪ੍ਰਬੰਧ ਸਮੇਤ ਲੰਗਰ ਪਾਣੀ ਦੇ ਪ੍ਰਬੰਧ ਕੀਤੇ ਗਏ ਹਨ।ਵਲੰਟੀਅਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ 15 ਜਨਵਰੀ ਨੂੰ ਸਮੇਂ ਸਿਰ ਪਹੁੰਚਣ।

## ਕਈ ਪ੍ਰਮੁੱਖ ਸ਼ਖਸੀਅਤਾਂ ਨੇ ਫੜਿਆ ਭਾਜਪਾ ਦਾ ਪੱਲਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ 'ਚ ਭਾਰਤੀ ਜਨਤਾ ਪਾਰਟੀ ਦਾ ਪਰਵਾਰ ਉਸ ਸਮੇਂ ਹੋਰ ਮਜ਼ਬੂਤ ਹੋ ਗਿਆ, ਜਦੋਂ ਰਾਜਪੁਰਾ ਤੋਂ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਕਈ ਪ੍ਰਮੁੱਖ ਆਗੂਆਂ ਨੇ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜਤਾਉਂਦਿਆਂ ਭਾਜਪਾ ਦਾ ਪੱਲਾ ਫੜ ਲਿਆ।ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਅਤੇ ਭਾਜਪਾ ਆਗੂ ਜਗਦੀਸ਼ ਕੁਮਾਰ ਜੱਗਾ ਨੇ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ। ਭਾਜਪਾ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਦਿਨੇਸ਼ ਮਹਿਤਾ (ਸਾਬਕਾ ਬਲਾਕ ਪ੍ਰਧਾਨ, ਆਮ ਆਦਮੀ ਪਾਰਟੀ ਰਾਜਪੁਰਾ, ਜਗਦੀਪ ਸਿੰਘ (ਸਾਬਕਾ ਕੌਂਸਲਰ, ਵਾਰਡ ਨੰ. 28 ਕਾਂਗਰਸ) ਨਵਦੀਪ ਸਿੰਘ, ਅਮਰਿੰਦਰ ਸਿੰਘ ਅਲੂਣਾ ਬਸੰਤਪੁਰਾ ਤੇ ਦੀਪਕ ਕੁਮਾ ਸ਼ਾਮਲ ਸਨ। ਸਾਬਕਾ ਸੰਸਦ ਪ੍ਰਨੀਤ ਕੌਰ ਤੇ ਜਗਦੀਸ਼ ਕੁਮਾਰ ਜੱਗਾ ਨੇ ਇਨ੍ਹਾਂ ਸਾਰੇ ਆਗੂਆਂ ਨੂੰ ਪਾਰਟੀ ਦਾ ਸਿਰੋਪਾ ਪਾ ਕੇ ਭਾਜਪਾ ਪਰਵਾਰ ਵਿੱਚ ਰਸਮੀ ਤੌਰ 'ਤੇ ਸ਼ਾਮਲ ਕੀਤਾ। ਪ੍ਰਨੀਤ ਕੌਰ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਸੱਤਾਧਾਰੀ 'ਆਪ' ਸਰਕਾਰ ਦੀਆਂ ਮਾਰੂ ਨੀਤੀਆਂ ਅਤੇ ਖੋਖਲੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ।ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਅਤੇ ਵਿਕਾਸ ਦੀ ਗਤੀ ਠੱਪ ਹੋ ਚੁੱਕੀ ਹੈ।ਲੋਕ ਹੁਣ ਭਾਜਪਾ ਨੂੰ ਇੱਕੋ-ਇੱਕ ਭਰੋਸੇਯੋਗ ਬਦਲ ਵਜੋਂ ਦੇਖ ਰਹੇ ਹਨ।ਦਿਨ-ਬ-ਦਿਨ ਵਧ ਰਿਹਾ ਭਾਜਪਾ ਦਾ ਇਹ ਕਾਫ਼ਲਾ ਸਾਬਤ ਕਰਦਾ ਹੈ ਕਿ ਆਉਣ ਵਾਲਾ ਸਮਾਂ ਭਾਜਪਾ ਦਾ ਹੈ।ਭਾਜਪਾ ਆਗੂ ਜਗਦੀਸ਼ ਕੁਮਾਰ ਜੱਗਾ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਮਿਹਨਤੀ ਆਗੂਆਂ ਦੇ ਆਉਣ ਨਾਲ ਰਾਜਪੁਰਾ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ।ਮੈਨੂੰ ਪੂਰੀ ਉਮੀਦ ਹੈ ਕਿ ਇਹ ਸਾਰੇ ਆਗੂ ਪਾਰਟੀ ਦੀ ਵਿਚਾਰਧਾਰਾ ਨੂੰ ਘਰ-ਘਰ ਪੁਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ਤੇ ਉਨ੍ਹਾਂ ਨੂੰ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ।ਅੰਤ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਸਾਰੇ ਨਵੇਂ ਮੈਂਬਰਾਂ ਦਾ ਭਾਜਪਾ ਪਰਵਾਰ ਵਿੱਚ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਵਰਕਰ ਤੇ ਆਗੂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।

## ਆਈ ਐੱਸ ਜੀ ਆਈ ਐੱਫ ਦੇ ਅਜਲਾਸ ਦਾ ਪੋਸਟਰ ਜਾਰੀ



**ਬਟਾਲਾ (ਤਰਲੋਕ ਬੱਗਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਟਾਲਾ ਦੇ ਪ੍ਰਧਾਨ ਰਮੇਸ਼ ਤਾਲੋਤਰਾ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਦਾਬਾਂਵਾਲ ਅਤੇ ਸੂਬਾ ਆਗੂ ਗੁਰਪ੍ਰੀਤ ਸਿੰਘ ਰੰਗੀਲਪੁਰ ਦੀ ਅਗਵਾਈ ਵਿੱਚ ਜੱਥੇਬੰਦੀ ਦਾ ਸਾਲਾਨਾ ਕੈਲੰਡਰ ਅਤੇ ਸ਼ਿਰਡੀ ਵਿਖੇ ਹੋ ਰਹੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਅਜਲਾਸ ਦਾ ਪੋਸਟਰ ਜਾਰੀ ਕੀਤਾ ਗਿਆ।ਇਸ ਮੌਕੇ ਜੰਗਲਾਤ ਵਰਕਰ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਣਜੀਤ ਸਿੰਘ ਭਾਗੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਆਗੂਆਂ ਨੇ ਮੁਲਾਜ਼ਮਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਅਤੇ ਮੰਗਾਂ ਦੀ ਪ੍ਰਾਪਤੀ ਤੱਕ ਲਗਾਤਾਰ ਸੰਘਰਸ਼ਸ਼ੀਲ ਰਹਿਣ ਦਾ ਸੱਦਾ ਦਿੱਤਾ ।ਉਨ੍ਹਾਂ ਦੱਸਿਆ ਕਿ ਸ਼ਿਰਡੀ ਵਿਖੇ ਹੋ ਰਹੇ ਅਜਲਾਸ ਵਿੱਚ ਪੂਰੇ ਭਾਰਤ ਦੇ ਮੁਲਾਜ਼ਮ ਸ਼ਾਮਲ ਹੋਣਗੇ ।ਵੱਖ-ਵੱਖ ਪ੍ਰਾਂਤਾਂ ਦੇ ਮੁਲਾਜ਼ਮਾਂ ਦੇ ਹਾਲਾਤ, ਰਣਨੀਤੀ ਅਤੇ ਪ੍ਰਾਪਤੀਆਂ ਉਪਰ ਖੁੱਲ੍ਹ ਕੇ ਚਰਚਾ ਕਰਕੇ ਪੰਜਾਬ ਦੇ ਮੁਲਾਜ਼ਮਾਂ ਦੀ ਬਿਹਤਰੀ ਲਈ ਹੋਰ ਯਤਨ ਆਰੰਭੇ ਜਾਣਗੇ ।ਇਸ ਮੌਕੇ ਜਸਵੰਤ ਸਿੰਘ, ਬਲਵਿੰਦਰ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ, ਲਖਬੀਰ ਸਿੰਘ, ਹੈਪੀ, ਜਗੀਰ ਕੌਰ, ਮਨਜੀਤ ਕੌਰ, ਕਰਮੀ, ਪਾਸ਼ੋ, ਕਮਲਾ ਆਦਿ ਹਾਜ਼ਰ ਸਨ ।

## ਸ਼ਨਾਈਆ ਮਹਿਤਾ ਦੀ ਚੋਣ ਨੇ ਮੋਗਾ ਜ਼ਿਲ੍ਹੇ ਤੇ ਪੰਜਾਬ ਦਾ ਮਾਣ ਵਧਾਇਆ : ਵਿਜੇ ਧੀਰ



**ਮੋਗਾ, (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਬਾਘਾ ਪੁਰਾਣਾ ਕਸਬੇ ਦੇ ਖੱਤਰੀ ਕਬੀਲੇ ਦੇ ਮਹਿਤਾ ਪਰਿਵਾਰ ਦੀ ਹੋਣਹਾਰ ਧੀ ਸ਼ਨਾਈਆ ਮਹਿਤਾ ਦੀ ਨੈਸ਼ਨਲ ਸਕੂਲ ਗੇਮਜ਼ ਅੰਡਰ-19 ਕ੍ਰਿਕਟ ਟੀਮ ਲਈ ਚੋਣ ਨੇ ਖੱਤਰੀ ਭਾਈਚਾਰੇ, ਖਾਸ ਕਰਕੇ ਮੋਗਾ ਜ਼ਿਲ੍ਹੇ ਵਿੱਚ ਖੁਸ਼ੀ ਦੀ ਲਹਿਰ ਫੈਲਾਅ ਦਿੱਤੀ ਹੈ।ਖੱਤਰੀ ਸਭਾ ਦੇ ਚੇਅਰਮੈਨ ਐਡਵੋਕੇਟ ਵਿਜੇ ਧੀਰ ਨੇ ਕਿਹਾ ਕਿ ਸ਼ਨਾਈਆ ਮਹਿਤਾ ਦੀ ਨੈਸ਼ਨਲ ਸਕੂਲ ਗੇਮਜ਼ ਅੰਡਰ-19 ਕ੍ਰਿਕਟ ਟੀਮ ਲਈ ਚੋਣ ਨੇ ਮੋਗਾ ਜ਼ਿਲ੍ਹੇ, ਬਾਘਾ ਪੁਰਾਣਾ ਸ਼ਹਿਰ, ਖੱਤਰੀ ਭਾਈਚਾਰੇ ਤੇ ਪੂਰੇ ਪੰਜਾਬ ਦਾ ਮਾਣ ਵਧਾਇਆ ਹੈ।ਇਸ ਮੌਕੇ ਬੋਲਦਿਆਂ ਖੱਤਰੀ ਸਭਾ ਦੇ ਪ੍ਰਧਾਨ ਡਾ. ਐੱਮ. ਐੱਲ. ਜੈਦਕਾ ਨੇ ਕਿਹਾ ਕਿ ਖੱਤਰੀ ਭਾਈਚਾਰੇ ਨੂੰ ਨੈਸ਼ਨਲ ਗੇਮਜ਼ ਅੰਡਰ-19 ਕ੍ਰਿਕਟ ਟੀਮ ਲਈ ਸ਼ਨਾਈਆ ਮਹਿਤਾ ਦੀ ਚੋਣ 'ਤੇ ਮਾਣ ਹੈ।ਉਨ੍ਹਾਂ ਕਿਹਾ ਕਿ ਖੱਤਰੀ ਸਭਾ ਮੋਗਾ ਜਲਦੀ ਹੀ ਉਨ੍ਹਾਂ ਦੇ ਸਨਮਾਨ ਲਈ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਕਰੇਗੀ।ਇਸ ਮੌਕੇ ਖੱਤਰੀ ਮੈਰਿਜ ਬਿਊਰੋ ਦੇ ਕਨਵੀਨਰ ਸੁਸ਼ੀਲ ਸਿਆਲ, ਮੁੱਖ ਸਲਾਹਕਾਰ ਵਿਕਾਸ ਕਪੂਰ ਤੇ ਸ਼੍ਰੀ ਬ੍ਰਾਹਮਣ ਸਭਾ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ ਮੌਜੂਦ ਸਨ।

## ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਸਰਪੰਚਾਂ-ਪੰਚਾਂ ਦੀ ਹੋਈ ਅਹਿਮ ਇਕੱਤਰਤਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਜੀਠਾ ਵਿਚ ਆਮ ਆਦਮੀ ਪਾਰਟੀ ਦੀ ਰੈਲੀ ਨੂੰ ਸਫਲ ਬਣਾਉਣ ਲਈ ਅੱਜ ਹਲਕਾ ਮਜੀਠਾ ਦੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿਖੇ ਆਪ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਪਿੰਡਾਂ ਦੇ ਸਰਪੰਚਾਂ, ਪੰਚਾਂ ਤੇ ਅਹੁਦੇਦਾਰਾਂ ਨਾਲ ਇਕ ਅਹਿਮ ਇਕੱਤਰਤਾ ਕਰਕੇ ਰੈਲੀ ਨੂੰ ਕਾਮਯਾਬ ਬਣਾਉਣ ਲਈ ਵੱਖ-ਵੱਖ ਪਿੰਡਾਂ ਦੇ ਨੁਮਾਇੰਦਿਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਸਭ ਤੋਂ ਪਹਿਲਾਂ ਜ਼ਿਲਾ ਪ੍ਰੀਸ਼ਦ ਜ਼ੋਨ ਮੱਤੇਵਾਲ ਤਰਸਿਕਾ ਤੋਂ ਜੇਤੂ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਬੀ ਬਲਜੀਤ ਕੌਰ ਮੱਤੇਵਾਲ ਦੇ ਪਤੀ ਪਰਮਜੀਤ ਸਿੰਘ ਬਾਠ ਮੱਤੇਵਾਲ ਨੇ ਆਪਣੇ ਜ਼ੋਨ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਰੈਲੀ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰਨ ਦਾ ਅਹਿਦ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿਚ ਵਿਰੋਧੀ ਪਾਰਟੀ ਦੀਆਂ ਸਰਕਾਰ ਦੌਰਾਨ ਸੂਬੇ ਵਿਚ ਕੋਈ ਢੁਕਵਾਂ ਵਿਕਾਸ ਨਹੀਂ ਹੋਇਆ, ਜਦੋਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਦਾ ਕੋਈ ਵੀ ਵਿਕਾਸ ਦਾ ਕੰਮ ਅਧੂਰਾ ਨਹੀਂ ਰਹਿਣ ਦਿੱਤਾ ਅਤੇ ਰਹਿੰਦੇ ਬਾਕੀ ਦੇ ਕੰਮ ਜਲਦੀ ਨੇਪਰੇ ਚਾੜ੍ਹ ਦਿੱਤੇ ਜਾਣਗੇ। ਗਿੱਲ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿਚ ਸੂਬੇ ਦੀਆਂ ਰਵਾਇਤੀ ਪਾਰਟੀਆਂ ਨੇ ਸਿਰਫ ਲੁੱਟਿਆ ਅਤੇ ਕੁੱਟਿਆ ਹੈ ਜਿਸ ਨੂੰ ਸੰਵਾਰਨ ਵਾਸਤੇ ਥੋੜਾ ਸਮਾਂ ਤਾਂ ਲੱਗੇਗਾ ਪਰ ਸਰਕਾਰ ਪੂਰੀ ਇਮਾਨਦਾਰੀ ਨਾਲ ਆਪਣਾ ਕੰਮ ਕਰ ਰਹੀ ਹੈ ਜਿਸ ਵਿਚ ਸਰਕਾਰ ਕਾਫੀ ਹੱਦ ਤੱਕ ਲਈ ਸਰਕਾਰ ਸੱਚੇ ਦਿਲੋਂ ਕੰਮ ਕਰ ਰਹੀ ਹੈ ਜਿਸ ਦੇ ਤਹਿਤ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਕਰਕੇ ਆਪਣੀ ਮਨਸ਼ਾ ਦਰਸਾਇਆ ਹੈ ਕਿ ਸਰਕਾਰ ਪੰਜਾਬ ਵਿਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਕਿੰਨੀ ਸੁਹਿਰਦ ਹੈ।ਪੰਜਾਬ ਦੇ ਹਰੇਕ ਨਾਗਰਿਕ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਜਨਵਰੀ ਤੋਂ ਸ਼ੁਰੂਆਤ ਕੀਤੀ ਜਾ ਰਹੀ ਹੈ ਜਿਹੜੀ ਕਿ ਇਕ ਵੱਡਾ ਮੀਲ ਪੱਥਰ ਸਾਬਤ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਬਾਠ ਪੀਬੀਐੱਸ ਮੌਲ ਚੌਕ ਮਹਿਤਾ ਵਾਲੇ, ਬੀਬੀ ਬਲਜੀਤ ਕੌਰ ਮੈਂਬਰ ਜ਼ਿਲਾ ਪ੍ਰੀਸ਼ਦ, ਹੁਸਨਪ੍ਰੀਤ ਸਿੰਘ ਸਿਆਲਕਾ, ਮਨਦੀਪ ਸਿੰਘ ਤਨੇਲ, ਰਣਧੀਰ ਸਿੰਘ ਅਰਜਨ ਮਾਂਗਾ, ਬਲਵੰਤ ਸਿੰਘ ਘਨਸ਼ਾਮਪੁਰ, ਸਰਪੰਚ ਪ੍ਰੇਮ ਸਿੰਘ ਬਾਠ ਤਰਫਾਨ, ਗੁਰਬੀਰ ਸਿੰਘ ਮੱਤੇਵਾਲ ਮੈਂਬਰ ਬਲਾਕ ਸੰਮਤੀ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਬਲਜੀਤ ਸਿੰਘ ਸਰਾਂ, ਸੁਰਜੀਤ ਸਿੰਘ ਸਰਪੰਚ ਭੋਏਵਾਲ, ਗੁਰਮੇਲ ਸਿੰਘ ਅਠਵਾਲ, ਤਰਲੋਕ ਸਿੰਘ ਅਠਵਾਲ, ਲਖਵਿੰਦਰ ਸਿੰਘ ਨਾਥ ਦੀ ਖੂਹੀ, ਸਰਪੰਚ ਹਰਪਾਲ ਸਿੰਘ ਮੱਤੇਵਾਲ, ਤਰਸੇਮ ਸਿੰਘ ਗਿੱਲ, ਹਰਜੀਤ ਸਿੰਘ ਉਦੋਕੇ, ਜੋਗਾ ਸਿੰਘ ਉਦੋਕੇ ਖੁਰਦ, ਬਲਵਿੰਦਰ ਸਿੰਘ ਕਲੇਰ ਬਾਲਾ, ਮਨਜੀਤ ਸਿੰਘ ਟਾਹਲੀ ਸਾਹਿਬ, ਗੁਰਸੇਵਕ ਸਿੰਘ ਮੱਤੇਵਾਲ, ਨਿਸ਼ਾਨ ਸਿੰਘ ਅਰਜਨ ਮਾਂਗਾ, ਮੇਜਰ ਸਿੰਘ ਸਿਆਲਕਾ, ਜਸਪਾਲ ਸਿੰਘ ਬੱਠੂਚੱਕ, ਗੁਰਪ੍ਰਤਾਪ ਸਿੰਘ ਉਦੋਕੇ ਖੁਰਦ, ਜਸਵੀਰ ਸਿੰਘ ਬੱਲੋਵਾਲ, ਅਮਰਜੀਤ ਸਿੰਘ ਤਾਹਰਪੁਰ, ਮੇਜਰ ਸਿੰਘ ਬੁਲਾਰਾ ਸਮੇਤ ਵੱਡੀ ਗਿਣਤੀ ਵਿੱਚ ਆਪ ਦੇ ਆਗੂ ਤੇ ਵਰਕਰ ਸ਼ਾਮਿਲ ਸਨ।


## ਕਲਾਸੀਫਾਈਡ ਇਸ਼ਤਿਹਾਰ

### Change of Name

I, Jekab S/o Shamshil Masih R/o Vill. Nandanpur PO Nagra, Jalandhar, Pin Code 144013 , Punjab, have changed my name from Jekab to Jekab Thapar Given Name as Jekab and Surname as Thapar. Please Note.

I, Shamsheel Masih S/o Mukhtar Masih R/o Vill. Nandanpur PO Nagra, Jalandhar, Pin Code 144013 , Punjab, have changed my name/spelling from Shamsheel Masih to Shamshil Masih. Please Note.

I, Baljit Kaur W/o Kulwinder Singh, R/o Village Mala, PO. Talwandi Madho, Teh. Shahkot Malsian, Distt. Jalandhar have changed my name from Balwinder Kaur alias Baljit Kaur to Baljit Kaur.

I, Prince S/o Balwinder Kumar R/o VPo Ghurial Distt Jalandhar, Punjab-144106 have changed my name from Prince to Prince Rattu.

I Lakhwinder singh Bhatti S/o Jagsir Singh .Resident of Village Hardasa. zira. (Ferozepur). Declare That I want to change my Name Lakhwinder Singh.

I, Iqbal Singh s/o Jagdish Singh r/o Village Gill, Chamiara, Distt. Jalandhar declare that my Given name as Iqbal & Surname as Singh. All Please Note.

I, Balraj Singh s/o Paramjit Singh r/o VPO. Daduwal, Distt. Jalandhar declare that my Given name as Balraj & Surname as Singh. All Please Note.

I, Jatinderjit Singh S/o Gurbachan Singh R/o H.No. 1223, Urban Estate, Kapurthala, Punjab have changed my name to Jatinder Jit Singh Arora alias J.J.S Arora. All Please Note.

I, Kirandeep Kaur W/o Inderjit Kumar R/o Mahant Gurbachan Dass Nagar, VPO. Pharala, Distt. SBS Nagar, Punjab have changed my name to Given name as Kirandeep and Surname as Kaur. All Please Note.I, Sukhbir D/o Surinder Singh R/o VPO. Kalyanpur, Distt.Jalandhar, Punjab have changed my name from Sukhbir to Sukhbir Kaur.(Kaur as Surname). All please note.

I Kulvir Singh S/O Amrik Singh R/I Vill. Chahal Khurd, Po. Kamam, Tehsil. Banga, S.b.s Nagar, Punjab Have Changed My Name From Kulvir Singh To Kulbir Singh. All Please Note.

### ਬੇਦਖਲੀ ਨੋਟਿਸ

ਅਸੀਂ ਜਸਬੀਰ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਗੁਰਦੀਪ ਕੌਰ ਪਤਨੀ ਜਸਬੀਰ ਸਿੰਘ ਮਕਾਨ ਨੰਬਰ 08/398 ਦਰਦੀ ਕਲੋਨੀ ਸਮਾਣਾ ਤਹਿਸੀਲ ਸਮਾਣਾ ਜਿਲਾ ਪਟਿਆਲਾ, ਪੰਜਾਬ, ਇੰਡੀਆ ਹਾਲ ਆਬਾਦ Avenida Vicente Blasco Ibanez Numero 18 Puerta 08 Cadigo 46920 Mislata Valencia Spain ਆਪਣੇ ਲੜਕੇ ਮਹਿਕਦੀਪ ਸਿੰਘ ਉਸਦੀ ਪਤਨੀ (ਨੂੰਹ) ਕਰਨਦੀਪ ਕੌਰ ਅਤੇ ਉਹਨਾਂ ਦੇ ਲੜਕੇ (ਪੋਤਰੇ) ਜੋਰਾਵਰ ਸਿੰਘ ਨੂੰ ਆਪਣੀ ਇੰਡੀਆ ਅਤੇ ਸਪੇਨ ਵਾਲੀ ਤਮਾਮ ਚੱਲ - ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ, ਉਹ ਆਪਣੇ ਚੰਗੇ ਮਾੜੇ ਦੇ ਉਹ ਖੁੱਦ ਜਿਮੇਵਾਰ ਹੋਣਗੇ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਵੀ ਖੁਦ ਜਿਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈ ਅਮਰਜੀਤ ਕੌਰ ਪਤਨੀ ਜਗਰਾਜ ਸਿੰਘ ਵਾਸੀ ਵਾਰਡ ਨੰਬਰ 17 ਗਾਰਡਨ ਕਲੋਨੀ ਪੱਟੀ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ । ਮੇਰਾ ਲੜਕਾ ਰਣਜੀਤ ਸਿੰਘ ਤੇ ਇਸਦੀ ਪਤਨੀ ਜਸਪ੍ਰੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ । ਆਪਣੇ ਲੜਕੇ ਤੇ ਨੂੰਹ ਦੋਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾ।ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ, ਏਂਥੋਨੀ ਪੁੱਤਰ ਸੈਮੁਏਲ ਵਾਸੀ ਮਕਾਨ ਨੰ: ਐੱਫ 21/67, ਵਾਰਡ ਨੰ: 13, ਮਜੀਠਾ ਰੋਡ ਨਿਊ ਨਹਿਰੂ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਮੀਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਆਮ ਸੂਚਨਾ

ਮੈਂ, ਕਮਲੇਸ਼ ਪੁਰੀ ਪੁੱਤਰ ਸ਼ਾਮ ਲਾਲ, ਵਾਸੀ ਪਿੰਡ ਤੇ ਡਾਕ. ਬੱਸੀ ਜਲਾਲ, ਡਾਕ. ਟਾਂਡਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪਿੰਡ ਬਸੀ ਜਲਾਲ ਖਾਂ ਦੀ ਜਮ੍ਹਾਂਬੰਦੀ ਵਿਚ ਮੇਰਾ ਨਾਂਅ ਕਮਲੇਸ਼ ਕੁਮਾਰ ਪੁੱਤਰ ਸ਼ਾਮ ਲਾਲ ਲਿਖਿਆ ਹੈ। ਮੈਨੂੰ ਕਮਲੇਸ਼ ਪੁਰੀ ਅਤੇ ਕਮਲੇਸ਼ ਕੁਮਾਰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਮੇਰੇ ਇਕ ਹੀ ਵਿਅਕਤੀ ਦੇ ਨਾਂਅ ਹਨ।

### ਨਾਂਅ ਦੀ ਬਦਲੀ

ਮੈਂ, Kamaljeet Kour ਪਤਨੀਂ ਕੁਲਵੀਰ ਸਿੰਘ, ਪਿੰਡ ਕਹੇਰੂ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Kamaljeet Kaur ਰੱਖ ਲਿਆ ਹੈ।

### PUBLIC NOTICE

I, Parmjit Kaur W/o Jagtar Singh R/o Village Rayya, Tehsil Baba Bakala Sahib, Distt. Amritsar declare that I am Known by these name i.e. Parmjit Kaur and Paramjit Kaur. Parmjit Kaur and Paramjit Kaur. both of the name are of one person. Please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਗੁਰਦਾਸਪੁਰ, (ਜਨਕ ਮਹਾਜਨ)**-ਟ੍ਰੈਫਿਕ ਪੁਲਸ ਵੱਲੋਂ ਵਧੀਕ ਡਾਇਰੈਕਟਰ ਪੁਲਸ ਪੰਜਾਬ ਚੰਡੀਗੜ੍ਹ ਤੇ ਐੱਸਐੱਸਪੀ ਆਦਿੱਤਿਆ ਦੇ ਨਿਰਦੇਸ਼ ਅਨੁਸਾਰ ਸੜਕ ਸੁਰੱਖਿਆ ਅਭਿਆਨ ਮਹੀਨੇ ਸਬੰਧੀ ਵੱਖ-ਵੱਖ ਜਗ੍ਹਾ ਉਪਰ ਸੈਮੀਨਾਰ ਲਗਾ ਕੇ ਆਮ ਪਬਲਿਕ ਨੂੰ ਤੇ ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਏਐੱਸਆਈ ਅਮਨਦੀਪ ਸਿੰਘ ਨੇ ਦੱਸਿਆ ਕਿ ਸੈਮੀਨਾਰ ਦੌਰਾਨ ਸੀਟ ਬੈਲਟ, ਹੈਲਮਟ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਡਰਾਈਵਿੰਗ ਕਰਦੇ ਸਮੇਂ ਮੋਬਾਈਲ ਫ਼ੋਨ ਦੀ ਵਰਤੋਂ ਨਾਲ ਹੋਣ ਵਾਲੀਆਂ ਦੁਰਘਟਨਾਵਾਂ ਬਾਰੇ ਜਾਗਰੂਕ ਕੀਤਾ ਗਿਆ।ਹੈਲਪ ਲਾਈਨ ਨੰਬਰ 112, 1033, 1930 ਬਾਰੇ ਵੀ ਜਾਣਕਾਰੀ ਦਿੱਤੀ ਗਈ।ਸੈਮੀਨਾਰ ਵਿੱਚ ਪਵਨ ਕੁਮਾਰ, ਰਾਮ ਲਾਲ, ਜਗਤਾਰ ਸਿੰਘ ਆਦਿ ਨੇ ਹਿੱਸਾ ਲਿਆ।


### Public Notice

I, Anil Khanna S/o Ravinder Khanna R/o H.No. 1161, Sant Nagar, Ladowali Road, Jalandhar, City Affirming That I have lost sale deed no. 8346, Dated 26-10-1996, I have lost an complaint dated 7/01/2026 and second deed no. 5461, Dated at 18/11/2011 I Have lost an complaint dated 7/01/2026 Police Station New Baradari, Jalandhar, though if anyone find the same, kinldy return me on above address.

## ਹਾਲ ਦੇ ਨਿਰਮਾਣ ਲਈ ਰੱਖਿਆ ਨੀਂਹ ਪੱਥਰ

ਭਲਾਣ (ਹਰਭਜਨ ਢਿੱਲੋਂ)- ਸ਼ਿਵ ਆਸ਼ਰਮ ਮੌਜੋਵਾਲ ਦੇ ਸੰਚਾਲਕ 1008 ਸਵ. ਗਿਆਨ ਗਿਰੀ ਜੀ ਮਹਾਰਾਜ ਦੀ ਬਰਸੀ ਮੌਕੇ ਸ਼ਿਵ ਆਸ਼ਰਮ ਮੌਜੋਵਾਲ ਵਿਖੇ ਸਵਾਮੀ ਮੁਲਖ ਰਾਜ ਦੀ ਮੌਜੂਦਗੀ ਵਿਚ ਪ੍ਰਾਚੀਨ 64 ਯੋਗਿਨੀ



ਪੀਠ ਧਿਆਨ ਸ਼ਾਲਾ ਅਤੇ 11 ਫੁੱਟ ਉੱਚੇ ਸ਼ਿਵਲਿੰਗ ਲਈ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਮੰਦਰ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਪ੍ਰਾਚੀਨ '64 ਯੋਗਿਨੀ' ਮੰਦਰ ਦੀ ਆਰਕੀਟੈਕਚਰ ਤੋਂ ਪ੍ਰੇਰਿਤ ਇੱਕ ਵਿਲੱਖਣ ਗੋਲਾਕਾਰ ਗੁੰਬਦ ਵਾਲਾ ਧਿਆਨ ਕੇਂਦਰ ਹੈ। ਇਸ ਮੌਕੇ ਉਦਘਾਟਨ ਸਮਾਰੋਹ ਵਿੱਚ ਬਨਵੀਰ ਸਿੰਘ ਖੇਤਰ ਪ੍ਰਚਾਰਕ ਮੁਖੀ ਆਰ ਐੱਸ ਐੱਸ ਉੱਤਰੀ ਖੇਤਰ, ਆਸ਼ੂਤੋਸ਼ ਲਖਨਪਾਲ ਰੁਪੇਸ਼ ਆਲ ਇੰਡੀਆ ਕਾਰਜਕਾਰੀ ਮੈਂਬਰ ਆਰ ਐੱਸ ਐੱਸ ਪਹਿਲਾਂ ਜੰਮੂ ਅਤੇ ਕਸ਼ਮੀਰ ਦੇ ਪ੍ਰਾਂਤਕ ਪ੍ਰਚਾਰਕ ਆਦਿ ਨੇ ਨੀਂਹ ਪੱਥਰ ਰੱਖਿਆ। ਉਨਾਂ ਦਸਿਆ ਕਿ ਇਹ ਧਿਆਨ ਹਾਲ ਭਾਰਤੀ ਆਰਕੀਟੈਕਚਰ ਅਤੇ 'ਸਾਧਨਾ ਵਿਗਿਆਨ' ਦੀ ਇੱਕ ਸ਼ਾਨਦਾਰ ਉਦਾਹਰਣ ਹੋਵੇਗਾ। ਉਹਨਾਂ ਦੱਸਿਆ ਕਿ ਪੂਰੀ ਖੋਜ ਦੇ ਆਧਾਰ 'ਤੇ 64 ਯੋਗਿਨੀ ਅਤੇ ਧਿਆਨ ਕਮਰੇ ਗੁੰਬਦ ਦੇ ਬਾਹਰ 64 ਯੋਗਿਨੀਆਂ ਦੀਆਂ ਬ੍ਰਹਮ ਮੂਰਤੀਆਂ ਸਥਾਪਿਤ ਕੀਤੀਆਂ ਜਾਣਗੀਆਂ, ਜਦੋਂ ਕਿ ਅੰਦਰ 64 ਵਿਸ਼ੇਸ਼ ਧਿਆਨ ਕਮਰੇ ਬਣਾਏ ਜਾਣਗੇ। ਜਿੱਥੇ ਸਾਧਕ ਯੋਗ ਅਤੇ ਸਵੈ-ਪ੍ਰਤੀਬਿੰਬ ਲਈ ਇਕਾਂਤ ਵਿੱਚ ਬੈਠ ਸਕਦੇ ਹਨ। ਉਨਾਂ ਇਹ ਵੀ ਦੱਸਿਆ ਕਿ ਧਿਆਨ ਹਾਲ ਦੇ ਕੇਂਦਰ ਵਿੱਚ ਇੱਕ ਸ਼ਾਨਦਾਰ 11 ਫੁੱਟ ਦਾ ਸ਼ਿਵਲਿੰਗ ਪਵਿੱਤਰ ਕੀਤਾ ਜਾਵੇਗਾ, ਜੋ ਊਰਜਾ ਦੇ ਮੁੱਖ ਸਰੋਤ ਵਜੋਂ ਕੰਮ ਕਰੇਗਾ। ਇਸ ਮੌਕੇ ਸ੍ਰੀ ਸ੍ਰੀ 1008 ਸਵਾਮੀ ਮੁਲਖਰਾਜ ਗਿਰੀ ਨੇ ਦੱਸਿਆ ਕਿ ਗੋਲਾਕਾਰ ਗੁੰਬਦ ਦੇ ਅੰਦਰ ਧੁਨੀ ਅਤੇ ਅਧਿਆਤਮਿਕ ਊਰਜਾ ਦਾ ਪ੍ਰਵਾਹ ਕਈ ਗੁਣਾ ਵੱਧ ਜਾਂਦਾ ਹੈ, ਜੋ ਧਿਆਨ ਅਤੇ ਗਿਆਨ ਵਿੱਚ ਸਹਾਇਤਾ ਕਰਦਾ ਹੈ। ਉਨਾਂ ਦਸਿਆ ਕਿ ਇਹ ਧਿਆਨ ਹਾਲ ਦੇਸ਼ ਭਰ ਵਿੱਚ ਗੁਆਚੀ ਹੋਈ ਯੋਗਿਕ ਅਤੇ ਗਿਆਨ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ। ਇਹ ਕੇਂਦਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਾਰਤ ਦੀ ਸ਼ਾਨਦਾਰ ਵਿਰਾਸਤ, ਵਿਗਿਆਨ ਅਤੇ ਧਿਆਨ ਨਾਲ ਜੋੜਨ ਲਈ ਕੰਮ ਕਰੇਗਾ। ਇਸ ਮੌਕੇ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ, ਪ੍ਰਧਾਨ ਗੌਰਵ ਐਰੀ, ਦੀਪਕ ਕੁਮਾਰ ਹੈਪੀ, ਸਾਬਕਾ ਕੌਂਸਲਰ ਡਾ. ਰਜਿੰਦਰ ਕੁਮਾਰ, ਰਾਜੇਸ਼ ਕੁਮਾਰ ਭੁੱਖੜ, ਅਸ਼ੋਕ ਕੁਮਾਰ ਸੁਆਮੀਪੁਰ, ਸ਼ਿਵ ਕੁਮਾਰ, ਐਡਵੋਕੇਟ ਅਸ਼ੋਕ ਮਨੋਚਾ, ਰਾਕੇਸ਼ ਪੰਮੀ, ਰਾਜ ਕੁਮਾਰ, ਸੋਹਣ ਲਾਲ ਆਦਿ ਅਤੇ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਹਾਜ਼ਰ ਸਨ।

## ਚਾਈਨਾ ਡੋਰ ਦੀ ਵਿਕਰੀ 'ਤੇ ਪੂਰਨ ਪਾਬੰਦੀ ਲੱਗੇ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਪੁਰੀਆ)- ਸਰਦੀ ਦੇ ਮੌਸਮ ਨੂੰ ਦੇਖਦਿਆਂ ਸਰਕਾਰੀ ਤੇ ਗ਼ੈਰ ਸਰਕਾਰੀ ਸਕੂਲਾਂ 'ਚ ਛੁੱਟੀਆਂ ਹੋਣ ਤੋਂ ਬਾਅਦ ਘਰਾਂ 'ਚ ਬੈਠੇ ਵਿਦਿਆਰਥੀਆਂ ਵੱਲੋਂ ਪਤੰਗਬਾਜ਼ੀ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਜਿਸ ਕਾਰਨ ਇਲਾਕੇ 'ਚ ਚਾਈਨਾ ਡੋਰ ਦੀ ਡਿਮਾਂਡ ਵੀ ਵਧਦੀ ਜਾ ਰਹੀ ਹੈ। ਇਸ ਦੀ ਰੋਕਥਾਮ ਲਈ ਆਪ ਸਰਕਾਰ ਵੱਲੋਂ ਸਮੇਂ ਸਿਰ ਦਿਸ਼ਾ ਨਿਰਦੇਸ਼ਾਂ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿਚ ਚਾਈਨਾ ਡੋਰ ਦੀ ਵਿਕਰੀ ਦੇ ਪੂਰਨ ਤਰ੍ਹਾਂ ਪਾਬੰਦੀ ਲਾਈ ਜਾ ਸਕੇ। ਸ਼ਹਿਰਾਂ ਤੇ ਪਿੰਡਾਂ 'ਚ ਪਤੰਗਾਂ ਦੇ ਨਾਲ ਨਾਲ ਕਰਿਆਨੇ ਦੀਆਂ ਦੁਕਾਨਾਂ 'ਚ ਇਸ ਵਾਰ ਵੀ ਖੂਨੀ ਡੋਰ ਦੀ ਸੇਲ ਚੋਰੀ ਛਪੇ ਹੋਣ ਦੀ ਸੰਭਾਵਨਾ ਵਧਦੀ ਜਾ ਰਹੀ ਹੈ। ਲੋਕਾਂ ਦੀ ਮੰਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਦੀ ਰੋਕਥਾਮ ਲਈ ਸਪੈਸ਼ਲ ਟੀਮਾਂ ਦਾ ਗਠਨ ਕਰ ਕੇ ਇਸ ਦੀ ਰੋਕਥਾਮ ਦੇ ਯੋਗ ਉਪਰਾਲੇ ਕਰੇ। ਬਰਜਿੰਦਰ ਸਿੰਘ ਹੁਸੈਨਪੁਰ ਨੇ ਕਿਹਾ ਕਿ ਚਾਈਨਾ ਡੋਰ ਬਿਜਲੀ ਦੀਆਂ ਤਾਰਾਂ 'ਤੇ ਸਿੱਧੀ ਡਿੱਗਣ ਕਾਰਨ ਸ਼ਾਰਟ ਸਰਕਿਟ ਜਾਂ ਪਤੰਗ ਉਡਾਉਣ ਵਾਲੇ ਦੀ ਜਾਨ ਜਾਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਚਾਈਨਾ ਡੋਰ ਸੰਥੈਟਿਕ, ਪਲਾਸਟਿਕ ਦੀ ਬਣੀ ਡੋਰ ਕਾਫੀ ਮਜ਼ਬੂਤ ਹੁੰਦੀ ਹੈ। ਜਿਸ ਨਾਲ ਪਤੰਗ ਉਡਾਉਣ ਵਾਲਿਆਂ ਦੇ ਹੱਥ ਤੇ ਉਂਗਲਾਂ ਕੱਟਣ, ਸਾਈਕਲ ਤੇ ਸਕੂਟਰ, ਮੋਟਰ ਸਾਈਕਲ ਚਾਲਕਾਂ ਦੇ ਗਲ ਤੇ ਕੰਨ ਕੱਟਣ ਦੀਆਂ ਘਟਨਾਵਾਂ ਵਾਪਰਦੀਆਂ ਹਨ।ਗੁਰਜਿੰਦਰ ਸਿੰਘ ਦੌਲਤਪੁਰ ਦਾ ਕਹਿਣਾ ਹੈ ਕਿ ਪੰਛੀਆਂ ਦੇ ਇਸ ਦੀ ਲਪੇਟ 'ਚ ਆਉਣ ਕਾਰਨ ਜਾਨ ਤੱਕ ਚਲੀ ਜਾਂਦੀ ਹੈ। ਵਿਜੇ ਕੁਮਾਰ ਗਰੋਅ ਅਪ ਕੰਪਨੀ ਦੇ ਮਾਲਕ ਕਹਿਣਾ ਹੈ ਕਿ ਜ਼ਿਲ੍ਹੇ 'ਚ ਪੁਲਸ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ ਵੈਲਕਮ ਹੋਟਲ ਦੇ ਮਾਲਕ ਮਨਜਿੰਦਰ ਸਿੰਘ ਵਾਲੀਆ ਦਾ ਕਹਿਣਾ ਹੈ ਕਿ ਚਾਈਨਾ ਡੋਰ ਦਾ ਧੰਦਾ ਸਮਾਜ ਲਈ ਕੋਹੜ ਹੈ। ਇਸ ਨੂੰ ਖਤਮ ਕਰਨ ਲਈ ਪੁਲਸ ਪ੍ਰਸ਼ਾਸਨ ਨੂੰ ਸਖ਼ਤੀ ਵਰਤਣੀ ਚਾਹੀਦੀ ਹੈ।

## ਭੋਗ 'ਤੇ ਵਿਸ਼ੇਸ਼ — ਕਦੇ ਵਿਦਾ ਨਾ ਹੋਣ ਵਾਲੀ ਸੁਰਜੀਤ ਬੈਂਸ

ਸੁਪ੍ਰਸਿੱਧ ਕਵਿੱਤਰੀ, ਕਹਾਣੀਕਾਰ ਤੇ ਵਾਰਤਕ ਲੇਖਕਾ ਸੁਰਜੀਤ ਕੌਰ ਬੈਂਸ ਦੇ 5 ਜਨਵਰੀ ਨੂੰ ਦਿਹਾਂਤ ਨੇ ਪੰਜਾਬੀ ਸਾਹਿਤ ਜਗਤ ਨੂੰ ਹਿਲਾ ਕੇ ਰੱਖ ਦਿਤਾ ਹੈ। ਉਹ ਪੰਜਾਬੀ ਜਗਤ ਨੂੰ 'ਇਕ ਰਾਤ ਜਾਗਦੀ ਏ' (1969), 'ਰੀਝਾਂ ਤੇ ਕੂੰਜਾਂ' (2006), 'ਸੁਨੈਣਾ' (2008), 'ਰੇਸ਼ਮੀ ਕੁੜੀ' (2014), 'ਸੁਣ ਸੁਰਜੀਤ' (2018), 'ਮੈਂ ਤੇ ਮੇਰੇ' (2024) ਪੁਸਤਕਾਂ ਦੇ ਚੁਕੀ ਹੈ ਅਤੇ ਆਪਣੀਆਂ ਅੱਖਾਂ ਸਦਾ ਲਈ ਬੰਦ ਕਰਨ ਤੋਂ ਪਹਿਲਾਂ ਉਹ ਆਪਣੀ ਅੰਤਮ ਕਾਵਿ ਪੁਸਤਕ 'ਮੈਂ ਵਿਦਾ ਨਹੀਓਂ ਹੋਣਾ' (ਜਨਵਰੀ 2026) ਦੇ ਖਰੜੇ ਨੂੰ ਅੰਤਮ ਛੋਹਾਂ ਦੇ ਚੁੱਕੀ ਸੀ ਜਿਸ ਦਾ ਲੋਕ ਅਰਪਣ ਉਸ ਨੇ ਆਪਣੇ ਜਨਮ ਦਿਨ 31 ਜਨਵਰੀ (ਜਦੋਂ ਉਸਨੇ 86 ਸਾਲ ਪੂਰੇ ਕਰ ਲੈਣੇ ਸਨ) ਲਈ ਵਿਉਂਤਿਆ ਸੀ, ਪੀਪਲਜ਼ ਕਨਵੈਂਸ਼ਨ ਸੈਂਟਰ ਵਿਚ ਇਸ ਇੱਛਿਾ ਨੂੰ ਅਸੀਂ ਲਾਜ਼ਮੀ ਪੂਰੀ ਕਰਾਂਗੇ। 'ਸੁਰਜੀਤ ਕੁਰੇ ਤੂੰ ਕਿਉਂ ਮਰਨਾ' ਲਿਖਦੀ ਸੁਰਜੀਤ ਬੈਂਸ ਹੋਣੀ ਨੂੰ, ਰੱਬ ਨੂੰ ਹੀ ਚੁਣੌਤੀ ਦਿੰਦੀ ਰਹੀ ਹੈ,



ਡਾ. ਸੁਖਦੇਵ ਸਿਰਸਾ ਦੇ ਸ਼ਬਦਾਂ ਵਿਚ ਰੱਬ ਦੀ ਰਕੀਬ ਬਣ ਗਈ। ਉਹ ਆਪਣੇ ਬਚਪਨ ਨੂੰ, ਜੁਆਨੀ ਨੂੰ, ਮੋਹ ਨੂੰ, ਦੋਸਤੀ ਨੂੰ, ਕਵਿਤਾ ਨੂੰ ਕਦੇ ਵਿਦਾ ਨਹੀਂ ਹੋਣ ਦਿੰਦੀ ਜਾਂ ਇਨ੍ਹਾਂ ਤੋਂ ਕਦੇ ਵਿਦਾ ਨਹੀਂ ਲੈਂਦੀ। 2092 ਫੇਜ਼ 10 ਮੋਹਾਲੀ ਵਿਚ ਉਸ ਵੱਲੋਂ ਆਯੋਜਿਤ ਮਹੀਨਾਵਾਰ ਸਾਹਿਤਕ ਮਹਿਫਲਾਂ ਵਿਚ ਉਹ ਵਿਆਂਦੜ ਕੁੜੀ ਵਾਂਗ ਵਿਚਰਦੀ ਰਹੀ ਹੈ (ਚਾਹੇ ਕੁਰਸੀ ਦੀ ਡੋਲੀ ਵਿਚ ਘੁੰਡੀ ਫੜਕੇ ਬੈਠੀ ਹੋਵੇ) ਅਤੇ ਸਾਹਿਤਕ ਜਾਂਜੀਆਂ ਦੀ ਟਹਿਲ ਸੇਵਾ ਦਾ ਧਿਆਨ ਰਖਦੀ ਸੀ। ਉਹ ਕਦੇ ਕਿਸੇ ਨੂੰ ਵਿਦਾ ਕਰਨਾ ਹੀ ਨਹੀਂ ਸੀ ਚਾਹੁੰਦੀ। ਉਹ ਤਾਂ ਸਦਾ ਮਹਿਮਾਨ ਪਿਆਰਿਆਂ ਨੂੰ ਉਡੀਕਦੀ ਰਹਿੰਦੀ— ਉਡੀਕਵਾਨ ਕਲਮ ਬਣਕੇ। ਇਨ੍ਹਾਂ ਨਾਲ ਮੋਹ ਦੀਆਂ ਤੰਦਾਂ ਵਿਚ ਬੁਣੀ ਹੋਈ ਕਵਿਤਾ ਵਾਂਗ ਜਿਉਂਦੀ। ਉਮਰ ਦੀ ਪੌੜੀ ਦੇ 86 ਵੇਂ ਡੰਡੇ ਤੇ ਧੜਕਦੀ ਉਹ ਚਿਹਰੇ ਦੀਆਂ ਝੁਰੜੀਆਂ ਲੂੰਨੂੰ ਉਡੀਕ ਦੀਆਂ ਕੰਧਾਂ ਤੇ ਵਾਹੀਆਂ ਲੀਕਾਂ ਬਣਾ ਦਿੰਦੀ— ਜਿਸਮ ਤੇ ਝੁਰੀਆਂ ਨੇ, ਤੇਰੀ ਆਰਜ਼ੂ ਦੀਆਂ ਔਸੀਆਂ। ਉਹਦਾ ਆਪੇ ਉਤੇ ਭਰੋਸਾ ਦੇਖੋ-ਬੇੜੀ ਨੂੰ ਜੇ ਪੱਤਣ ਦੀ ਆਸ ਨਹੀਂ, ਅਸਾਂ ਵੀ ਕੀਤੀ ਰੱਬ ਅਗੇ ਅਰਦਾਸ ਨਹੀਂ। ਉਸ ਨੂੰ ਮਾਣ ਹੈ ਕਿ ਉਹ ਕਿਸਮਤ ਆਪ ਲਿਖ ਸਕਦੀ ਹੈ। ਉਹ ਰੱਬ ਨੂੰ ਰਾਂਝਣ ਬਣਾਉਣ ਦਾ ਜੇਰਾ ਰਖਦੀ ਹੈ।

ਬੇਸ਼ੱਕ, ਮੁੱਖ ਤੌਰ ਤੇ ਉਹ ਪਿਆਰ ਦੀ ਕਵਿਤਾ ਹੈ ਪਰ ਉਹ ਸਮੇਂ ਦੀਆਂ ਹਾਲਤਾਂ ਨੂੰ ਵੀ ਸਮਝਦੀ ਤੇ ਵੰਗਾਰਦੀ ਹੈ। ਮਨੁੱਖੀ ਚੇਤਨਾ ਤੇ ਏਕਤਾ ਤੇ ਸੰਘਰਸ਼ ਦਾ ਵੀ ਹੋਕਾ ਦਿੰਦੀ ਹੈ: ਮੇਰੇ ਵਰਗਿਓ ਜਾਗੋ ਹੰਭਲਾ ਮਾਰੋ ਹੁਣ, ਮਰਨ ਤੋਂ ਪਹਿਲਾਂ ਕੁੱਝ ਨਾ ਕੁੱਝ ਸੰਵਾਰੋ ਹੁਣ। ਇਸ ਧਰਤੀ ਤੇ ਫੇਰ ਹੰਗਾਮਾ ਹੋਣਾ ਏ ਨਾਲ ਸੰਘਰਸ਼ਾਂ ਆਪਣਾ ਹੱਕ ਵੀ ਖੋਹਣਾ ਏ, ਭੁੱਖੇ ਮਰਨ ਦੇ ਨਾਲੋਂ ਚੰਗਾ, ਆ ਕਰੀਏ ਅੱਜ ਕੋਈ ਦੰਗਾ-ਉਸ ਦੀ ਕਲਮ ਪਿਆਰ ਲਈ ਦੰਗਾ (ਹੰਭਲਾ), ਬੇਈਮਾਨੀ, ਭ੍ਰਿਸ਼ਟਾਚਾਰ, ਸਮਾਜਿਕ ਅਨਿਆਂ, ਫਿਰਕੂ ਨਫਰਤ, ਵਿਰੁੱਧ ਦੰਗਾ ਅਰਥਾਤ ਸਾਂਝਾ ਸੰਗਰਾਮ ਕਰਨ ਦਾ ਹੋਕਾ ਦਿੰਦੀ ਹੈ। ਗੱਲਾਂ ਕਰ ਕਰ ਗੱਲ ਨਹੀਂ ਬਣਨੀ, ਕੁੱਝ ਕਰ ਗੁਜ਼ਰਨ ਦੀ ਲੋੜ ਹੈ। ਸੁਰਜੀਤ ਨੂੰ ਕੌਣ ਵਿਦਾ ਕਰ ਸਕਦਾ ਹੈ, ਉਹ ਤਾਂ ਵਿਦਾ ਹੋ ਕੇ ਵਿਦਾ ਨਹੀਂ ਹੋਵੇਗੀ, ਤੇ ਖੁੰਡੀ ਖੜਕਾ ਕੇ ਗੜ੍ਹਕਦੀ ਆਵਾਜ਼ ਉਚੀ ਕਰੇਗੀ-ਮੈਂ ਵਿਦਾ ਨਹੀਓਂ ਹੋਣਾ। 8 ਜਨਵਰੀ ਨੂੰ ਜਦੋਂ ਉਸ ਨੂੰ ਘਰੋਂ ਸ਼ਮਸ਼ਾਨ ਘਾਟ ਵੱਲ ਲੈ ਕੇ ਜਾਣਾ ਸੀ, ਪਹਿਲਾਂ ਉਸਦੇ ਆਸੇ ਪਾਸੇ ਬੈਠਕੇ ਉਸ ਦੀਆਂ ਸਖੀਆਂ ਸਹੇਲੀਆਂ ਨੇ ਸੁਰਜੀਤ ਦੀ ਕਲਮ ਤੇ ਸ਼ਖ਼ਸੀਅਤ ਵਾਂਗ ਗੀਤ ਗਾਏ। 12 ਜਨਵਰੀ ਨੂੰ ਦੁਪਹਿਰੇ 12 ਵਜੇ ਤੋਂ 1.30 ਵਜੇ ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 65, ਫੇਜ਼ 11, ਮੋਹਾਲੀ ਵਿਖੇ ਉਹਨਾਂ ਦੇ ਨਮਿੱਤ ਪਾਠ ਦੇ ਭੋਗ, ਅੰਤਮ ਅਰਦਾਸ ਅਤੇ ਸ਼ਬਦ ਕੀਰਤਨ ਅਯੋਜਿਤ ਕੀਤੇ ਜਾਣਗੇ।

-ਗੁਰਨਾਮ ਕੰਵਰ
98142-13317

## ਮਿਡ ਡੇ ਮਿਲ ਯੂਨੀਅਨ ਦੇ ਆਗੂ ਸ਼ੋਭਿਤ ਭਗਤ ਨੂੰ ਨਜ਼ਰਬੰਦ ਕਰਨਾ ਮੰਦਭਾਗਾ : ਰਾਜਿੰਦਰ ਸੰਧਾ

ਜਲੰਧਰ (ਰਾਜੇਸ਼ ਥਾਪਾ)- ਜਲੰਧਰ ਵਿਖੇ ਨਵਨਿਯੁਕਤ ਪੁਲਸ ਮੁਲਾਜ਼ਮਾਂ ਨੂੰ ਆਰਡਰ ਦੇਣ ਦੇ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਪੁੱਜੇ ਮੁੱਖ ਮੰਤਰੀ ਨੇ ਦਫ਼ਤਰੀ ਮੁਲਾਜ਼ਮ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸ਼ੋਭਿਤ ਭਗਤ ਨੂੰ ਉਨ੍ਹਾਂ ਦੇ ਘਰ ਵਿੱਚ ਨਜ਼ਰਬੰਦ ਕੀਤਾ ਗਿਆ। ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਕੁਲਦੀਪ



ਸਿੰਘ,ਪ੍ਰਵੀਨ ਸ਼ਰਮਾ, ਰਾਜਿੰਦਰ ਸੰਧਾ, ਜਗਮੋਹਨ ਸਿੰਘ ਨੇ ਕਿਹਾ ਕਿ ਮੁਲਾਜ਼ਮ ਆਗੂਆ ਨੂੰ ਘਰਾਂ ਅਤੇ ਦਫਤਰਾਂ ਵਿਚ ਨਜ਼ਰਬੰਦ ਕੀਤਾ ਜਾ ਰਿਹਾ ਹੈ ਜੋ ਕਿ ਲੋਕਤੰਤਰ ਦੀ ਹੱਤਿਆ ਹੈ। ਆਗੂਆ ਨੇ ਕਿਹਾ ਕਿ ਸਾਡੇ ਪਰਵਾਰਾਂ 'ਚ ਡਰ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਦਫ਼ਤਰੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਨੋਟੀਫ਼ਿਕੇਸ਼ਨ ਕਰਨ ਦੇ ਤਿੰਨ ਮਹੀਨੇ ਬੀਤਣ ਤੇ ਵੀ ਮੁਲਾਜ਼ਮਾਂ ਨੂੰ ਆਰਡਰ ਨਹੀਂ ਦਿੱਤੇ ਜਾ ਰਹੇ। ਇਸ ਲਈ ਮੁਲਾਜ਼ਮ ਆਗੂ ਮੁੱਖ ਮੰਤਰੀ ਮਿਲ ਕੇ ਸਵਾਲ ਕਰਨਾ ਚਾਹੁੰਦੇ ਸਨ ਕਿ ਕੈਬਨਿਟ ਵੱਲੋਂ ਪ੍ਰਵਾਨਗੀ ਦੇ ਬਾਵਜੂਦ ਆਰਡਰ ਕਿਉਂ ਨਹੀਂ ਦਿੱਤੇ ਜਾ ਰਹੇ ਹਨ। ਆਗੂਆ ਨੇ ਐਲਾਨ ਕੀਤਾ ਕਿ ਮੰਗਾਂ ਮੰਨਣ ਦੀ ਬਜਾਏ ਦਫਤਰੀ ਮੁਲਾਜ਼ਮਾਂ ਦੇ ਘਰਾਂ ਵਿਚ ਪੁਲਸ ਭੇਜਣ ਦੀ ਸਰਕਾਰ ਦੀ ਕਾਰਵਾਈ ਦਾ ਮੁਲਾਜ਼ਮ ਡੱਟ ਕੇ ਵਿਰੋਧ ਕਰਨਗੇ ਅਤੇ ਆਉਣ ਵਾਲੇ ਦਿਨਾਂ ਵਿਚ ਤੇ 26 ਜਨਵਰੀ ਨੂੰ ਵੱਖ ਵੱਖ ਜ਼ਿਲਿਆਂ ਵਿਚ ਝੰਡਾ ਲਹਿਰਾਉਣ ਆ ਰਹੇ ਮੰਤਰੀਆਂ ਨੂੰ ਘੇਰਿਆ ਜਾਵੇਗਾ।

## ਧੀਆਂ ਦੀ ਲੋਹੜੀ ਪਾਉਣ ਨਾਲ ਬਦਲ ਰਹੀ ਹੈ ਸਮਾਜ ਦੀ ਸੋਚ : ਕਰਨੈਲ ਸ਼ਾਹ

ਫਗਵਾੜਾ (ਡਾ. ਰਮਨ)- ਪਿਛਲੇ ਕਈ ਸਾਲਾਂ ਤੋਂ ਲੜਕੀਆਂ ਦੀ ਲੋਹੜੀ ਪਾਉਣ ਦੇ ਕੀਤੇ ਜਾ ਰਹੇ ਉਪਰਾਲੇ ਨਾਲ ਸਮਾਜ ਦੀ ਸੋਚ ਹੁਣ ਬਦਲ ਰਹੀ ਹੈ, ਜੋ ਕਿ ਇੱਕ ਚੰਗੀ ਗੱਲ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਂਈ ਕਰਨੈਲ ਸ਼ਾਹ ਗੱਦੀ ਨਸ਼ੀਨ ਦਰਬਾਰ ਨੂਰ ਏ ਖੁਦਾ ਬਾਬਾ ਮੰਗੂ ਸ਼ਾਹ ਪਿੰਡ ਸਾਹਨੀ ਵਲੋਂ ਸਮੂਹ ਧੀਆਂ ਪੁੱਤਰਾਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੰਦਿਆਂ ਕੀਤਾ। ਉਹਨਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ਇਸ ਤਿਉਹਾਰ ਨੂੰ ਮਨਾਉਣ ਸਮੇਂ ਧੀਆਂ ਤੇ ਪੁੱਤਰਾਂ ਦਾ ਫਰਕ ਨਹੀਂ ਕਰਨਾ ਚਾਹੀਦਾ ਸੰਤ ਪ੍ਰੀਤਮ ਦਾਸ ਸੰਗਤਪੁਰ



ਵਾਲਿਆਂ ਨੇ ਵੀ ਸਮੂਹ ਸੰਗਤ ਨੂੰ ਲੋਹੜੀ ਦੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਪਿਛਲੀ ਸਦੀ ਤੱਕ ਪੁੱਤਰ ਦੇ ਵਿਆਹ ਜਾਂ ਘਰ ਵਿਚ ਲੜਕੇ ਦੇ ਜਨਮ ਸਮੇਂ ਹੀ ਪਰਵਾਰਾਂ ਵਲੋਂ ਪੂਰੇ ਉਤਸ਼ਾਹ ਨਾਲ ਲੋਹੜੀ ਮਨਾਈ ਜਾਂਦੀ ਸੀ। ਜਦਕਿ ਧੀਆਂ ਦੇ ਜਨਮ ਨੂੰ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ। ਪਰ ਮੌਜੂਦਾ ਸਦੀ ਦੇ ਆਰੰਭ ਤੋਂ ਸਮਾਜ ਸੇਵੀ ਜੱਥੇਬੰਦੀਆਂ ਵਲੋਂ ਇਸ ਸਮਾਜਿਕ ਕੁਰੀਤੀ ਦੇ ਖਿਲਾਫ ਧੀਆਂ ਦੀ ਲੋਹੜੀ ਪਾ ਕੇ ਜੋ ਆਵਾਜ਼ਬੁਲੰਦ ਕੀਤੀ ਗਈ ਹੈ, ਉਹ ਅਸਰ ਦਿਖਾਉਂਦੀ ਨਜ਼ਰ ਆਉਣ ਲੱਗ ਪਈ ਹੈ। ਬੀ ਡੀ ਪੀ ਓ ਦਫਤਰ ਫਗਵਾੜਾ ਦੇ ਪੰਚਾਇਤ ਸਕੱਤਰ ਮਲਕੀਤ ਚੰਦ ਕੰਗ, ਰਿੰਪਲ ਕੁਮਾਰ ਸਰਪੰਚ ਵਜੀਦੋਵਾਲ, ਅਮਨਦੀਪ ਕੈਲੇ ਜੇ.ਈ., ਬੀ ਡੀ ਓ ਦਫਤਰ ਫਗਵਾੜਾ ਤੇ ਬਲਬੀਰ ਕੁਮਾਰ ਬੰਗੜ ਸਰਪੰਚ ਜਗਪਾਲਪੁਰ ਨੇ ਕਿਹਾ ਕਿ ਸਮੇਂ ਦੇ ਨਾਲ ਹੁਣ ਸਮਾਜ ਦੀ ਸੋਚ ਬਦਲ ਰਹੀ ਹੈ ਜਿਸ ਵਿਚ ਧੀਆਂ ਦੀ ਲੋਹੜੀ ਪਾਉਣ ਦੀ ਪਰੰਪਰਾ ਦੀ ਵੱਡੀ ਭੂਮਿਕਾ ਹੈ। ਧੀਆਂ ਅੱਜ ਪੁੱਤਰਾਂ ਵਾਂਗੂ ਹੀ ਹਰ ਖੇਤਰ 'ਚ ਪਰਵਾਰ ਤੇ ਦੇਸ਼ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ। ਉਹਨਾਂ ਜਿੱਥੇ ਧੀਆਂ ਤੇ ਪੁੱਤਰਾਂ ਦੀ ਲੋਹੜੀ ਪੂਰੇ ਉਤਸ਼ਾਹ ਨਾਲ ਮਨਾਉਣ ਦੀ ਗੱਲ ਕਹੀ ਉੱਥੇ ਹੀ ਸਮੂਚੇ ਸਮਾਜ ਨੂੰ ਅਪੀਲ ਕੀਤੀ ਕਿ ਅਮੀਰ ਪੰਜਾਬੀ ਵਿਰਸੇ ਨਾਲ ਜੁੜੇ ਇਸ ਤਿਉਹਾਰ ਦੇ ਇਤਿਹਾਸ ਨਾਲ ਅਜੋਕੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣ ਦਾ ਉਪਰਾਲਾ ਵੀ ਕੀਤਾ ਜਾਣਾ ਚਾਹੀਦਾ ਹੈ।

## ਸੁਨਿਆਰੇ ਦੀ ਦੁਕਾਨ ਤੋਂ 7 ਕਿਲੋ ਚਾਂਦੀ ਤੇ ਢਾਈ ਤੋਲੇ ਸੋਨੇ ਦੇ ਗਹਿਣੇ ਚੋਰੀ

ਆਦਮਪੁਰ (ਪਰਮਜੀਤ ਸਿੰਘ)- ਆਦਮਪੁਰ ਦੀ ਘੰਟਾ ਘਰ ਦੇ ਨੇੜੇ ਬਾਜ਼ਾਰ ਵਿੱਚ ਲਕਸ਼ਮੀ ਜਵੈਲਰ ਦੀ ਦੁਕਾਨ ਤੋਂ ਚੋਰਾਂ ਵਲੋਂ ਲੱਖਾਂ ਦੇ ਚਾਂਦੀ ਦੇ ਗਹਿਣੇ ਅਤੇ ਹੋਰ ਸਾਮਾਨ ਚੋਰੀ ਕਰਨ ਦੀ ਖ਼ਬਰ ਹੈ। ਦੁਕਾਨ ਦੇ ਮਾਲਕ ਵਿਵੇਕ ਕਪੂਰ ਪੁੱਤਰ ਸਵ. ਕੁਲਰਾਜ ਕਪੂਰ ਨੇ ਦੱਸਿਆ ਕਿ ਜਦ ਉਨ੍ਹਾਂ ਨੇ ਸਵੇਰੇ ਦੁਕਾਨ ਖੋਲ੍ਹੀ ਤਾਂ ਦੇਖਿਆ ਕਿ ਦੁਕਾਨ ਵਿੱਚੋਂ 6-7 ਕਿਲੋ ਚਾਂਦੀ ਦੇ ਗਹਿਣੇ ਅਤੇ ਢਾਈ ਤੋਲੇ ਸੋਨੇ ਦੇ ਗਹਿਣੇ ਚੋਰੀ ਹੋ ਗਏ ਹਨ, ਉਨ੍ਹਾਂ ਦਾ ਲਗਭਗ 15 ਤੋਂ 16 ਲੱਖ ਦਾ ਨੁਕਸਾਨ ਹੋਇਆ ਹੈ। ਵਿਵੇਕ ਕਪੂਰ ਨੇ ਦੱਸਿਆ ਕਿ ਚੋਰ ਉਨ੍ਹਾਂ ਦੀ ਦੁਕਾਨ ਦੀ ਚੌਥੀ ਮੰਜ਼ਿਲ 'ਤੇ ਬਣੇ ਛੋਟੇ ਜਿਹੇ ਰੌਸ਼ਨਦਾਨ ਵੱਲੋਂ ਲੋਹੇ ਦੀਆਂ



ਸੀਖਾਂ ਨੂੰ ਕੱਟ ਕੇ ਅੰਦਰ ਵੜੇ ਤੇ ਦੁਕਾਨ 'ਚ ਪਈ ਚਾਂਦੀ ਦੇ ਗਹਿਣੇ ਅਤੇ ਲੋਕਾਂ ਵੱਲੋਂ ਮੁਰੰਮਤ ਲਈ ਦਿੱਤੇ ਸੋਨੇ ਦੇ ਗਹਿਣੇ ਵੀ ਚੋਰੀ ਕਰਕੇ ਲੈ ਗਏ। ਚੋਰ ਜਾਂਦੇ ਹੋਏ ਦੁਕਾਨ 'ਚ ਲੱਗੇ ਕੈਮਰਿਆਂ ਦਾ ਡੀ.ਵੀ.ਆਰ. ਵੀ ਆਪਣੇ ਨਾਲ ਲੈ ਗਏ। ਚੋਰੀ ਦਾ ਪਤਾ ਲੱਗਦੇ ਹੀ ਆਦਮਪੁਰ ਥਾਣੇ ਦੇ ਥਾਣਾ ਮੁਖੀ ਰਵਿੰਦਰ ਪਾਲ ਸਿੰਘ ਨੇ ਪੁਲਿਸ ਪਾਰਟੀ ਦੇ ਨਾਲ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਤੇ ਆਲੇ ਦੁਆਲੇ ਦੇ ਕੈਮਰੇ ਖੰਗਾਲਣੇ ਸ਼ੁਰੂ ਕਰ ਦਿੱਤੇ ਹਨ।

## ਚਿੱਤਰਕਲਾ ਤੇ ਫੋਟੋਗ੍ਰਾਫੀ ਪ੍ਰਦਰਸ਼ਨੀ 15 ਨੂੰ

ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)- ਦੋਆਬਾ ਤੇ ਮਾਲਵਾ ਦੇ ਕਲਾਕਾਰਾਂ ਦੇ ਕਲਾ ਤੇ ਕਲਾਕਾਰ ਮੰਚ ਵਲੋਂ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਸਹਿਯੋਗ ਨਾਲ ਇੱਕ ਚਿੱਤਰਕਲਾ, ਅੱਖਰਕਾਰੀ ਅਤੇ ਫੋਟੋਗ੍ਰਾਫੀ ਪ੍ਰਦਰਸ਼ਨੀ 15 ਤੇ 16 ਜਨਵਰੀ ਨੂੰ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਲਗਾਈ ਜਾ ਰਹੀ ਹੈ ਜਿਸ ਵਿਚ ਦੋਆਬੇ ਅਤੇ ਮਾਲਵੇ ਦੇ ਉੱਘੇ ਚਿੱਤਰਕਾਰ, ਅੱਖਰਕਾਰ ਅਤੇ ਫੋਟੋਗਰਾਫ਼ਰ ਆਪਣੀਆਂ ਕਲਾਕ੍ਰਿਤਾਂ ਦਾ ਪ੍ਰਦਰਸ਼ਨ ਕਰਨਗੇ। ਇਸ ਪ੍ਰਦਰਸ਼ਨੀ ਵਿਚ ਫੋਟੋਗ੍ਰਾਫੀ ਵਿਚ ਰਵੀ ਰਵਿੰਦਰ (ਲੁਧਿਆਣਾ), ਅੱਖ਼ਰਕਾਰੀ ਵਿੱਚ ਕੰਵਰਦੀਪ ਸਿੰਘ (ਕਪੂਰਥਲਾ) ਅਤੇ ਚਿੱਤਰਕਲਾ ਵਿੱਚ ਇੰਦਰਜੀਤ ਸਿੰਘ (ਜਲੰਧਰ), ਕੁਲਜੀਤ ਹੀਰ (ਜਲੰਧਰ) ਤੇ ਮੰਜ਼ਿਲ ਸਿੰਘ (ਜਲੰਧਰ) ਦੀਆਂ ਕਲਾਕ੍ਰਿਤਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਮੰਚ ਦੇ ਸਰਪ੍ਰਸਤ ਸਤਨਾਮ ਸਿੰਘ ਮਾਣਕ ਨੇ ਮੰਚ ਵਲੋਂ ਸਭ ਨੂੰ ਇਹ ਪ੍ਰਦਰਸ਼ਨੀ ਦੇਖਣ ਅਤੇ ਆਪਣੇ ਵਿਚਾਰ ਦੇਣ ਦਾ ਸੱਦਾ ਦਿੱਤਾ। ਇਸ ਪ੍ਰਦਰਸ਼ਨੀ ਵਿਚ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਸ. ਜਸਪ੍ਰੀਤ ਸਿੰਘ ਸੈਣੀ ਤੇ ਸਮੂਹ ਗਵਰਨਿੰਗ ਕੌਂਸਲ ਤੋਂ ਇਲਾਵਾ ਡਾ. ਲਖਵਿੰਦਰ ਸਿੰਘ ਜੌਹਲ, ਗੁਰਦਿਆਲ ਰੌਸ਼ਨ, ਐਸ. ਅਸ਼ੋਕ ਭੌਰਾ, ਬਲਜੀਤ ਬੱਲ, ਪਾਲੀ ਖ਼ਾਦਿਮ, ਕਮਲੇਸ਼ ਦੁੱਗਲ, ਸੁਰਿੰਦਰਪਾਲ ਸਿੰਘ, ਕੁਲਵਿੰਦਰ ਸਿੰਘ, ਐਡਵੋਕੇਟ ਹਰਦੀਪ ਸਿੰਘ ਭੱਟੀ ਆਦਿ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰ ਕੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਨਗੇ।

## ਬਾਲ ਭਿਖਿਆ 'ਚ ਲੱਗੇ ਬੱਚਿਆਂ ਦੀ ਚੈਕਿੰਗ

ਬੰਗਾ (ਅਵਤਾਰ ਕਲੇਰ)- ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਦੇ ਹੋਏ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋ ਜ਼ਿਲ੍ਹੇ ਵਿੱਚ ਬੀਤੇ ਦਿਨੀ ਜ਼ਿਲ੍ਹਾ ਟਾਸਕ ਫੋਰਸ ਨੇ ਬੱਸ ਸਟੈਂਡ ਰੋਡ, ਗੜ੍ਹਸ਼ੰਕਰ ਰੋਡ ਤੇ ਬੰਗਾ ਰੋਡ ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਚੈਕਿੰਗ ਟੀਮ ਨੂੰ ਕੁੱਲ ਇਕ ਬਚਾ (ਉਮਰ ਤਕਰੀਬਨ 2 ਸਾਲ) ਰੇਸਕਿਉ ਕਰ ਕੇ ਬਾਲ ਭਲਾਈ ਕਮੇਟੀ ਅੱਗੇ ਅਗਲੇਰੀ ਕਾਰਵਾਈ ਹਿੱਤ ਪੇਸ਼ ਕੀਤਾ ਗਿਆ ਹੈ ਤਾਂ ਕਿ ਬੱਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਆਮ ਜਨਤਾ ਨੂੰ ਦੱਸਿਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਤੇ ਮਜ਼ਦੂਰੀ ਨਾ ਕਰਵਾਉਣ ਅਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾਂ ਬਾਲ ਸੁਰੱਖਿਆ ਯੂਨਿਟ ਨੂੰ ਚਾਈਲਡ ਹੈਲਪਲਾਈਨ ਨੰਬਰ 1098 ਤੇ ਸੂਚਿਤ



ਕੀਤਾ ਜਾਵੇ ਤਾਂ ਜੋ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾ ਸਕੇ ਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਸਕੇ। ਇਸ ਮੌਕੇ ਮੌਜੂਦ ਬਾਲ ਸੁਰੱਖਿਆ ਅਫਸਰ (ਆਈ ਸੀ) ਗੌਰਵ ਸ਼ਰਮਾ ਵੱਲੋਂ ਦੁਕਾਨਦਾਰਾਂ ਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ ਤੇ ਅਪਰਾਧ ਹੈ।ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਬੱਚਿਆਂ ਤੇ ਉਹਨਾਂ ਦੇ ਮਾਂ ਪਿਓ ਦੀ ਕਾਊਂਸਲਿੰਗ ਕੀਤੀ ਜਾਣੀ ਬਣਦੀ ਹੈ ਤਾਂ ਜੋ ਬੱਚਿਆਂ ਦੇ ਮਾਂ ਪਿਓ ਬੱਚਿਆਂ ਤੋ ਭੀਖ ਮੰਗਵਾਉਣ ਦੀ ਬਜਾਏ ਉਹਨਾਂ ਨੂੰ ਸਿੱਖਿਆ ਨਾਲ ਜੋੜਨ ਲਈ ਸਕੂਲ ਭੇਜਣ ਤੇ ਉਹਨਾਂ ਦੇ ਉੱਜਵਲ ਭਵਿੱਖ ਦੀ ਸਿਰਜਣਾ ਹੋ ਸਕੇ। ਕੰਚਨ ਅਰੋੜਾ ਵੱਲੋਂ ਕਿਹਾ ਗਿਆ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲਿਆਂ ਤੇ ਜੁਵੇਨਾਈਲ ਜਸਟਿਸ ਐਕਟ ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਅਪੀਲ ਕੀਤੀ ਗਈ ਕਿ ਬੱਚਿਆਂ ਨਾਲ ਸੰਬੰਧਤ ਕਿਸੇ ਤਰ੍ਹਾ ਦੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 416 ਤੀਜੀ ਮੰਜ਼ਿਲ ਡੀ ਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ (ਸੀ ਪੀ ਓ), ਰਹਿੰਦਰ ਕੌਰ ਸੀ ਪੀ ਓ, ਸੰਤੋਸ਼ ਡੀਈਓ, ਸੀ ਡੀ ਪੀ ਓ ਦਫਤਰ ਤੋਂ ਹਰਭਜਨ ਕੌਰ ਸੁਪਰਵਾਈਜ਼ਰ ਅਤੇ ਸੁਪਰਵਾਈਸਰ ਕਮਲੇਸ਼ ਕੁਮਾਰੀ, ਸਿੱਖਿਆ ਵਿਭਾਗ ਤੋਂ ਸੁਖਵਿੰਦਰ ਸਿੰਘ, ਪੁਲਸ ਵਿਭਾਗ ਤੋਂ ਹੈਡ ਕਾਂਸਟੇਬਲ ਨੇਹਾ ਕੁਮਾਰੀ ਤੇ ਮੁਕੇਸ਼ ਵੀ ਮੌਜੂਦ ਸਨ।

## ਸੀਚੇਵਾਲ ਵੱਲੋਂ ਮੰਡ ਇਲਾਕੇ ਦੇ ਕਿਸਾਨਾਂ ਨੂੰ ਮੂੰਗਫ਼ਲੀ ਬੀਜਣ ਦੀ ਸਲਾਹ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੰਡ ਇਲਾਕੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ



ਕਿ ਜਿਨ੍ਹਾਂ ਖੇਤਾਂ ਵਿੱਚੋਂ ਅਜੇ ਤੱਕ ਰੇਤਾ ਨਹੀਂ ਚੁੱਕਿਆ ਜਾ ਸਕਿਆ, ਉਹ ਕਿਸਾਨ ਝੋਨੇ ਦੀ ਥਾਂ ਮੂੰਗਫ਼ਲੀ ਦੀ ਬਿਜਾਈ ਨੂੰ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਮੂੰਗਫ਼ਲੀ ਨਾ ਸਿਰਫ਼ ਆਰਥਿਕ ਤੌਰ 'ਤੇ ਵੱਧ ਲਾਹੇਵੰਦ ਹੈ, ਸਗੋਂ ਇਸ ਨਾਲ ਧਰਤੀ ਹੇਠਲੇ ਪਾਣੀ ਦੀ ਵੱਡੀ ਬੱਚਤ ਵੀ ਸੰਭਵ ਹੈ।ਬਾਊਪੁਰ ਮੰਡ ਇਲਾਕੇ ਵਿੱਚ ਆਏ ਭਿਆਨਕ ਹੜ੍ਹ ਤੋਂ ਬਾਅਦ ਸੰਤ ਸੀਚੇਵਾਲ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਲਗਾਤਾਰ ਪ੍ਰਭਾਵਿਤ ਕਿਸਾਨਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਉਨ੍ਹਾਂ ਦੀ ਅਗਵਾਈ ਹੇਠ ਕਿਸਾਨਾਂ ਦੇ ਖੇਤ ਪੱਧਰੇ ਕਰਨ ਲਈ ਲੇਜ਼ਰ ਲੈਵਲਰ ਚਲ ਰਹੇ ਹਨ, ਜਦਕਿ ਖੇਤਾਂ ਵਿੱਚੋਂ ਗਾਰ ਕੱਢਣ ਲਈ ਐਕਸਾਵੇਟਰ ਮਸ਼ੀਨਾਂ ਲੱਗੀਆਂ ਹੋਈਆਂ ਹਨ।ਸੰਤ ਸੀਚੇਵਾਲ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਅਜੇ ਵੀ ਲਗਭਗ 150 ਤੋਂ 200 ਏਕੜ ਜ਼ਮੀਨ ਅਜਿਹੀ ਹੈ, ਜਿੱਥੋਂ ਰੇਤਾ ਹੀ ਰੇਤਾ ਹੈ। ਇਸ ਕਾਰਨ ਕਈ ਕਿਸਾਨ ਨਾ ਤਾਂ ਕਣਕ ਦੀ ਬਿਜਾਈ ਕਰ ਸਕੇ ਅਤੇ ਨਾ ਹੀ ਪਸ਼ੂਆਂ ਲਈ ਪੱਠੇ ਬੀਜ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖੁਦ ਮੂੰਗਫ਼ਲੀ ਬੀਜ ਕੇ ਤਜਰਬਾ ਕੀਤਾ ਹੈ ਕਿ ਮੂੰਗਫ਼ਲੀ ਲਈ ਪਾਣੀ ਦੀ ਖਪਤ ਨਾ-ਮਾਤਰ ਹੁੰਦੀ ਹੈ ਤੇ ਇੱਕ ਏਕੜ ਤੋਂ ਲਗਭਗ 1 ਲੱਖ 30 ਹਜ਼ਾਰ ਰੁਪਏ ਤੱਕ ਦੀ ਉਪਜ ਪ੍ਰਾਪਤ ਕੀਤੀ ਜਾ ਸਕਦੀ ਹੈ। ਮਾਰਕੀਟ ਵਿੱਚ ਮੂੰਗਫ਼ਲੀ ਦਾ ਥੋਕ ਭਾਅ 70 ਤੋਂ 100 ਰੁਪਏ ਪ੍ਰਤੀ ਕਿਲੋ ਤੱਕ ਮਿਲ ਜਾਂਦਾ ਹੈ ਅਤੇ ਕਈ ਵਾਰ ਇਹ ਦਰ 100 ਰੁਪਏ ਤੋਂ ਵੀ ਉੱਪਰ ਚਲੀ ਜਾਂਦੀ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਬੱਚਤ ਤਦ ਹੀ ਸੰਭਵ ਹੈ ਜਦੋਂ ਕਿਸਾਨ ਫਸਲੀ ਵਿਭਿੰਨਤਾ ਨੂੰ ਅਮਲੀ ਰੂਪ ਵਿੱਚ ਅਪਣਾਉਣਗੇ। ਉਨ੍ਹਾਂ ਜਾਣਕਾਰੀ ਦਿੱਤੀ ਕਿ ਮੂੰਗਫ਼ਲੀ ਅਤੇ ਮੱਕੀ ਦੀ ਬਿਜਾਈ ਫਰਵਰੀ ਮਹੀਨੇ ਵਿੱਚ ਕੀਤੀ ਜਾਂਦੀ ਹੈ ਅਤੇ ਉਮੀਦ ਹੈ ਕਿ ਉਸ ਸਮੇਂ ਤੱਕ ਕਿਸਾਨਾਂ ਦੇ ਖੇਤ ਬਿਜਾਈ ਲਈ ਤਿਆਰ ਹੋ ਜਾਣਗੇ।ਇਸ ਦੌਰਾਨ ਜਿਨ੍ਹਾਂ ਕਿਸਾਨਾਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਅਜੇ ਤੱਕ ਨਹੀਂ ਮਿਲਿਆ, ਉਨ੍ਹਾਂ ਵੱਲੋਂ ਮੁੜ ਅਪੀਲ ਕੀਤੀ ਗਈ ਹੈ ਕਿ ਸੰਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਇਆ ਜਾਵੇ, ਤਾਂ ਜੋ ਉਨ੍ਹਾਂ ਲਈ ਜਲਦ ਤੋਂ ਜਲਦ ਮੁਆਵਜ਼ੇ ਦਾ ਯੋਗ ਪ੍ਰਬੰਧ ਕੀਤਾ ਜਾ ਸਕੇ। ਕਿਸਾਨਾਂ ਨੇ ਦੱਸਿਆ ਕਿ ਇਲਾਕੇ ਵਿੱਚ ਵੱਡੇ ਪੱਧਰ ਤੇ ਅਜੇ ਵੀ ਕਈ ਖੇਤ 5 ਤੋਂ 6 ਫੁੱਟ ਰੇਤ ਅਤੇ ਗਾਰ ਨਾਲ ਭਰੇ ਹੋਏ ਹਨ, ਜਿਨ੍ਹਾਂ ਦੀ ਸਫਾਈ ਲਈ ਵੱਡੇ ਪੱਧਰ 'ਤੇ ਮਸ਼ੀਨਰੀ ਤੇ ਡੀਜ਼ਲ ਦੀ ਲੋੜ ਹੈ।

## ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਉਤਸਵ ਮਨਾਇਆ





ਭਲਾਣ (ਹਰਭਜਨ ਢਿੱਲੋਂ)- ਪਿੰਡ ਭਲਾਣ ਸਥਿਤ ਗੁਰਦੁਆਰਾ ਸ੍ਰੀ ਦਸ਼ਮੇਸ਼ਗੜ੍ਹ ਸਾਹਿਬ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਧਾਰਮਿਕ ਸਮਾਗਮ ਸ਼ਰਧਾ ਤੇ ਸਤਿਕਾਰ ਨਾਲ ਕਰਵਾਏ ਗਏ। ਇਸ ਮੌਕੇ ਰੱਖੇ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਵਿੱਚ ਸ਼ਾਮਲ ਹੋ ਕੇ ਅਸੀਸਾਂ ਪ੍ਰਾਪਤ ਕੀਤੀਆਂ। ਸਮਾਗਮ ਦੌਰਾਨ ਵੱਖ-ਵੱਖ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ। ਕੀਰਤਨ ਦੀ ਰਸਭਰੀ ਧੁਨ ਨਾਲ ਪੂਰਾ ਗੁਰਦੁਆਰਾ ਸਾਹਿਬ ਆਤਮਕ ਸ਼ਾਂਤੀ ਨਾਲ ਭਰ ਗਿਆ। ਇਸ ਮੌਕੇ ਕਥਾਵਾਚਕਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਕੁਰਬਾਨੀਆਂ ਅਤੇ ਖ਼ਾਲਸਾ ਪੰਥ ਦੀ ਸਾਜਨਾ ਬਾਰੇ ਵਿਸਥਾਰ ਨਾਲ ਚਾਨਣ ਪਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈ ਹੋਈ ਸੰਗਤ ਲਈ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਸਾਬਕਾ ਸਪੀਕਰ ਰਾਣਾ ਕੇ.ਪੀ ਸਿੰਘ, ਸੂਬੇਦਾਰ ਕੁਲਵੰਤ ਸਿੰਘ, ਪ੍ਰਧਾਨ ਬਲਵਿੰਦਰ ਸਿੰਘ, ਕਰਨੈਲ ਸਿੰਘ ਨਿੱਕੂਵਾਲ, ਦਰਸ਼ਨ ਸਿੰਘ ਸੈਣੀ, ਹਸਬੰਸ ਸਿੰਘ, ਕੁਲਦੀਪ ਸੈਣੀ, ਕੁਸ਼ਲ ਸਿੰਘ ਰਾਣਾ, ਤਰਲੋਚਨ ਸਿੰਘ, ਸੁਰਿੰਦਰ ਬਬੂ, ਮੈਹਰ ਸਿੰਘ, ਰਣਵੀਰ ਸਿੰਘ ਅਟਵਾਲ, ਰਾਜ ਕੁਮਾਰ ਰਾਜੂ, ਸੋਨੂ ਰਾਣਾ, ਵਿਕਾਸ ਪੁਰੀ, ਗੁਰਚਰਨ ਸਿੰਘ ਸੋਢੀ, ਹਰਜਾਪ ਸਿੰਘ, ਗੁਰਦੇਵ ਚੱਬਾ, ਗੁਰਮੇਲ ਸਿੰਘ, ਬਲਰਾਮ ਰਾਣਾ, ਕਮਲਜੀਤ ਭੱਲੜੀ, ਸੁਰੇਸ਼ ਕੁਮਾਰ ਰਿੰਕਾ ਆਦਿ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।

## 'ਮਨਰੇਗਾ' ਦਾ ਨਾਂਅ 'ਜੀ ਰਾਮ ਜੀ' ਰੱਖ ਕੇ ਸਰਕਾਰ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਚਾਹੁੰਦੀ : ਸ਼ੇਰੋਵਾਲੀਆ

ਸ਼ਾਹਕੋਟ (ਗਿਆਨ ਸੈਦਪੁਰੀ)- ਜਦੋਂ ਤੋਂ ਕਾਂਗਰਸ ਪਾਰਟੀ ਹੋਂਦ ਵਿੱਚ ਆਈ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਮਜ਼ਦੂਰ ਵਰਗ ਦੇ ਹੱਕਾਂ ਲਈ ਮੋਢੇ ਨਾਲ ਮੋਢਾ ਲਾ ਕੇ ਚੱਲੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਸ ਮੌਕੇ ਕੀਤਾ ਜਦੋਂ 'ਮਨਰੇਗਾ ਬਚਾਓ ਸੰਗਰਾਮ' ਤਹਿਤ ਐਤਵਾਰ ਨੂੰ ਬਾਘਾ ਪੁਰਾਣਾ ਵਿਖੇ ਹੋ ਰਹੀ ਵਿਸ਼ਾਲ ਰੈਲੀ ਵਿੱਚ ਵੱਡੇ ਕਾਫਲੇ ਨਾਲ ਸ਼ਾਮਿਲ ਹੋਣ ਤੋਂ ਪਹਿਲਾਂ ਆਪਣੇ ਗ੍ਰਿਹ ਮਲਸੀਆਂ(ਸਾਹਲਾ ਨਗਰ)ਵਿਖੇ ਹਲਕੇ ਦੇ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ 'ਮਨਰੇਗਾ' ਸਕੀਮ ਦਾ ਨਾਂਅ ਬਦਲ ਕੇ 'ਜੀ ਰਾਮ ਜੀ' ਰੱਖ ਕੇ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਚਾਹੁੰਦੀ ਹੈ। ਉਹਨਾਂ ਕਿਹਾ ਜਦੋਂ ਤੱਕ ਮੋਦੀ ਸਰਕਾਰ ਇਸ ਫੈਸਲੇ ਨੂੰ ਵਾਪਸ ਨਹੀਂ ਲੈਂਦੀ ਕਾਂਗਰਸ ਪਾਰਟੀ ਆਪਣੇ ਸੰਘਰਸ਼ ਜਾਰੀ ਰੱਖੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰਜੀਤ ਸਿੰਘ ਚੱਠਾ ਬਲਾਕ ਪ੍ਰਧਾਨ ਸ਼ਾਹਕੋਟ,ਮਹਿੰਦਰ ਪਾਲ ਸਿੰਘ ਟੁਰਨਾ ਬਲਾਕ ਪ੍ਰਧਾਨ



ਮਹਿਤਪੁਰ, ਗੁਰਦੀਪ ਸਿੰਘ ਜੱਕੋਪੁਰ ਬਲਾਕ ਪ੍ਰਧਾਨ ਲੋਹੀਆਂ ਖਾਸ, ਗੁਲਜਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਹਰਮੇਸ਼ ਮਹੇ ਪ੍ਰਧਾਨ ਨਗਰ ਪੰਚਾਇਤ ਮਹਿਤਪੁਰ, ਜਗਜੀਤ ਸਿੰਘ ਨੋਨੀ ਪ੍ਰਧਾਨ ਨਗਰ ਪੰਚਾਇਤ ਲੋਹੀਆਂ ਖਾਸ, ਰਿਭਕਾ ਰਾਣੀ ਜ਼ਿਲਾ ਪਰਿਸ਼ਦ ਮੈਂਬਰ, ਸਵਰਨ ਸਿੰਘ ਧਰਮੀਵਾਲ ਬਲਾਕ ਸੰਮਤੀ ਮੈਂਬਰ, ਸੁਖਵਿੰਦਰ ਸਿੰਘ ਪਰਜੀਆਂ ਕਲਾਂ ਬਲਾਕ ਸੰਮਤੀ ਮੈਂਬਰ, ਸੁਰਿੰਦਰ ਪਾਲ ਲਸੂੜੀ ਬਲਾਕ ਸੰਮਤੀ ਮੈਂਬਰ, ਬਲਕਾਰ ਸਿੰਘ ਬਾਜਵਾ ਕਲਾਂ ਬਲਾਕ ਸੰਮਤੀ ਮੈਂਬਰ, ਸੁਖਦੇਵ ਸਿੰਘ ਸੁੱਖਾ ਬਲਾਕ ਸੰਮਤੀ ਮੈਂਬਰ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਸੁਖਦੀਪ ਸਿੰਘ ਕੰਗ ਪੀਏ, ਕਪਿਲ ਕੁਮਾਰ ਗੁਪਤਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਸੋਨੂ ਕਿਲੀ ਨੰਬਰਦਾਰ, ਬੰਟੀ ਬੱਠਲਾ ਪ੍ਰਧਾਨ ਵਾਤਾਵਰਨ ਸੁਧਾਰ ਸੋਸਾਇਟੀ ਸ਼ਾਹਕੋਟ,ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਅਮਰਜੀਤ ਕੌਰ ਸਚਦੇਵਾ ਸ਼ਹਿਰੀ ਪ੍ਰਧਾਨ ਕਾਂਗਰਸ, ਬਲਜੀਤ ਸਿੰਘ ਸਰਪੰਚ ਮੀਏਵਾਲ ਅਰਾਈਆਂ, ਪਵਨ ਨਗਰਵਾਲ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ,ਲਛਮਣ ਸੋਬਤੀ, ਪਵਨ ਜੁਨੇਜਾ, ਸੋਨੂੰ ਮਿੱਤਲ, ਤਰਲੋਕ ਸਿੰਘ ਰੂਪਰਾ ਪ੍ਰਧਾਨ ਰਾਮਗੜੀਆ ਪਬਲਿਕ ਸਕੂਲ ਸ਼ਾਹਕੋਟ, ਤਰਸੇਮ ਸਿੰਘ ਧੰਜੂ ਸਰਪੰਚ ਸੈਦਪੁਰ ਝਿੜੀ, ਅਮਨਦੀਪ ਸੈਦਪੁਰੀ, ਅੰਗਰੇਜ਼ ਸਿੰਘ ਸਾਬਕਾ ਸਰਪੰਚ ਤਲਵੰਡੀ ਬੂਟਿਆਂ, ਜੋਗਿੰਦਰ ਸਿੰਘ ਨੇਤਾ ਬਿੱਲੀ ਬੜੈਚ, ਅਜ਼ੀਜ਼ ਮਸੀਹ, ਪਿੰਦਰ ਜੋਸਨ, ਬਾਊ ਸੁਰਿੰਦਰ ਪਾਲ ਸਾਬਕਾ ਸਰਪੰਚ ਭੱਦਮਾ, ਜਗੀਰ ਜੋਧਾ ਸਰਪੰਚ ਰਾਜੇਵਾਲ, ਰਮਨ ਰਾਜੇਵਾਲ, ਦਰਸ਼ਨ ਸਿੰਘ ਸਾਬਕਾ ਸਰਪੰਚ ਭੋਏਪੁਰ, ਗੁਰਮੇਜ ਸਿੰਘ ਭੋਏਪੁਰ, ਚੰਨਾ ਸਿੰਘ ਸਰਪੰਚ ਥੰਮੂਵਾਲ, ਮੰਗੀ ਚੱਕ ਬਾਹਮਣੀਆਂ ਪਾਰ, ਸੋਨੀ ਮੈਂਬਰ ਪੰਚਾਇਤ ਲਸੂੜੀ, ਰਘਬੀਰ ਸਿੰਘ ਸਰਪੰਚ ਜੱਕੋਪੁਰ ਕਲਾਂ, ਹਰਵਿੰਦਰ ਸਿੰਘ ਡੀ. ਸੀ. ਸਾਬਕਾ ਸਰਪੰਚ ਰੂਪੇਵਾਲ, ਗੁਰਮੁਖ ਸਿੰਘ ਸਾਬਕਾ ਸਰਪੰਚ ਪਡੋਰੀ,ਸਤਿੰਦਰ ਸਿੰਘ ਮੱਟੂ ਪੰਡੋਰ, ਸਾਹਬ ਸਿੰਘ ਖੁਰਸ਼ੈਦਪੁਰ, ਅਮਰਜੀਤ ਸਿੰਘ ਸਾਬਕਾ ਸਰਪੰਚ ਕੋਹਾੜ ਕਲਾਂ, ਸਾਬਾ ਸਿੰਘ ਸਰਪੰਚ ਕੋਹਾੜ ਖੁਰਦ, ਬਲਵਿੰਦਰ ਸਿੰਘ ਮੋਹਰੀਵਾਲ, ਪਰਮਜੀਤ ਸਿੰਘ ਪੰਮਾ ਸਾਬਕਾ ਸਰਪੰਚ ਬਿੱਲੀ ਚਾਹਰਮੀ, ਜਗਤਾਰ ਸਿੰਘ ਸਾਬਕਾ ਸਰਪੰਚ ਬਾਜਵਾ ਕਲਾਂ, ਨੈਬ ਸਿੰਘ ਸਾਬਕਾ ਸਰਪੰਚ ਬਾਜਵਾ ਕਲਾਂ, ਅਵਤਾਰ ਸਿੰਘ ਫਤਿਹਪੁਰ ਭਗਵਾਂ, ਸੁਖਵਿੰਦਰ ਸਿੰਘ ਲਾਲੀ ਫਤਿਹਪੁਰ ਭਗਵਾਂ, ਜੁਗਰਾਜ ਸਿੰਘ ਫਤਿਹਪੁਰ ਭਗਵਾਂ, ਦਰਸ਼ਨ ਸਿੰਘ ਮੁੰਡੀ ਚੋਹਲੀਆ, ਅਮਰਜੀਤ ਸਿੰਘ ਬਿੱਟੂ ਸਾਬਕਾ ਸਰਪੰਚ ਹਾਜੀਪੁਰ, ਪਰਮਜੀਤ ਸਿੰਘ ਨੰਬਰਦਾਰ ਹਾਜੀਪੁਰ, ਰਾਣਾ ਦਾਰੇਵਾਲ, ਬਾਊ ਦਾਰੇਵਾਲ, ਤਜਿੰਦਰ ਸਿੰਘ ਸੰਧਾ ਆਦਿ ਮੌਜੂਦ ਸਨ।

## ਮਨਰੇਗਾ ਵਰਕਰਾਂ ਦੇ ਹੱਕ 'ਚ ਵਿਸ਼ਾਲ ਰੋਸ ਮਾਰਚ

### ਕੇਂਦਰ ਨੇ ਜੀ ਰਾਮ ਜੀ ਸਕੀਮ ਲਿਆ ਕੇ ਗਰੀਬ ਲੋਕਾਂ ਕੋਲੋਂ ਰੁਜ਼ਗਾਰ ਖੋਹਿਆ : ਇੰਦਰਜੀਤ ਕੌਰ ਮਾਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪੰਜਾਬ ਵਿੱਚ 8-9 ਲੱਖ ਮਨਰੇਗਾ ਵਰਕਰ ਬੇਰੁਜ਼ਗਾਰ ਹੋ ਗਏ ਹਨ ਜਿਹਨਾਂ ਵਿੱਚ ਵੱਡੀ ਗਿਣਤੀ ਔਰਤਾਂ ਹਨ। ਕੇਂਦਰ ਦੀ ਭਾਜਪਾ ਸਰਕਾਰ ਨੇ ਜੀ ਰਾਮ ਜੀ ਸਕੀਮ ਲਿਆ ਕੇ ਜਿਸ ਦੇ ਤਹਿਤ 60-40 ਦੇ ਅਨੁਪਾਤ ਨਾਲ ਗਰੀਬ ਲੋਕਾਂ ਕੋਲੋਂ ਰੁਜ਼ਗਾਰ ਖੋਹ ਲਿਆ ਹੈ। ਇਹ ਵਿਚਾਰ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋ ਮਨਰੇਗਾ ਵਰਕਰਾਂ ਦੇ ਹੱਕ ਵਿੱਚ ਕੱਢੇ ਗਏ ਇਕ ਵਿਸ਼ਾਲ ਰੋਸ ਮਾਰਚ ਨੂੰ ਸੰਬੋਧਨ ਕਰਦਿਆਂ ਨਕੋਦਰ ਸ਼ਹਿਰ ਵਿੱਚ ਆਖਿਆ। ਉਹਨਾਂ ਕਿਹਾ ਕਿ ਇਸ ਰੁਜ਼ਗਾਰ ਨਾਲ ਇਹਨਾਂ ਵਰਕਰਾਂ ਦੇ ਘਰਾਂ ਦੇ ਗੁਜ਼ਾਰੇ ਚੱਲਦੇ ਸਨ। ਅੱਜ ਇਹਨਾਂ ਗਰੀਬ ਲੋਕਾਂ ਦੇ ਚੁੱਲ੍ਹਿਆ ਦੀ ਅੱਗ ਠੰਢੀ ਪੈ ਗਈ ਹੈ। ਆਮ ਆਦਮੀ ਪਾਰਟੀ ਅਜਿਹਾ ਨਹੀ ਹੋਣ ਦੇਵੇਗੀ। ਜਿਸ ਤਰ੍ਹਾਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਕੇਂਦਰ ਨੂੰ ਮਜਬੂਰ ਕਰ ਦਿੱਤਾ ਸੀ ਉਸੇ ਤਰ੍ਹਾ ਆਖਰੀ ਦਮ ਤੱਕ ਲੜਾਈ ਲੜੀ ਜਾਵੇਗੀ। ਕੇਂਦਰ ਨੂੰ ਨਵੀਂ ਸਕੀਮ ਵਾਪਸ ਲੈਣੀ ਪਵੇਗੀ। ਕਿਉਂਕਿ ਸਟੇਟਾਂ ਕੋਲ ਪੈਸਾ ਨਹੀਂ ਹੈ ਜਿਸ ਕਰਕੇ ਰਾਜ 40 ਪ੍ਰਤੀਸ਼ਤ ਹਿੱਸਾ ਪਾਉਣ ਦੇ ਸਮਰੱਥ ਨਹੀਂ ਹੈ



ਕਿਉਕਿ ਕੇਂਦਰ ਰਾਜਾਂ ਦਾ ਸਮੇਂ ਸਿਰ ਜੀ ਐਸ ਟੀ, ਆਰ ਡੀ ਐਫ ਆਦਿ ਫੰਡ ਨਹੀਂ ਦੇ ਰਿਹਾ। ਜਿਸ ਕਰਕੇ ਇਹ ਇਤਿਹਾਸਕ ਮਨਰੇਗਾ ਸਕੀਮ ਦਾ ਕੇਂਦਰ ਨੇ ਲੱਕ ਤੋੜ ਕੇ ਇਸ ਦਾ ਨਵਾਂ ਰੂਪ ਜੀ ਰਾਮ ਜੀ ਰੱਖ ਕੇ 125 ਦਿਨ ਕੰਮ ਦੇਣ ਦੀ ਸਕੀਮ ਬਣਾਈ ਜਦੋਂ ਕਿ ਕੇਂਦਰ 19 ਭਾਜਪਾਈ ਸੂਬਿਆਂ ਵਿੱਚ 100 ਦਿਨ ਦਾ ਰੁਜ਼ਗਾਰ ਦੇਣ ਵਿੱਚ ਫੇਲ੍ਹ ਹੋਈ ਹੈ, 125 ਦਿਨ ਮਹਿਜ਼ ਡਰਾਮੇਬਾਜ਼ੀ ਸਾਬਤ ਹੋਵੇਗੀ। ਅੱਜ ਦਾ ਰੋਸ ਮਾਰਚ ਪੈਦਲ ਨੂਰਮਹਿਲ ਸ਼ਹਿਰ ਵਿਚ ਸ਼ੁਰੂ ਹੋ ਕੇ ਵੀਰ ਪਿੰਡ ਰੇਲਵੇ ਫਾਟਕ ਤੋਂ ਪੈਦਲ ਚੱਲ ਕੇ ਨਕੋਦਰ ਸ਼ਹਿਰ ਦੇ ਭਗਵਾਨ ਬਾਲਮੀਕ ਚੌਕ ਤੱਕ ਜਿਥੇ ਪੀ ਐਮ ਨਰਿੰਦਰ ਮੋਦੀ ਨੂੰ ਨਵਾਂ ਕਾਨੂੰਨ ਵਾਪਸ ਲੈਣ ਦਾ ਮੰਗ ਪੱਤਰ ਐਸ ਡੀ ਐਮ ਵਿਸ਼ਵਾਸ਼ ਲਾਲ ਨੂੰ ਦੇਣ ਉਪਰੰਤ ਸਮਾਪਤ ਹੋਇਆ। ਜਿਸ ਵਿੱਚ ਕਰੀਬ 2000 ਮਨਰੇਗਾ ਵਰਕਰਾਂ ਨੇ ਹਿੱਸਾ ਲਿਆ। ਜਿਸ ਵਿੱਚ ਹਲਕੇ ਭਰ ਤੋਂ ਮਨਰੇਗਾ ਵਰਕਰ ਜਿਹਨਾਂ ਵਿੱਚ ਔਰਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਸਨ, ਜਿਹਨਾਂ ਦੇ ਹੱਥ ਵਿੱਚ ਫੜੀਆਂ ਤਖ਼ਤੀਆਂ ਜਿਹਨਾਂ 'ਤੇ ਲਿਖਿਆ ਸੀ ਖੋਹਵੇਗਾ ਜੋ ਸਾਡਾ ਰੁਜ਼ਗਾਰ ਕਰ ਦੇਵਾਂਗਾ ਰਾਜ ਤੋਂ ਬਾਹਰ। ਅੱਜ ਦੇ ਇਸ ਰੋਸ ਮਾਰਚ ਵਿਚ ਆਮ ਆਦਮੀ ਪਾਰਟੀ ਦੇ ਵਰਕਰ ਹਲਕਾ ਨਕੋਦਰ ਭਰ ਤੋਂ ਆਪਣੇ ਵਹੀਕਲਾਂ ਤੇ ਮਨਰੇਗਾ ਦੇ ਇਸ ਰੋਸ ਵਿੱਚ ਭਾਰੀ ਗਿਣਤੀ ਸ਼ਾਮਲ ਹੋਏ, ਜਿਹਨਾਂ ਨੇ ਕੇਂਦਰ ਸਰਕਾਰ ਖਿਲਾਫ ਡਟ ਕੇ ਨਾਅਰੇਬਾਜ਼ੀ ਕੀਤੀ।

## 16 ਦੇ ਮੁਜ਼ਾਹਰਿਆਂ 'ਚ ਸ਼ਾਮਲ ਹੋਵੇਗਾ ਜੇ ਪੀ ਐੱਮ ਓ

ਜਲੰਧਰ (ਰਾਜੇਸ਼ ਥਾਪਾ)- ਜਨਤਕ ਜੱਥੇਬੰਦੀਆਂ ਦਾ ਸਾਂਝਾ ਮੰਚ (ਜੇ ਪੀ ਐੱਮ ਓ) 16 ਜਨਵਰੀ ਨੂੰ ਜ਼ਿਲ੍ਹਾ ਕੇਂਦਰਾਂ 'ਤੇ ਕੀਤੇ ਜਾ ਰਹੇ ਰੋਸ ਧਰਨਿਆਂ 'ਚ ਪੂਰੀ ਸ਼ਕਤੀ ਨਾਲ ਸ਼ਾਮਲ ਹੋਵੇਗਾ। ਉੱਘੇ ਮੁਲਾਜ਼ਮ ਆਗੂ ਸਾਥੀ ਤੀਰਥ ਸਿੰਘ ਬਾਸੀ ਨੇ ਸੀ ਟੀ ਯੂ ਪੰਜਾਬ ਦੇ ਜਨਰਲ ਸਕੱਤਰ ਨੱਥਾ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ, ਪ ਸ ਸ ਫ (1406-22 ਬੀ ਚੰਡੀਗੜ੍ਹ) ਦੇ ਪ੍ਰਧਾਨ ਸਤੀਸ਼ ਰਾਣਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ (ਐੱਸ ਬੀ ਵਾਈ ਐੱਫ) ਦੇ ਜਨਰਲ ਸਕੱਤਰ ਧਰਮਿੰਦਰ ਸਿੰਘ, ਐੱਨ ਆਰ ਐੱਮ ਯੂ ਦੀ ਫਿਰੋਜ਼ਪੁਰ ਡਿਵੀਜਨ ਦੇ ਸਕੱਤਰ ਸ਼ਿਵ ਦੱਤ ਸ਼ਰਮਾ, ਔਰਤ ਮੁਕਤੀ ਮੋਰਚਾ ਪੰਜਾਬ ਦੀ ਸਰਪ੍ਰਸਤ ਡਾ. ਰਘਬੀਰ ਕੌਰ, ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ ਐੱਸ ਐੱਫ) ਦੇ ਸੂਬਾ ਕਨਵੀਨਰ ਗਗਨਦੀਪ, ਟੈਕਨੀਕਲ ਸਰਵਿਸ ਯੂਨੀਅਨ (ਵਿਗਿਆਨਕ ਧੜਾ) ਦੇ ਆਗੂ ਜਗਤਾਰ ਸਿੰਘ ਉੱਪਲ ਵੱਲੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ ਹੈ। ਉਕਤ ਜ਼ਿਲ੍ਹਾ ਪੱਧਰੀ ਰੋਸ ਧਰਨਿਆਂ ਦਾ ਸੱਦਾ 'ਸੰਯੁਕਤ ਕਿਸਾਨ ਮੋਰਚਾ', 'ਕੇਂਦਰੀ ਟ੍ਰੇਡ ਯੂਨੀਅਨਾਂ, ਸੈਕਟੋਰੀਅਲ ਤੇ ਮੁਲਾਜ਼ਮ ਫੈਡਰੇਸ਼ਨਾਂ ਦੇ ਸਾਂਝੇ ਮੰਚ' ਤੇ 'ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੰਚ' ਵਲੋਂ ਦਿੱਤਾ ਗਿਆ ਹੈ।ਸੂਬੇ ਦੀਆਂ 90 ਤੋਂ ਵੱਧ ਜਨਤਕ ਜਥੇਬੰਦੀਆਂ ਨੇ ਉਕਤ ਸੱਦਾ ਪੂਰੀ ਤਨਦੇਹੀ ਨਾਲ ਲਾਗੂ ਕਰਨ ਦਾ ਨਿਰਣਾ ਲਿਆ ਹੈ। ਬਾਸੀ ਨੇ ਦੱਸਿਆ ਹੈ ਕਿ ਮੰਚ ਦੇ ਭਾਈਵਾਲ ਸੰਗਠਨ ਪੱਤਰਕਾਰਾਂ ਤੇ ਸੂਚਨਾ ਅਧਿਕਾਰ ਕਾਰਕੁੰਨਾਂ ਖਿਲਾਫ਼ ਦਰਜ ਕੀਤੇ ਗਏ ਮੁਕੱਦਮਿਆਂ ਖਿਲਾਫ 24 ਜਨਵਰੀ ਨੂੰ ਬਠਿੰਡਾ ਵਿਖੇ ਕੀਤੇ ਜਾ ਰਹੇ ਸਾਂਝੇ ਜੋਨਲ ਇਕੱਠ 'ਚ ਵੀ ਵਧ-ਚੜ੍ਹ ਕੇ ਸ਼ਾਮਲ ਹੋਣਗੇ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸੰਯੁਕਤ ਮੋਰਚਾ ਤੇ ਕਿਸਾਨ ਜਥੇਬੰਦੀਆਂ ਹੋਈਆਂ ਇਕਜੁੱਟ

ਬਲਾਚੌਰ (ਜਸਵਿੰਦਰ ਬੈਂਸ)- ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੀ ਇੱਕ ਅਹਿਮ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਰੈਲ ਮਾਜਰਾ ਦੀ ਪ੍ਰਧਾਨਗੀ ਹੇਠ ਟੋਲ ਪਲਾਜ਼ਾ ਜੀਉਵਾਲ ਬੱਛੂਆਂ ਵਿਖੇ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਕਿਸਾਨ ਆਗੂਆਂ ਨੇ ਸ਼ਮੂਲੀਅਤ ਕੀਤੀ ਅਤੇ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਵਿਰੁੱਧ ਰੋਸ

**● ਅੱਜ ਟੋਲ ਪਲਾਜ਼ੇ ਹੋਣਗੇ ਫਰੀ**



ਪ੍ਰਗਟਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਕੁਲਵਿੰਦਰ ਸਰਪੰਚ ਪਰਾਗਪੁਰ ਨੇ ਦੱਸਿਆ ਕਿ ਸੰਯੁਕਤ ਮੋਰਚਾ, ਟ੍ਰੇਡ ਯੂਨੀਅਨਾਂ ਅਤੇ ਸਟੂਡੈਂਟ ਫੈਡਰੇਸ਼ਨਾਂ ਦੇ ਸਹਿਯੋਗ ਨਾਲ ਭਲਕੇ 12 ਜਨਵਰੀ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 3 ਵਜੇ ਤੱਕ ਜੀਉਵਾਲ ਬੱਛੂਆਂ ਟੋਲ ਪਲਾਜ਼ਾ ਪੂਰੀ ਤਰ੍ਹਾਂ ਫਰੀ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ। ਉਨ੍ਹਾਂ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਹਾਲ ਹੀ ਵਿੱਚ ਪੱਤਰਕਾਰਾਂ ਵਿਰੁੱਧ ਜੋ ਝੂਠੇ ਅਤੇ ਜਬਰੀ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਬਹੁਤ ਹੀ ਮੰਦਭਾਗਾ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਜੇਲ੍ਹਾਂ ਵਿੱਚ ਬੰਦ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਨ੍ਹਾਂ 'ਤੇ ਦਰਜ ਕੇਸ ਰੱਦ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਸਰਕਾਰ ਜਦੋਂ ਚਾਹੇ ਸਿੱਖ ਆਗੂਆਂ, ਧਰਮ ਪ੍ਰਚਾਰਕਾਂ ਅਤੇ ਕਿਸਾਨ ਆਗੂਆਂ ਨੂੰ ਚੁੱਕ ਕੇ ਜੇਲ੍ਹਾਂ ਵਿੱਚ ਸੁੱਟ ਦਿੰਦੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਧੱਕੇਸ਼ਾਹੀ ਦੇ ਵਿਰੋਧ ਵਿੱਚ ਹੀ 3 ਘੰਟੇ ਲਈ ਟੋਲ ਪਲਾਜ਼ੇ ਫਰੀ ਕੀਤੇ ਜਾ ਰਹੇ ਹਨ । ਇਸ ਮੌਕੇ ਵਾਈਸ ਪ੍ਰਧਾਨ ਸਵਰਨ ਸਿੰਘ ਨੰਗਲ, ਜਨਰਲ ਸਕੱਤਰ ਗੁਰਮੁਖ ਸਿੰਘ ਮਹਿਮੂਦਪੁਰ, ਦਰਸ਼ਨ ਸਿੰਘ ਕਾਮਰੇਡ ਬੀੜ ਸਰਕਾਰ, ਸਤਪਾਲ ਸਿੰਘ ਭੱਲਾ, ਹਰਵਿੰਦਰ ਸਿੰਘ ਢੌਂਸਾ, ਮਾਸਟਰ ਦੇਵ ਰਾਜ ਬਲਾਚੌਰ, ਜੱਥੇਦਾਰ ਤਰਲੋਚਨ ਸਿੰਘ ਪਨਿਆਲੀ, ਖਜਾਨਚੀ ਜਸਵੰਤ ਰਾਏ, ਅਤੇ ਚੌਧਰੀ ਵਿਸ਼ਾਲ ਕਾਠਗੜ੍ਹ ਸਮੇਤ ਕਈ ਕਿਸਾਨ ਆਗੂ ਹਾਜ਼ਰ ਸਨ।

# ‘ਆਪ’ ਵਰਕਰਾਂ ਵੱਲੋਂ ਸੁਖਪਾਲ ਸਿੰਘ ਖਹਿਰਾ ਦੇ ਘਰ ਦਾ ਘਿਰਾਓ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**- ਇਥੇ ਸਬ ਡਵੀਜ਼ਨ ਕਸਬਾ ਭੁਲੱਥ ਤੋਂ ਥੋੜ੍ਹੀ ਦੂਰੀ ਤੇ ਪੈਂਦੇ ਪਿੰਡ ਰਾਮਗੜ੍ਹ ਵਿਖੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਰਬਜੀਤ ਸਿੰਘ ਲੁਬਾਣਾ ਜ਼ਿਲ੍ਹਾ ਪ੍ਰਧਾਨ ਆਪ ਆਗੂ ਦੀ ਅਗਵਾਈ ਵਿੱਚ ਆਪ ਆਗੂਆਂ ਵੱਲੋਂ ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਕੋਠੀ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਆਪ ਆਗੂਆਂ ਵੱਲੋਂ ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ’ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਖਹਿਰਾ ਵੱਲੋਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਵਿਰੋਧੀ ਧਿਰ ਦੀ ਨੇਤਾ ਆਪ ਆਗੂ ਆਤਿਸ਼ੀ ਦੀ ਜਿਹੜੀ ਵੀਡੀਓ ਸਾਹਮਣੇ ਆਈ ਸੀ, ਜਿਸ ਵਿੱਚ ਸਿੱਖ ਸਮਾਜ ਤੇ ਗੁਰੂ ਸਾਹਿਬਾਨ ਦੇ ਖਿਲਾਫ ਅਪਸ਼ਬਦ ਬੋਲੇ ਦੱਸੇ ਗਏ ਹਨ, ਉਹ ਇੱਕ ਫੇਕ ਵੀਡੀਓ ਜਿਹੜੀ ਕਿ ਏ ਆਈ ਦੁਆਰਾ ਤਿਆਰ ਹੋਈ ਸੀ, ਜੋ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਪ੍ਰਤੀ ਆਪਣਾ ਗਲਤ ਪ੍ਰਤੀਕਰਮ ਦਿੱਤਾ ਗਿਆ ਸੀ, ਜਿਸ ਦੇ ਸੰਬੰਧ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਆਪ ਆਗੂਆਂ ਵੱਲੋਂ ਵਿਧਾਇਕ ਖਹਿਰਾ ਦੇ ਘਰ ਦੇ ਅੱਗੇ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਮੌਕੇ ਹਲਕਾ ਇੰਚਾਰਜ ਸੁਲਤਾਨਪੁਰ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਇਹੋ ਜਿਹੀਆਂ ਵੀਡੀਓ ਸੁਖਪਾਲ ਸਿੰਘ ਖਹਿਰਾ ਨੂੰ ਸ਼ੇਅਰ ਨਹੀਂ ਕਰਨੀਆਂ ਚਾਹੀਦੀਆਂ, ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੁੰਦਾ ਹੈ । ਉਹਨਾਂ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੂੰ ਬੋਲਣ ਲੱਗੇ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ। ਕਿਸਾਨ ਆਗੂ ਹਰਮੀਤ ਸਿੰਘ ਔਲਖ ਨੇ ਕਿਹਾ ਕਿ ਕਾਂਗਰਸੀ ਆਗੂਆਂ ਵਿੱਚ ਬੁਖਲਾਹਟ ਨਜ਼ਰ ਆ ਰਹੀ ਹੈ, ਜਿਸ ਕਰਕੇ ਉਹ ਨਵੇਂ ਨਵੇਂ ਤਰੀਕੇ ਅਪਨਾ ਰਹੇ ਹਨ, ਇਹ ਲੋਕ ਪੰਜਾਬ ਦੀ ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ। ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਰਬਜੀਤ ਸਿੰਘ ਲੁਬਾਣਾ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਜਿਹੜੀ ਵੀਡੀਓ ਵਾਇਰਲ ਕੀਤੀ ਗਈ ਹੈ, ਉਹ ਅਤਿ ਨਿੰਦਣਯੋਗ ਯੋਗ ਹੈ, ਜਿਸ ਕਰਕੇ ਖਹਿਰਾ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਮੈਂਬਰ ਗੁਰਮੀਤ ਸਿੰਘ ਥਾਪਰ ਨੇ ਕਿਹਾ ਕਿ ਲੋਕ ਮਾਰੂ ਨੀਤੀਆਂ ਵਰਗੇ ਹੱਥਕੰਡੇ ਵਰਤਣ ਵਾਲੇ ਕਾਂਗਰਸੀ ਲੀਡਰਾਂ ਖਿਲਾਫ ਸਾਡਾ ਸੰਘਰਸ਼ ਜਾਰੀ ਰਹੇਗਾ। ਜਥੇਦਾਰ ਜੀਤ ਸਿੰਘ ਰਾਮਗੜ੍ਹ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਜੋ ਵੀਡੀਓ ਤੋੜ ਮਰੋੜ ਕੇ ਪੇਸ਼ ਕੀਤੀ ਗਈ ਹੈ, ਉਸ ਦੇ ਜਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਰਵੀ ਥਾਪਰ, ਸਰਪੰਚ ਸੁਰਿੰਦਰ ਸਿੰਘ ਸ਼ੇਰਗਿੱਲ ਖੱਸਣ, ਜਰਨੈਲ ਸਿੰਘ ਨੰਗਲ ਪ੍ਰਧਾਨ ਐਸ ਸੀ ਵਿੰਗ, ਪ੍ਰਧਾਨ ਬੂਟਾ ਸਿੰਘ ਨਗਰ ਪੰਚਾਇਤ ਬੇਗੋਵਾਲ, ਲਖਵਿੰਦਰ ਸਿੰਘ ਲੱਖਾ ਮੁਬਾਰਕਪੁਰ ਬਾਓਲੀ, ਡਾਕਟਰ ਸਰਬਜੀਤ ਸਿੰਘ ਮਾਨ, ਲਖਵਿੰਦਰ ਸਿੰਘ ਵੱਲੋਂ ਸੰਬੋਧਨ ਕੀਤਾ ਗਿਆ, ਹੋਰਨਾਂ ਤੋਂ ਇਲਾਵਾ ਪ੍ਰਧਾਨ ਰਸ਼ਪਾਲ ਪਾਲ ਸ਼ਰਮਾ ਨਗਰ ਪੰਚਾਇਤ ਭੁੱਲੱਥ, ਗੁਰਪ੍ਰੀਤ ਸਿੰਘ ਵੜੈਚ, ਮਲਕੀਤ ਸਿੰਘ ਟਾਂਡੀ ਬਤਰਾ, ਕੁਲਦੀਪ ਪਾਠਕ, ਹਰਮੀਤ ਸਿੰਘ, ਜਗਜੀਤ ਸਿੰਘ ਹਮੀਰਾ, ਸਰਪੰਚ ਰਣਜੀਤ ਸਿੰਘ ਬਾਗੜੀਆਂ, ਸੰਤੋਖ ਸਿੰਘ ਬਾਜਵਾ ਹਮੀਰਾ, ਜੋਗਿੰਦਰ ਸਿੰਘ ਮੀਤ ਪ੍ਰਧਾਨ, ਡਾਕਟਰ ਬਲਬੀਰ ਸਿੰਘ ਭਟਨੂਰਾ ਕਲਾਂ, ਨੰਬਰਦਾਰ ਦਲਜੀਤ ਸਿੰਘ ਭਟਨੂਰਾ ਕਲਾਂ, ਮਲਕੀਤ ਸਿੰਘ ਟਾਂਡੀ, ਸਰਬਜੀਤ ਸਿੰਘ ਨਡਾਲੀ, ਸਰਪੰਚ ਅੰਜੂ ਬਾਹੋਵਾਲ , ਸਰਪੰਚ ਜਗਤਾਰ ਸਿੰਘ ਤਾਜਪੁਰ, ਹੈਪੀ ਥਾਪਰ , ਅਮਨ ਅਰੋੜਾ ਤੇ ਹੋਰ ਬਹੁਤ ਸਾਰੇ ਆਪ ਵਰਕਰ ਹਾਜ਼ਰ ਸਨ।



# ਯੁੱਧ ਨਸ਼ਿਆਂ ਵਿਰੁੱਧ : ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਨਸ਼ਾ ਵਿਰੋਧੀ ਪੈਦਲ ਯਾਤਰਾ ਦੀ ਕੀਤੀ ਅਗਵਾਈ

**ਜਲੰਧਰ (ਸ਼ੈਲੀ ਐਲਬਰਟ)**- ਸੂਬਾ ਸਰਕਾਰ ਦੀ ਪ੍ਰਮੁੱਖ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਨੀਵਾਰ ਨੂੰ ਮਾਡਲ ਹਾਊਸ ਇਲਾਕੇ ਵਿੱਚ ਜਾਗਰੂਕਤਾ ਮਾਰਚ ਦੀ ਅਗਵਾਈ ਕੀਤੀ, ਜਿਸ ਦੌਰਾਨ ਨਿਵਾਸੀਆਂ ਤੱਕ ਪਹੁੰਚ ਕਰਕੇ ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ ਦਾ ਸੰਦੇਸ਼ ਫੈਲਾਇਆ ਗਿਆ।ਪਦਯਾਤਰਾ ਦੌਰਾਨ ਸੰਬੋਧਨ ਕਰਦਿਆਂ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਹਾਲ ਹੀ ਵਿੱਚ ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਨਸ਼ਿਆਂ ਵਿਰੁੱਧ ਲੜਾਈ ਨੂੰ ਹੋਰ ਤੇਜ਼ ਕੀਤਾ ਜਾ ਸਕੇ ਅਤੇ ਇਸ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਇੱਕ ਫੈਸਲਾਕੁੰਨ ਅਤੇ ਬਹੁ-ਪੱਖੀ ਜੰਗ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ, ਦੂਜੇ ਪੜਾਅ ਦੇ ਨਾਲ, ਇਹ ਲੜਾਈ ਇੱਕ ਲੋਕ ਲਹਿਰ ਬਣ ਗਈ ਹੈ।ਫਗਵਾੜਾ ਵਿਖੇ ਇਸ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਮੌਕੇ ਹੋਏ ਸਮਾਗਮ ਦਾ ਹਵਾਲਾ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਲਹਿਰ ਦੀ ਰੀੜ੍ਹ ਦੀ ਹੱਡੀ 1.50 ਲੱਖ ਵਿਲੇਜ ਡਿਫੈਂਸ ਕਮੇਟੀਆਂ ਦੇ ਵਲੰਟੀਅਰ ਹਨ, ਜੋ ਨਸ਼ਿਆਂ ਦੇ ਨੈੱਟਵਰਕ ਦੀ ਪਛਾਣ ਕਰਨ ਅਤੇ ਉਸ ਨੂੰ ਖਤਮ ਕਰਨ ਵਿੱਚ ਪ੍ਰਸ਼ਾਸਨ ਨੂੰ ਸਹਿਯੋਗ ਦੇ ਰਹੇ ਹਨ। ਉਨ੍ਹਾਂ ਨਾਗਰਿਕਾਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ 9899100002 ’ਤੇ ਮਿਸਡ ਕਾਲ ਦੇਣ ਅਤੇ 10 ਤੋਂ 30 ਜਨਵਰੀ ਤੱਕ ਰਾਜ ਪੱਧਰੀ ਪੈਦਲ ਯਾਤਰਾਵਾਂ ਦਾ ਹਿੱਸਾ ਬਣਨ ਦੀ ਅਪੀਲ ਕੀਤੀ।ਭਗਤ ਨੇ ਮਾਪਿਆਂ, ਨੌਜਵਾਨਾਂ ਅਤੇ ਸਮਾਜਿਕ ਸੰਗਠਨਾਂ ਨੂੰ ਪੰਜਾਬ ਲਈ ਨਸ਼ਾ ਮੁਕਤ ਅਤੇ ਸਿਹਤਮੰਦ ਭਵਿੱਖ ਯਕੀਨੀ ਬਣਾਉਣ ਲਈ ਇਸ ਇਤਿਹਾਸਕ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ।



# ਵਿਜੀਲੈਂਸ ਨੇ ਸਾਲ 2025 ਦੌਰਾਨ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕੀਤਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਪੰਜਾਬ ਵਿਜੀਲੈਂਸ ਬਿਊਰੋ (ਵੀਬੀ) ਨੇ ਇਸ ਸਮਾਜਿਕ ਅਲਾਮਤ ਨੂੰ ਜੜ੍ਹੋਂ ਪੁੱਟਣ ਦਾ ਅਹਿਦ ਲੈਂਦਿਆਂ ਰਿਸ਼ਵਤਖੋਰਾਂ ਨੂੰ ਨੱਥ ਪਾਉਣ ਅਤੇ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਇੱਕ ਬਹੁ-ਪੱਖੀ ਪਹੁੰਚ ਅਪਣਾਈ ਹੈ। ਇਸ ਸਮੇਂ ਦੌਰਾਨ ਵਿਜੀਲੈਂਸ ਬਿਊਰੋ ਨੇ ਵੱਖ-ਵੱਖ ਕੇਸਾਂ ਵਿੱਚ 187 ਵਿਅਕਤੀਆਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ, ਜੋ ਪੰਜਾਬ ਸਰਕਾਰ ਦੇ ਕੁਸ਼ਲ ਤੇ ਜਵਾਬਦੇਹ ਸ਼ਾਸਨ ਨੂੰ ਦਰਸਾਉਂਦਾ ਹੈ।ਐਤਵਾਰ ਇੱਥੇ ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਸਾਲ 2025 ਦੌਰਾਨ 127 ਟਰੈਪ ਕੇਸਾਂ ਵਿੱਚ ਵੱਖ-ਵੱਖ ਵਿਭਾਗਾਂ ਦੇ 144 ਮੁਲਾਜ਼ਮਾਂ ਨੂੰ ਅਤੇ 43 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਨੇ 1 ਜਨਵਰੀ ਤੋਂ 31 ਦਸੰਬਰ, 2025 ਤੱਕ 18 ਗਜ਼ਟਿਡ ਅਧਿਕਾਰੀਆਂ ਅਤੇ 126 ਨਾਨ-ਗਜ਼ਟਿਡ ਕਰਮਚਾਰੀਆਂ ਨੂੰ ਕਾਬੂ ਕੀਤਾ ਹੈ।

# ‘ਆਪ’ ਆਗੂਆਂ ਵੱਲੋਂ ਪ੍ਰਗਟ ਸਿੰਘ ਖਿਲਾਫ ਵਿਰੋਧ ਪ੍ਰਦਰਸ਼ਨ

**ਜਲੰਧਰ (ਨ ਜ ਸ)**- ਆਮ ਆਦਮੀ ਪਾਰਟੀ (ਆਪ) ਵੱਲੋਂ ਸ਼ਨੀਵਾਰ ਨੂੰ ਜਲੰਧਰ ਵਿੱਚ ਕਾਂਗਰਸੀ ਆਗੂ ਪ੍ਰਗਟ ਸਿੰਘ ਦੇ ਖ਼ਿਲਾਫ਼ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਸੋਸ਼ਲ ਮੀਡੀਆ ’ਤੇ ਐਡਿਟ ਕੀਤੀ ਵੀਡੀਓ ਸਾਂਝੀ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਦੇ ਵਿਰੋਧ ਵਜੋਂ ਕੀਤਾ ਗਿਆ।‘ਆਪ’ ਦੇ ਆਗੂਆਂ ਤੇ ਵਰਕਰਾਂ ਨੇ ਇਕੱਠੇ ਹੋ ਕੇ ਵਿਰੋਧੀ ਧਿਰ ਦੀਆਂ ਇਨ੍ਹਾਂ ਗੈਰ-ਜ਼ਿੰਮੇਵਾਰਾਨਾ ਤੇ ਰਾਜਨੀਤੀ ਤੋਂ ਪ੍ਰੇਰਿਤ ਕਾਰਵਾਈਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕੀਤੀ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ ਨੇ ਕੀਤੀ। ਦੋਵਾਂ ਆਗੂਆਂ ਨੇ ਸਾਂਝੇ ਤੌਰ ’ਤੇ ਕਿਹਾ ਕਿ ਕਾਂਗਰਸ ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਵਿਕਾਸਮੁਖੀ ਕੰਮਾਂ ’ਤੇ ਸਵਾਲ ਚੁੱਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਇਸ ਨਿਰਾਸ਼ਾ ਕਾਰਨ ਕਾਂਗਰਸ ਨਕਾਰਾਤਮਕ, ਵੰਡਪਾਊ ਅਤੇ ਗੁੰਮਰਾਹਕੁੰਨ ਰਾਜਨੀਤੀ ਦਾ ਸਹਾਰਾ ਲੈ ਰਹੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਸੱਤਾ ਦੀ ਭੁੱਖ ਵਿੱਚ ਇੰਨੀ ਅੰਨ੍ਹੀ ਹੋ ਚੁੱਕੀ ਹੈ ਕਿ ਉਸਨੇ ਨਾ ਸਿਰਫ਼ ਆਮ ਲੋਕਾਂ ਦੀ ਮਰਯਾਦਾ ਦਾ ਖ਼ਿਆਲ ਰੱਖਿਆ ਹੈ ਅਤੇ ਨਾ ਹੀ ਸਾਡੇ ਸਤਿਕਾਰਯੋਗ ਗੁਰੂ ਸਾਹਿਬਾਨ ਦੀ ਇੱਜ਼ਤ ਨੂੰ ਬਖ਼ਸ਼ਿਆ ਹੈ। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਵਿੱਚ ‘ਆਪ’ ਸਰਕਾਰ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਅਤੇ ਲੋਕਹਿਤੀ ਵਿਕਾਸ ਕਾਰਜਾਂ ਦਾ ਵਿਰੋਧੀ ਧਿਰ ਕੋਲ ਕੋਈ ਜਵਾਬ ਨਹੀਂ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਨਿਤਿਨ ਕੋਹਲੀ ਹਲਕਾ ਇੰਚਾਰਜ ਜਲੰਧਰ ਸੈਂਟਰਲ ਨੇ ਕਿਹਾ ਕਿ ਕਾਂਗਰਸ ਪਾਰਟੀ ਜਾਣਬੁੱਝ ਕੇ ਐਡਿਟ ਕੀਤੀਆਂ ਵੀਡੀਓਜ਼ ਰਾਹੀਂ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਸ ਮੌਕੇ ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ, ਜਲੰਧਰ ਸ਼ਹਿਰੀ, ਪ੍ਰਦੀਪ ਦੁੱਗਲ ਜ਼ਿਲ੍ਹਾ ਪ੍ਰਧਾਨ, ਜਲੰਧਰ ਦਿਹਾਤੀ, ਨਿਤਿਨ ਕੋਹਲੀ ਹਲਕਾ ਇੰਚਾਰਜ, ਜਲੰਧਰ ਸੈਂਟਰ,ਤਰਨਦੀਪ ਸਿੰਘ ਦੋਆਬਾ ਜ਼ੋਨ ਮੀਡੀਆ ਇੰਚਾਰਜ, ਆਤਮ ਪ੍ਰਕਾਸ਼ ਸਿੰਘ ਬੱਬਲੂ ਦੋਆਬਾ ਮੀਡੀਆ ਸਕੱਤਰ, ਸੰਜੀਵ ਭਗਤ ਮੀਡੀਆ ਇੰਚਾਰਜ, ਜਲੰਧਰ ਸ਼ਹਿਰੀ, ਸੁਭਾਸ਼ ਭਗਤ ਚੇਅਰਮੈਨ, ਮਾਰਕਿਟ ਕਮੇਟੀ, ਰਿੰਕੀ ਨਰੈਣ ਮੈਂਬਰ, ਟ੍ਰੇਡ ਕਮਿਸ਼ਨ, ਇੰਦਰਵੰਸ਼ ਸਿੰਘ ਚੱਢਾ ਚੇਅਰਮੈਨ, ਜ਼ਿਲ੍ਹਾ ਟ੍ਰੇਡ ਕਮਿਸ਼ਨ, ਰੋਬਿਨ ਸਾਂਪਲਾ ਐੱਸ ਸੀ ਸਕੱਤਰ, ਦੋਆਬਾ ਜ਼ੋਨ, ਹਰਚਰਨ ਸਿੰਘ ਸੰਧੂ ਸੰਗਠਨ ਇੰਚਾਰਜ, ਜਲੰਧਰ ਵੈਸਟ, ਡਾਕਟਰ ਅਮਿਤ ਸੰਗਠਨ ਇੰਚਾਰਜ, ਵਿਜੇ ਭਾਟੀਆ ਸੰਗਠਨ ਇੰਚਾਰਜ ਅਮਿਤ ਢੱਲ, ਦੀਪਕ ਸ਼ਾਰਦਾ, ਜਤਿਨ ਗੁਲਾਟੀ ਕੌਂਸਲਰ ਸਹਿਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।



# ਪੰਜਾਬ ਨੂੰ ਰੱਖਿਆ ਨਿਰਮਾਣ ਖੇਤਰ ਦੇ ਪ੍ਰਮੁੱਖ ਕੇਂਦਰ ਵਜੋਂ ਕੀਤਾ ਜਾਵੇਗਾ ਵਿਕਸਤ : ਅਮਨ ਅਰੋੜਾ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਨੂੰ ਭਾਰਤ ਦੇ ਰੱਖਿਆ ਨਿਰਮਾਣ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਅਤੇ ਸੂਬੇ ਦੀਆਂ ਅਥਾਹ ਸਮਰੱਥਾ ਨੂੰ ਦੇਸ਼ ਦੀਆਂ ਰੱਖਿਆ ਲੋੜਾਂ ਨਾਲ ਜੋੜਨ ਵੱਲ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਉੱਚ-ਪੱਧਰੀ ਡਿਫੈਂਸ ਸਕਿੱਲਜ਼ ਕਨਕਲੇਵ (ਰੱਖਿਆ ਹੁਨਰ ਸੰਮੇਲਨ) ਕਰਵਾਇਆ ਗਿਆ, ਜਿਸ ਵਿੱਚ ਰੱਖਿਆ, ਏਅਰੋਸਪੇਸ ਅਤੇ ਰਣਨੀਤਕ ਖੇਤਰਾਂ ਲਈ ਹੁਨਰ ਵਿਕਾਸ ’ਤੇ ਧਿਆਨ ਕੇਂਦਰਿਤ ਕੀਤਾ ਗਿਆ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸੰਮੇਲਨ ਨੇ ਰੱਖਿਆ ਨਿਰਮਾਣ ਖੇਤਰ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ਸੂਬੇ ਨੂੰ ਅਹਿਮ ਸਰੋਤ ਵਜੋਂ ਉਭਾਰਨ ਵਾਲੇ ਪਲੇਟਫਾਰਮ ਵਜੋਂ ਭੂਮਿਕਾ ਨਿਭਾਈ।ਇਸ ਸੰਮੇਲਨ ਵਿੱਚ ਰੱਖਿਆ ਸਕੱਤਰ (ਭਾਰਤ ਸਰਕਾਰ) ਰਾਜੇਸ਼ ਕੁਮਾਰ ਸਿੰਘ, ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਪ੍ਰਮੁੱਖ ਸਕੱਤਰ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਜਸਪ੍ਰੀਤ ਤਲਵਾੜ ਦਿਆਲ ਅਤੇ ਸੀਨੀਅਰ ਨੀਤੀ ਘਾੜਿਆਂ, ਪ੍ਰਮੁੱਖ ਡਿਫੈਂਸ ਪੀ.ਐਸ.ਯੂਜ਼ ਅਤੇ ਮੂਲ ਉਪਕਰਣ ਨਿਰਮਾਤਾਵਾਂ (ਓ.ਈ.ਐਮ.) ਤੋਂ ਉੱਘੇ ਉਦਯੋਗਪਤੀਆਂ, ਪ੍ਰਮੁੱਖ ਅਕਾਦਮਿਕ ਸੰਸਥਾਵਾਂ ਦੇ ਮੁਖੀਆਂ ਅਤੇ ਹੁਨਰ ਮਾਹਿਰਾਂ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

# ਮੋਹਾਲੀ ਪ੍ਰੈੱਸ ਕਲੱਬ ਦਾ ‘ਧੀਆਂ ਦਾ ਲੋਹੜੀ ਮੇਲਾ’ ਰੌਣਕਾਂ ਬਿਖੇਰਦਾ ਹੋਇਆ ਸੰਪੰਨ

## ਨਵਜੰਮੀਆਂ ਬੱਚੀਆਂ ਤੇ ਸਿੱਖਿਆ ਦੇ ਖੇਤਰ ’ਚ ਮੱਲਾਂ ਮਾਰਨ ਵਾਲੀਆਂ ਲੜਕੀਆਂ ਦਾ ਕੀਤਾ ਸਨਮਾਨ

**ਮੋਹਾਲੀ (ਗੁਰਜੀਤ ਬਿੱਲਾ)**- ਪੱਤਰਕਾਰਾਂ ਦੀ ਸਿਰਮੌਰ ਸੰਸਥਾ ਮੋਹਾਲੀ ਪ੍ਰੈਸ ਕਲੱਬ ਵੱਲੋਂ ਸਥਾਨਕ ਪਾਲਕੀ ਰਿਜ਼ੋਰਟ ਵਿਖੇ ਕਰਵਾਇਆ ਗਿਆ 19ਵਾਂ ‘ਧੀਆਂ ਦੀ ਲੋਹੜੀ’ ਸੱਭਿਆਚਾਰਕ ਮੇਲਾ ਰੌਣਕਾਂ ਬਿਖੇਰਦਾ ਸੰਪੰਨ ਹੋਇਆ। ਇਸ ਮੌਕੇ ਪੰਜਾਬ ਦੇ ਨਾਮਵਰ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਉਂਦਿਆਂ ਵਿਰਸੇ ਅਤੇ ਅਮਿੱਟ ਛਾਪ ਛੱਡੀ। ਮੇਲੇ ਦੇ ਮੁੱਖ ਮਹਿਮਾਨ ਵਜੋਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ ਜਦਕਿ ਮੇਲੇ ਦੀ ਪ੍ਰਧਾਨਗੀ ਹਲਕਾ ਵਿਧਾਇਕ ਕੁਲਵੰਤ ਸਿੰਘ ਕੀਤੀ।ਇਸ ਮੌਕੇ ਮੁੱਖ ਮਹਿਮਾਨ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਭ ਤੋਂ ਪਹਿਲਾਂ ਸਿੱਖਿਆ ਦੇ ਖੇਤਰ ਵਿੱਚ ਇਲਾਕੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਵਾਲੀਆਂ ਬੱਚੀਆਂ ਸਮਰਿਤੀ ਵਰਮਾ, ਮਨਪ੍ਰੀਤ ਕੌਰ, ਮਾਨਸੀ ਜੋਸ਼ੀ, ਮਹਿਕ, ਮਹਿਕ ਸ਼ਰਮਾ, ਜਸ਼ਨਦੀਪ ਕੌਰ, ਮਾਨਸੀ, ਸਾਰਿਕਾ ਗੁਪਤਾ ਅਤੇ ਸਿਮਰਜੀਤ ਕੌਰ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਨੇ ਕਲੱਬ ਨੇ ਕਿਹਾ ਕਿ ਧੀਆਂ ਦੀ ਲੋਹੜੀ ਮਨਾਉਣਾ, ਕਲੱਬ ਵਲੋਂ ਕੀਤਾ ਗਿਆ ਬਹੁਤ ਵੱਡਾ ਉਪਰਾਲਾ ਹੈ, ਜਿਸ ਲਈ ਮੈਂ ਸਮੂਹ ਕਲੱਬ ਮੈਂਬਰਾਨ ਨੂੰ ਵਧਾਈ ਦਿੰਦਾ ਹਾਂ।ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿਚ ਧੀਆਂ, ਸਾਡੇ ਸਮਾਜ ਅਤੇ ਦੇਸ਼ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਪਾ ਰਹੀਆਂ ਹਨ ਅਤੇ ਸਾਨੂੰ ਵੀ ਆਪਣੀਆਂ ਧੀਆਂ ਨੂੰ ਬਿਹਤਰ ਸਿੱਖਿਆ ਦੇ ਕੇ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਰਦ ਨੂੰ ਔਰਤ ਪ੍ਰਤੀ ਅਪਨੀ ਸੋਚ ਬਦਲਣ ਦੀ ਲੋੜ ਹੈ।ਉਪਰੰਤ ਕੈਬਨਿਟ ਮੰਤਰੀ ਭੁੱਲਰ ਵੱਲੋਂ ਮੋਹਾਲੀ ਪ੍ਰੈਸ ਕਲੱਬ ਦਾ ਸੋਵੀਨਾਰ ਰਲੀਜ਼ ਕੀਤਾ ਗਿਆ। ਇਸ ਦੌਰਾਨ ਮੰਤਰੀ ਨੇ ਮੋਹਾਲੀ ਪ੍ਰੈੱਸ ਕਲੱਬ ਨੂੰ 2 ਲੱਖ ਰੁਪਏ ਸਰਕਾਰੀ ਗ੍ਰਾਂਟ ਦੇਣ ਦਾ ਐਲਾਨ ਕੀਤਾ।



# 11 ਵਿਦਿਆਰਥੀਆਂ ਪੀ ਸੀ ਐੱਸ ਮੁਢਲੀ ਪ੍ਰੀਖਿਆ ਕੀਤੀ ਪਾਸ

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ ਬਣੀ ਸਫਲਤਾ ਦਾ ਕੇਂਦਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ਨੇ ਇਕ ਹੋਰ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਡਿਜੀਟਲ ਲਾਇਬ੍ਰੇਰੀ ਵਿੱਚ ਨਿਯਮਤ ਤੌਰ ’ਤੇ ਪੜ੍ਹਾਈ ਕਰਨ ਵਾਲੇ 11 ਵਿਦਿਆਰਥੀਆਂ ਨੇ ਪੀ.ਸੀ.ਐਸ ਪ੍ਰੀਲਿਮਜ਼ 2025 ਪ੍ਰੀਖਿਆ ਸਫਲਤਾਪੂਰਵਕ ਪਾਸ ਕੀਤੀ ਹੈ, ਜਿਸ ਨਾਲ ਨਾ ਸਿਰਫ਼ ਉਨ੍ਹਾਂ ਦੇ ਪਰਵਾਰਾਂ, ਸਗੋਂ ਪੂਰੇ ਜ਼ਿਲ੍ਹੇ ਦਾ ਮਾਣ ਵਧਿਆ ਹੈ। ਇਨ੍ਹਾਂ ਵਿਦਿਆਰਥੀਆਂ ਡਿਜੀਟਲ ਲਾਇਬ੍ਰੇਰੀ ਵਿੱਚ ਅਨੁਸ਼ਾਸਿਤ ਵਾਤਾਵਰਨ ਵਿੱਚ ਨਿਰੰਤਰ ਸਖ਼ਤ ਮਿਹਨਤ ਨਾਲ ਪ੍ਰੀਖਿਆ ਦੀ ਤਿਆਰੀ ਕੀਤੀ। ਉਨ੍ਹਾਂ ਰੋਜ਼ਾਨਾ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਪੜ੍ਹਾਈ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕੀਤੀ। ਡਿਜੀਟਲ ਲਾਇਬ੍ਰੇਰੀ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਪੀ.ਸੀ.ਐਸ ਨਾਲ ਸਬੰਧਤ ਮਿਆਰੀ ਕਿਤਾਬਾਂ, ਹਵਾਲਾ ਸਮੱਗਰੀ ਅਤੇ ਅਨੁਕੂਲ ਅਧਿਐਨ ਵਾਤਾਵਰਨ ਨੇ ਉਨ੍ਹਾਂ ਦੀ ਤਿਆਰੀ ਲਈ ਇਕ ਮਜ਼ਬੂਤ ਨੀਂਹ ਪ੍ਰਦਾਨ ਕੀਤੀ । ਪੀ.ਸੀ.ਐਸ ਪ੍ਰੀਲਿਮਜ਼ 2025 ਪਾਸ ਕਰਨ ਵਾਲੇ ਵਿਦਿਆਰਥੀਆਂ ਵਿੱਚ ਕਨਿਕਾ, ਸਲੋਨੀ, ਨਿਤਿਸ਼, ਪ੍ਰਿਆ, ਸਾਹਿਲ ਗੁਪਤਾ, ਗੁਰਪ੍ਰੀਤ ਸੰਧੂ, ਭਾਵਨਾ, ਅਰਸ਼ਦੀਪ ਕੌਰ, ਕਰਨਦੀਪ ਸਿੰਘ, ਸੁਚਿੱਤਾ ਅਤੇ ਅਨਿਰੁਧ ਗੁਪਤਾ ਸ਼ਾਮਿਲ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਸਾਰੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਦਿਆਰਥੀਆਂ ਨੂੰ ਮਿਆਰੀ ਅਧਿਐਨ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਤਾਂ ਜੋ ਪ੍ਰਤਿਭਾਸ਼ਾਲੀ ਨੌਜਵਾਨ ਪ੍ਰਸ਼ਾਸਕੀ ਸੇਵਾਵਾਂ ਵਿੱਚ ਜਾ ਕੇ ਸਮਾਜ ਅਤੇ ਸੂਬੇ ਦੀ ਸੇਵਾ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਨੂੰ ਪੀ.ਸੀ.ਐਸ ਪ੍ਰੀਲਿਮਜ਼ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਡਿਜੀਟਲ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।



# ਬ੍ਰਹਮ ਗਿਆਨੀ ਬਾਬਾ ਗੁਰਦਿਆਲ ਸਿੰਘ ਬੰਨ੍ਹ ਵਾਲਿਆਂ ਦੀ 18ਵੀਂ ਸਾਲਾਨਾ ਬਰਸੀ ਮਨਾਈ

**ਫਗਵਾੜਾ (ਡਾ, ਰਮਨ)**- ਬ੍ਰਹਮ ਗਿਆਨੀ ਸੰਤ ਬਾਬਾ ਗੁਰਦਿਆਲ ਸਿੰਘ ਬੰਨ੍ਹ ਵਾਲਿਆਂ ਦਾ 18ਵਾਂ ਸਾਲਾਨਾ ਬਰਸੀ ਸਮਾਗਮ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਪਿੰਡ ਮਲਕਪੁਰ ਵਿਖੇ ਸੇਵਾਦਾਰ ਬੀਬੀ ਹਰਬੰਸ ਕੌਰ ਦੀ ਅਗਵਾਈ ਹੇਠ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸਵੇਰੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਬੀਬੀ ਬਖਸ਼ਿੰਦਰ ਕੌਰ ਫਗਵਾੜਾ ਦੇ ਜੱਥੇ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਉਪਰੰਤ ਹੈੱਡ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੇਵਾਦਾਰਾ ਬੀਬੀ ਹਰਬੰਸ ਕੌਰ ਤੇ ਮਿਸਤਰੀ ਦਰਸ਼ਨ ਸਿੰਘ ਨੇ ਬ੍ਰਹਮ ਗਿਆਨੀ ਅਤੇ ਤਪੱਸਵੀ ਸੰਤ ਗੁਰਦਿਆਲ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਦੱਸਿਆ ਕਿ ਉਹਨਾਂ ਨੇ ਆਪਣਾ ਜੀਵਨ ਜਿੱਥੇ ਨਿਰੰਕਾਰ ਅਕਾਲ ਪੁਰਖ ਦੀ ਤਪੱਸਿਆ ਵਿੱਚ ਗੁਜਾਰਿਆ, ਉੱਥੇ ਹੀ ਸੰਗਤਾਂ ਨੂੰ ਨਾਲ ਬਾਣੀ ਨਾਲ ਜੋੜਦੇ ਹੋਏ, ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਉਹਨਾਂ ਵਲੋਂ ਕੀਤੇ ਸਮਾਜ ਭਲਾਈ ਦੇ ਕੰਮਾਂ ਨੂੰ ਇਲਾਕੇ ਭਰ ਦੇ ਲੋਕ ਅੱਜ ਵੀ ਯਾਦ ਕਰਦੇ ਹਨ। ਵੱਡੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦਿਆਂ ਅਸ਼ੀਰਵਾਦ ਪ੍ਰਾਪਤ ਕੀਤਾ। ਸੇਵਾਦਾਰਾਂ ਵਲੋਂ ਲੰਗਰ ਦੀ ਸੇਵਾ ਪੂਰੀ ਤਨਦੇਹੀ ਨਾਲ ਵਰਤਾਈ ਗਈ।



# ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਏਟਕ ਮੰਡਲ ਨਵਾਂ ਸ਼ਹਿਰ ਦੀ ਮਹੀਨਾਵਾਰ ਮੀਟਿੰਗ ਬੰਗਾ ਰੋਡ ਮਲਕੀਤ ਚੰਦ ਮੇਹਲੀ ਭਵਨ ਪਾਰਟੀ ਦਫਤਰ ਨਵਾਂ ਸ਼ਹਿਰ ਵਿਖੇ ਮੰਡਲ ਪ੍ਰਧਾਨ ਗੁਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸਰਕਲ ਪ੍ਰਧਾਨ ਹਸਮਤ ਅਲੀ ਤੇ ਸੂਬਾ ਆਗੂ ਇੰਜ ਰਾਮ ਆਸਰਾ ਵੱਲੋਂ ਸਾਰੇ ਪੈਨਸ਼ਨਰਾਂ ਸਾਥੀਆਂ ਨੂੰ ਨਵੇਂ ਸਾਲ 2026 ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਸਾਰੇ ਪੈਨਸ਼ਨਰਾਂ ਸਾਥੀਆਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਨੂੰ ਸੁਣਿਆ ਗਿਆ ਅਤੇ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਸਰਕਲ ਆਗੂ ਹਰਮੇਸ਼ ਲਾਲ ਅਤੇ ਮੰਡਲ ਸਕੱਤਰ ਇੰਜ ਵਿਜੈ ਸਿੰਘ ਮੰਡਲ ਆਗੂ ਰਾਮ ਲਖਣ, ਹਰੀਕਿਸ਼ਨ, ਲਛਮਣ ਦਾਸ, ਪ੍ਰਭਾਕਰ ਤਿਵਾੜੀ, ਜਗਦੀਸ਼ ਸਿੰਘ, ਕੁੰਦਨ ਸਿੰਘ, ਸੁਖਵਿੰਦਰ ਸਿੰਘ, ਸੁਰੇਸ਼ ਕੁਮਾਰ, ਅਸ਼ੋਕ ਕੁਮਾਰ , ਕੁਲਵੰਤ ਸਿੰਘ ਬੈਂਸ,ਸੁਰਿੰਦਰ ਸਿੰਘ ਰਾਣਾ, ਮੱਖਣ ਸਿੰਘ, ਸੁਰਿੰਦਰ ਸਿੰਘ ਤੇ ਮੋਹਨ ਲਾਲ ਆਦਿ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ। ਉਹਨਾਂ ਨੇ ਮੰਗਾਂ ਪ੍ਰਤੀ ਜਾਣਕਾਰੀ ਦਿੱਤੀ ਕਿ ਮੈਡੀਕਲ ਕੈਸ਼ ਲੈਸ ਸਕੀਮ ਚਾਲੂ ਕੀਤੀ ਜਾਵੇ ਤਾਂ ਕਿ ਪੈਨਸ਼ਨਰਾਂ ਸਾਥੀਆਂ ਦੇ ਮੈਡੀਕਲ ਬਿੱਲਾਂ ਪ੍ਰਤੀ ਹੁੰਦੀ ਬੇਲੋੜੀ ਦੇਰੀ ਤੇ ਖੱਜਲ ਖੁਆਰੀ ਤੋਂ ਬਚਿਆ ਜਾ ਸਕੇ। ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨ ਨਵੇਂ ਸਕੇਲਾਂ ਦਾ 2016 ਦਾ ਬਿਨਾ ਕਿਸ਼ਤ ਬਕਾਇਆ ਦੇਣ ਸਬੰਧੀ ਕਿਉਂਕਿ ਦਸ ਸਾਲ ਬੀਤ ਚੁੱਕੇ ਹਨ ਸਾਡੇ ਪੈਸੇ ਸਾਨੂੰ ਨਹੀਂ ਮਿਲ ਰਹੇ। ਬਿਨਾਂ ਵਜ੍ਹਾ ਹਰ ਮਹੀਨੇ ਕੱਟਿਆ ਜਾਦਾ 200 ਰੁਪਏ ਟੈਕਸ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਤੇ ਹੋਰ ਵੀ ਬਹੁਤ ਸਾਰੀਆਂ ਹੱਕੀ ਮੰਗਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜੋ ਬਣਾਈਆਂ ਗਲਤ ਨੀਤੀਆਂ ਜਿਵੇਂ ਕਿ ਸਰਕਾਰੀ ਜਾਇਦਾਦਾਂ ਵੇਚਣ ਸਬੰਧੀ,ਬਿਜਲੀ ਸੋਧ ਬਿੱਲ 2025 ਨੂੰ ਰੱਦ ਕਰਨ ਤੇ ਮਜ਼ਦੂਰਾਂ ਦੇ ਹੱਕਾਂ ਤੇ ਡਾਕਾ ਮਾਰਨ ਵਾਲੇ ਕਾਲੇ ਕਿਰਤ ਕਾਨੂੰਨ ਨੂੰ ਰੱਦ ਕਰਵਾਉਣ, ਮਜ਼ਦੂਰਾਂ ਦੇ ਘਰਾਂ ਦੇ ਬਲਦੇ ਚੁੱਲਿਆਂ ਨੂੰ ਠੰਡਾ ਕਰਨ ਵਾਲੀਆਂ ਮਨਰੇਗਾ ਵਿੱਚ ਮਾੜੀਆਂ ਨੀਤੀਆਂ ਬੰਦ ਕਰਨ ਅਤੇ ਕਿਸਾਨ ਮਾਰੂ ਨੀਤੀਆਂ ਖੇਤੀ ਸੋਧ ਬੀਜ ਬਿੱਲ 2025 ਨੂੰ ਰੱਦ ਕਰਵਾਉਣ ਲਈ ਸੰਘਰਸ਼ਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਹਨਾਂ ਮੰਗਾਂ ਅਤੇ ਗਲਤ ਨੀਤੀਆਂ ਵਿਰੁੱਧ ਮਿਤੀ 16-01-2026 ਨੂੰ ਡੀ ਸੀ ਦਫ਼ਤਰ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਪਟਿਆਲੇ ਪਾਵਰਕਾਮ ਦੇ ਮੁੱਖ ਦਫਤਰ ਅੱਗੇ ਦਿੱਤੇ ਜਾ ਸੂਬਾ ਪੱਧਰੀ ਧਰਨੇ ਮਿਤੀ 21-01-2026 ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਸਬੰਧੀ ਜਾਗਰੂਕ ਕੀਤਾ ਗਿਆ।



# ਸਿਵਲ ਹਸਪਤਾਲ ਵਿਖੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦਾ ਪਾਠ ਰਖਵਾਇਆ

**ਫਗਵਾੜਾ (ਡਾ. ਰਮਨ)**- ਨਵੇਂ ਸਾਲ ਦੇ ਮੌਕੇ ਸਿਵਲ ਹਸਪਤਾਲ ਫਗਵਾੜਾ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਆਯੋਜਨ ਕੀਤਾ ਗਿਆ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਇਸ ਮੌਕੇ ਕੀਰਤਨੀਏ ਤੇ ਕਥਾਵਾਚਕ ਭਾਈ ਸਰਬਜੀਤ ਸਿੰਘ ਸੋਢੀ, ਭਾਈ ਗੁਰਪ੍ਰੀਤ ਸਿੰਘ ਵਲੋਂ ਰਸਮਈ ਕੀਰਤਨ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਿਮਰਦੀਪ ਕੌਰ ਨੇ ਨਵੇਂ ਸਾਲ ਦੇ ਸ਼ੁੱਭ ਮੌਕੇ ’ਤੇ ਸਭਨਾਂ ਨੂੰ ਵਧਾਈ ਦਿੱਤੀ ਤੇ ਕਾਮਨਾ ਕੀਤੀ ਕਿ ਨਵਾਂ ਸਾਲ ਸਭਨਾਂ ਲਈ ਸਿਹਤਯਾਬੀ ਵਾਲਾ ਹੋਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 16 ਜਨਵਰੀ ਤੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸਰਕਾਰੀ ਅਤੇ ਪ੍ਰਾਈਵੇਟ ਦੋਵੇਂ ਪ੍ਰਕਾਰ ਦੇ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਲਈ ਕਿਸੇ ਵੀ ਹਸਪਤਾਲ ਵਿੱਚ ਕੋਈ ਵੀ ਪੈਸਾ ਨਹੀਂ ਲੱਗੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਪੰਜਾਬ ਦਾ ਕੋਈ ਵੀ ਵਸਨੀਕ ਆਪਣਾ ਵੋਟਰ ਅਤੇ ਕਾਰਡ ਅਧਾਰ ਕਾਰਡ ਦਿਖਾ ਕੇ ਇਹ ਸਿਹਤ ਕਾਰਡ ਤਿਆਰ ਕਰਵਾ ਸਕਦਾ ਹੈ ਜਿਸ ਨਾਲ ਉਸ ਦੇ ਪਰਿਵਾਰ ਨੂੰ 10 ਲੱਖ ਰੁਪਏ ਸਲਾਨਾ ਤੱਕ ਦਾ ਇਲਾਜ ਮੁਫ਼ਤ ਮੁਹੱਈਆ ਕੀਤਾ ਜਾਵੇਗਾ ਇਸ ਮੌਕੇ ਉਨ੍ਹਾਂ ਸਟਾਫ਼ ਨੂੰ ਵੀ ਅਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਆ ਇਸ ਮੌਕੇ ਡਾ. ਪ੍ਰਭਜੋਤ ਕੌਰ, ਡਾ. ਜਤਿੰਦਰ ਸੰਧੂ, ਡਾ. ਰਵੀ, ਡਾ. ਦਰਸ਼ਨ ਬੱਧਨ, ਡਾ. ਨਰੇਸ਼ ਕੁੰਦਰਾ, ਡਾ. ਨਰਿੰਦਰ ਕੁਮਾਰ, ਡਾ. ਕਸ਼ਿਸ਼ ਢੀਂਗਰਾ, ਡਾ. ਨਿਖਿਲ, ਡਾ. ਅਨਿਲ, ਡਾ. ਅਸ਼ੋਕ, ਡਾ. ਦਿਵਸ, ਡਾ. ਸੁਰੂਚੀ, ਉਰਮਿਲਾ , ਗੁਰਚਰਨ ਸਿੰਘ , ਗਗਨਦੀਪ, ਸੁਖਵਿੰਦਰ, ਸਾਬਕਾ ਐਸ ਐਮ ਓ ਡਾ. ਕਮਲ ਕਿਸ਼ੋਰ, ਮੈਡਮ ਮੋਨਿਕਾ, ਸੋਨਾ, ਜਗਦੀਪ, ਸਿਧਾਂਤ ਸਭਰਵਾਲ, ਲਵਪ੍ਰੀਤ, ਹਿਮਾਂਸ਼ੂ, ਰਮਨ, ਸੀਤਾ, ਸੋਨੂੰ ਬਾਲਾ, ਆਤਮਾ ਰਾਮ, ਮਲਕੀਅਤ, ਰੌਣਕੀ ਰਾਮ, ਹਰਵਿੰਦਰ ਕੁਮਾਰ, ਧਰਮਿੰਦਰ ਆਦਿ ਤੋਂ ਇਲਾਵਾ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਮੌਜੂਦ ਸੀ।



# ਸ਼੍ਰੋਮਣੀ ਅਕਾਲੀ ਦਲ ਵੱਲੋਂ ‘ਆਪ’ ਨੇਤਾ ਆਤਿਸ਼ੀ ਖਿਲਾਫ ਧਰਨਾ

**ਮੁਹਾਲੀ (ਨ ਜ ਸ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਆਦੇਸ਼ ਅਨੁਸਾਰ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ ਖਿਲਾਫ਼ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨਾਂ ਦੀ ਲੜੀ ਵਿੱਚ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਇੱਕ ਵਿਸ਼ਾਲ ਧਰਨਾ ਲਗਾਕੇ ਆਪ ਨੇਤਾ ਆਤਿਸ਼ੀ ਸਮੇਤ ਸਮੁੱਚੀ ਲੀਡਰਸ਼ਿਪ ਦਾ ਪਿੱਟ-ਸਿਆਪਾ ਕੀਤਾ ਗਿਆ। ਪਾਰਟੀ ਦੇ ਖਜ਼ਾਨਚੀ ਤੇ ਸਾਬਕਾ ਵਿਧਾਇਕ ਡੇਰਾਬੱਸੀ ਐੱਨ ਕੇ ਸ਼ਰਮਾ ਤੇ ਪਰਵਿੰਦਰ ਸੋਹਾਣਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ’ਚ ਵਿਸ਼ਾਲ ਧਰਨਾ ਲਗਾਇਆ ਗਿਆ। ਇਸ ਮੌਕੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਐੱਨ ਕੇ ਸ਼ਰਮਾ ਨੇ ਕਿਹਾ ਕਿ ਮਲੇਰਕੋਟਲਾ ਵਿੱਚ ਪਾਰਟੀ ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਯਾਦਵ ਦੋਸ਼ੀ ਪਾਏ ਗਏ। ਉਨ੍ਹਾਂ ਕਿਹਾ ਕਿ ਅੱਜ ਦਾ ਧਰਨਾ ਇੱਕ ਸੰਕੇਤ ਹੈ ਵੱਡੇ ਸੰਘਰਸ਼ ਦਾ।ਧਰਨਾਕਾਰੀਆਂ ਨੂੰ ਸ਼ਮਸ਼ੇਰ ਪੁਰਖਾਲਵੀ, ਐੱਸ ਜੀ ਪੀ ਸੀ ਮੈਂਬਰ ਚਰਨਜੀਤ ਸਿੰਘ ਕਾਲੇਵਾਲ, ਯੂਥ ਆਗੂ ਰਵਿੰਦਰ ਸਿੰਘ ਖੇੜਾ ਤੇ ਮਨਜੀਤ ਸਿੰਘ ਮਲਕਪੁਰ, ਰਾਜਿੰਦਰ ਸਿੰਘ ਈਸਾਪੁਰ, ਹਰਜੀਤ ਸਿੰਘ ਪੰਨੂ, ਸੁਖਵਿੰਦਰ ਸਿੰਘ ਛਿੰਦੀ, ਮਨਮੋਹਨ ਕੌਰ, ਸ਼ਾਮ ਲਾਲ ਮਾਜਰੀਆਂ,ਲੰਬੜਦਾਰ ਹਰਵਿੰਦਰ ਸਿੰਘ ਤੋਂ ਇਲਾਵਾ ਦਰਜਨ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਜੁੜੇ ਆਗੂਆਂ ਨੇ ਆਤਿਸ਼ੀ, ਕੇਜਰੀਵਾਲ ਤੇ ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਵਿਰੁੱਧ ਨਾਅਰੇ ਲਗਾਏ। ਇਸ ਮੌਕੇ ਆਪ ਆਗੂ ਆਤਿਸ਼ੀ ਦਾ ਪੁਤਲਾ ਸਾੜਨ ਉਪਰੰਤ ਪੰਜਾਬ ਦੇ ਗਵਰਨਰ ਤੇ ਸਪੀਕਰ ਵਿਧਾਨ ਸਭਾ ਦਿੱਲੀ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਇੱਕ ਮੈਮੋਰੰਡਮ ਵੀ ਪੇਸ਼ ਕੀਤਾ ਗਿਆ ਜਿਸ ਨੂੰ ਛੁੱਟੀ ਹੋਣ ਕਾਰਨ ਐਸ ਪੀ ਰਮਨਦੀਪ ਸਿੰਘ ਵੱਲੋਂ ਪ੍ਰਾਪਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਬੀਰ ਸਿੰਘ ਜੱਸਾ, ਕੰਵਲਜੀਤ ਸਿੰਘ ਰੂਬੀ, ਹਰਮਨਪ੍ਰੀਤ ਸਿੰਘ ਪ੍ਰਿੰਸ, ਮਨਜੀਤ ਸਿੰਘ ਮਾਨ, ਪ੍ਰਦੀਪ ਸਿੰਘ ਭਾਰਜ , ਕਰਮ ਸਿੰਘ ਬਬਰਾ, ਦਿਲਬਾਗ ਸਿੰਘ ਮੀਆਂਪੁਰ, ਅਵਤਾਰ ਸਿੰਘ ਦਾਊਂ, ਕਰਮਬੀਰ ਸਿੰਘ ਪੂਨੀਆਂ, ਗੁਰਵਿੰਦਰ ਸਿੰਘ ਬਸੋਲੀਸਿਮਰਨ ਢਿੱਲੋਂ, ਜਰਨੈਲ ਸਿੰਘ ਬਲੌਂਗੀ, ਨੰਬਰਦਾਰ ਗੁਰਮੀਤ ਸਿੰਘ ਰਾਏਪੁਰ, ਕੇਸਰ ਸਿੰਘ ਬਲੌਂਗੀ ਹਰਪਾਲ ਸਿੰਘ ਬਠਲਾਣਾ , ਬਲਵਿੰਦਰ ਸਿੰਘ ਲਖਨੌਰ ,ਕੁਲਦੀਪ ਸਿੰਘ ਬੈਰਮਪੁਰ ,ਹਰਿੰਦਰ ਸਿੰਘ ਸੁੱਖਗੜ,ਹਰਦੀਪ ਸਿੰਘ ਖਿਜ਼ਰਾਬਾਦ, ਜੱਗਾ ਸਿੰਘ ਤਿਉਰ, ਚੌਧਰੀ ਕੇਸਰ ਸਿੰਘ ਮਿਰਜ਼ਾਪੁਰ, ਐਡਵੋਕੇਟ ਗੁਰਪ੍ਰੀਤ ਸਿੰਘ, ਰੁਲਦੂ ਰਾਮ , ਲਖਵਿੰਦਰ ਸਿੰਘ ਜੋਨੀ ਸਮੇਤ ਕਈ ਬਲਾਕ ਸੰਮਤੀ ਮੈਂਬਰ ਹਾਜ਼ਰ ਸਨ।



# ਇਫਟੂ ਨੇ ਲੇਬਰ ਕੋਡ ਤੇ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ




**ਬੰਗਾ (ਅਵਤਾਰ ਕਲੇਰ)**- ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵਲੋਂ ਨਵਾਂਸ਼ਹਿਰ ਦੇ ਬਾਰਾਦਰੀ ਬਾਗ਼ ਅੱਗੇ ਅਤੇ ਪਿੰਡ ਸੋਇਤਾ ਦੇ ਭੱਠੇ ਉੱਤੇ ਚਾਰ ਲੇਬਰ ਕੋਡ ਤੇ ਬਿਜਲੀ ਸੋਧ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਹਨਾਂ ਮੌਕਿਆਂ ਉੱਤੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ,ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ, ਚੇਅਰਮੈਨ ਹਰੀ ਲਾਲ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਦੇਸ਼ ਦੇ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹੈ।ਇਹ ਮਜ਼ਦੂਰ ਜਮਾਤ ਕੋਲੋਂ ਉਸਦੇ ਮੁੱਢਲੇ ਅਧਿਕਾਰ ਖੋਹ ਲੈਂਦੇ ਹਨ ਜੋ ਮਜ਼ਦੂਰਾਂ ਨੇ ਦਹਾਕਿਆਂ ਤੱਕ ਸੰਘਰਸ਼ ਕਰਕੇ ਅਤੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ। ਇਹ ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਦੇ ਹਨ, ਕੰਮ ਸਮਾਂ ਦਿਹਾੜੀ ਅੱਠ ਘੰਟੇ ਤੋਂ ਵਧਾਕੇ 12 ਘੰਟੇ ਕਰਦੇ ਹਨ।ਇਹਨਾਂ ਨਾਲ ਕਿਰਤ ਵਿਭਾਗ ਦੇ ਅਧਿਕਾਰੀ ਸਿਰਫ਼ ਸਲਾਹਕਾਰ ਬਣਕੇ ਰਹਿ ਜਾਣਗੇ ਜਿਸ ਦਾ ਮਾਲਕਾਂ ਨੂੰ ਲਾਭ ਹੋਵੇਗਾ ਤੇ ਮਜਦੂਰਾਂ ਨੂੰ ਨੁਕਸਾਨ। ਆਗੂਆਂ ਨੇ ਲੋਕਾਂ ਨੂੰ ਇਹਨਾਂ ਕੋਡਾਂ ਦਾ ਤਿੱਖਾ ਵਿਰੋਧ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਸਰਵੇਸ਼ ਗੁਪਤਾ, ਘਨਈਆ ਕੁਮਾਰ, ਸੁਰੇਸ਼,ਬੀਰ ਸਿੰਘ, ਚਮਨ ਲਾਲ,ਸ਼ਿਵ ਕੁਮਾਰ, ਰੋਸ਼ਨੀ, ਬਬੀਤਾ ਅਤੇ ਰੇਸ਼ਮਾ ਵੀ ਮੌਜੂਦ ਸਨ।

# ਮੋਦੀ ਸਰਕਾਰ ਬਿਜਲੀ ਸੋਧ ਬਿੱਲ ਲਾਗੂ ਕਰਕੇ ਕਾਰਪੋਰੇਟ ਘਰਾਣਿਆਂ ਦੀ ਪੁਸ਼ਤ-ਪਨਾਹੀ ਕਰ ਰਹੀ

## ਦੇਸ਼ ਭਗਤ ਪੰਡਤ ਰਾਮ ਕਿਸ਼ਨ ਭੜੋਲੀਆਂ ਦੀ 51 ਵੀਂ ਬਰਸੀ 22 ਫਰਵਰੀ ਨੂੰ ਮਨਾਈ ਜਾਵੇਗੀ

**ਨੰਗਲ**- ਇੱਥੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਜ਼ਿਲ੍ਹਾ ਰੋਪੜ ਦੀ ਜਨਰਲ ਬਾਡੀ ਮੀਟਿੰਗ ਸ਼ਨੀਵਾਰ ਕਾਮਰੇਡ ਰਾਮ ਕਿਸ਼ਨ ਦਬਕੇਹੜਾ ਦੀ ਪ੍ਰਧਾਨਗੀ ਹੇਠ ਭੜੋਲੀਆਂ ਭਵਨ ਵਿਖੇ ਹੋਈ। ਜਿਸ ਵਿੱਚ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਤਿੰਨਾਂ ਤਹਿਸੀਲਾਂ ਦੇ ਤਹਿਸੀਲ ਕਮੇਟੀ ਮੈਂਬਰ ਤੇ ਹੋਰ ਸਰਗਰਮ ਸਾਥੀਆਂ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸੰਵਿਧਾਨ ’ਤੇ ਹਮਲੇ ਕਰ ਰਹੀ ਹੈ। ਆਰ ਐਸ ਐਸ ਦਾ ਏਜੰਡਾ ਲਾਗੂ ਕਰਕੇ ਘੱਟ ਗਿਣਤੀਆਂ ਨੂੰ ਮੁੱਖ ਤੌਰ ’ਤੇ ਨਿਸ਼ਾਨਾ ਬਣਾ ਰਹੀ ਹੈ। ਉਹਨਾਂ ਕਿਹਾ ਕਿ ਬਿਜਲੀ ਸੋਧ ਬਿੱਲ 2025 ਦਾ ਖਰੜਾ ਜਾਰੀ ਕਰਕੇ ਰਾਜਾਂ ਤੋਂ ਸਲਾਹ ਮਸ਼ਵਰਾ ਵੀ ਨਹੀਂ ਲਿਆ।ਜਦ ਕਿ ਕਿਸਾਨੀ ਸੰਘਰਸ਼ ਦੌਰਾਨ ਨੌਂ ਦਸੰਬਰ 2021 ਨੂੰ ਸਮਝੌਤੇ ਦੇ ਇੱਕ ਹਿੱਸੇ ਵਜੋਂ ਸਰਕਾਰ ਨੇ ਸਾਰੀਆਂ ਧਿਰਾਂ ਦੇ ਪੱਖ ਲੈਣ ਦਾ ਲਿਖਤੀ ਤੌਰ ’ਤੇ ਵਾਅਦਾ ਕੀਤਾ ਸੀ ।ਪਰ ਅੱਜ ਮੋਦੀ ਸਰਕਾਰ ਉਸ ਵਾਅਦੇ ਤੋਂ ਮੁੱਕਰ ਗਈ ਹੈ। ਉਹਨਾਂ ਕਿਹਾ ਕਿ ਜੇਕਰ ਬਿਜਲੀ ਸੋਧ ਬਿੱਲ 2025 ਲਾਗੂ ਹੋ ਜਾਂਦਾ ਤਾਂ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ ਤੇ ਕਾਰਪੋਰੇਟ ਘਰਾਣਿਆਂ ਨੂੰ ਵੱਡੇ ਪੱਧਰ ’ਤੇ ਮੁਨਾਫਾ ਕਮਾਉਣ ਦੀ ਖੁੱਲ੍ਹ ਮਿਲ ਜਾਵੇਗੀ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਨੂੰ ਖਤਮ ਕਰਕੇ ਜੋ ਵੀ ਜੀ ਰਾਮ ਜੀ ਕਾਨੂੰਨ ਪਾਸ ਕੀਤਾ ਹੈ ਇਸ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਖੁਸ ਜਾਵੇਗਾ ਤੇ ਪੇਂਡੂ ਰੁਜ਼ਗਾਰ ਨੂੰ ਭਾਰੀ ਸੱਟ ਵੱਜੇਗੀ। ਉਹਨਾਂ ਕਿਹਾ ਕਿ ਮਨਰੇਗਾ ਕਾਨੂੰਨ ਨੂੰ ਬਣਾਉਣ ਲਈ ਖੱਬੀਆਂ ਪਾਰਟੀਆਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਸੀ। ਯੂ ਏ ਪੀ ਦੀ ਸਰਕਾਰ ਸਮੇਂ ਖੱਬੇ ਪੱਖੀ ਮੈਂਬਰ ਪਾਰਲੀਮੈਂਟ ਨੇ ਵਜ਼ੀਰੀਆਂ ਨਹੀਂ ਲਈਆਂ ਸਗੋਂ ਮਜ਼ਦੂਰ ਪੱਖੀ ਕਾਨੂੰਨ ਬਣਾ ਕੇ ਪੇਂਡੂ ਮਜ਼ਦੂਰਾਂ ਨੂੰ ਰੁਜ਼ਗਾਰ ਦਾ ਸਾਧਨ ਮੁਹੱਈਆ ਕਰਵਾਇਆ ਸੀ।ਇਸ ਕਾਨੂੰਨ ਨਾਲ ਪੰਚਾਇਤਾਂ ਤੋਂ ਅਧਿਕਾਰ ਖੋਹ ਕੇ ਕੇਂਦਰ ਨੇ ਆਪਣੇ ਕੋਲ ਅਧਿਕਾਰ ਲੈ ਰਹੇ ਹਨ। ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਤੋਂ ਇਲਾਵਾ ਬੀਜ ਬਿੱਲ 2025 ਕਾਨੂੰਨ ਪਾਸ ਕਰ ਰਹੀ ਹੈ।ਇਸ ਨਾਲ ਵੀ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਹੋਵੇਗਾ ਤੇ ਕਿਸਾਨਾਂ ਨੂੰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਣਾ ਪਵੇਗਾ। ਬੀਜਾਂ ’ਤੇ ਇਕ ਕੰਪਨੀ ਦਾ ਕਬਜ਼ਾ ਹੋ ਜਾਵੇਗਾ।ਉਹਨਾਂ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਜੋ ਕਾਨੂੰਨ ਮਜ਼ਦੂਰ ਪੱਖੀ ਬਣੇ ਸਨ ਅੱਜ ਉਹਨਾਂ ਨੂੰ ਤੋੜ ਕੇ ਚਾਰ ਲੇਬਰ ਕੋਡ ਬਣਾ ਦਿੱਤੇ ਹਨ। ਇਸ ਨਾਲ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾਵੇਗਾ ਤੇ ਮਜ਼ਦੂਰ ਬੰਧੂਆ ਮਜ਼ਦੂਰ ਬਣ ਕੇ ਆਪਣੇ ਮਾਲਕ ਕੋਲ ਨੌਕਰੀ ਕਰਨਗੇ। ਚਾਰ ਲੇਬਰ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਨੂੰ ਜਥੇਬੰਦ ਹੋਣ ਦਾ ਵੀ ਅਧਿਕਾਰ ਖੋਹ ਲਿਆ ਗਿਆ ਹੈ। ਉਹਨਾਂ ਕਿਹਾ ਕਿ ਪਾਰਟੀ ਤਿੰਨ ਤੋਂ ਲੈ ਕੇ 20 ਜਨਵਰੀ ਤੱਕ ਪਿੰਡਾਂ ਵਿੱਚ ਮੀਟਿੰਗਾਂ ਕਰਵਾ ਕੇ ਮਜ਼ਦੂਰਾਂ ਨੂੰ ਲਾਮਬੰਦ ਕਰ ਰਹੀ ਹੈ। ਮਨਰੇਗਾ ਕਾਨੂੰਨ ਇੱਕ ਲੋਕ ਪੱਖੀ ਕਾਨੂੰਨ ਸੀ।ਇਸ ਲਈ ਹਰ ਵਰਗ ਨੂੰ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣਾ ਪਵੇਗਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਕਾਮਰੇਡ ਬਜਿੰਦਰ ਪੰਡਤ ਨੇ ਦੱਸਿਆ ਕਿ ਪਾਰਟੀ ਦੀ ਨਵੀਨੀਕਰਨ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਵਿੱਚ ਨੌਜਵਾਨਾਂ ਤੇ ਔਰਤਾਂ ਨੂੰ ਵੱਡੇ ਪੱਧਰ ’ਤੇ ਪਾਰਟੀ ਨਾਲ ਜੋੜਨ ਦਾ ਫੈਸਲਾ ਕੀਤਾ ਗਿਆ। ਅੱਜ ਦੀ ਇਹ ਮੀਟਿੰਗ ਵਿੱਚ ਪੰਡਿਤ ਰਾਮ ਕਿਸ਼ਨ ਭੜੋਲੀਆਂ ਦੀ 51ਵੀਂ ਬਰਸੀ 22 ਅਪ੍ਰੈਲ ਨੂੰ ਅੱਡਾ ਮਾਰਕੀਟ ਵਿਖੇ ਮਨਾਉਣ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਅਮਰੀਕਾ ਸਾਮਰਾਜ ਵੱਲੋਂ ਵੈਨੇਜ਼ੁਏਲਾ ’ਤੇ ਹਮਲੇ, ਉੱਥੋਂ ਦੇ ਰਾਸ਼ਟਰਪਤੀ ਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰਨ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਤੋਂ ਇਲਾਵਾ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਵੈਨੇਜ਼ੁਏਲਾ ਦੇ ਹੱਕ ਵਿੱਚ ਕੋਈ ਵੀ ਸਟੈਂਡ ਨਾ ਲੈਣਾ, ਅਮਰੀਕਾ ਸਾਮਰਾਜ ਦੇ ਪੱਖ ਵਿੱਚ ਖੜ੍ਹਨਾ ਬਹੁਤ ਵੱਡਾ ਗੁਨਾਹ ਹੈ। ਅੱਜ ਦੀ ਇਸ ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਪਵਨ ਕੁਮਾਰ ਚੱਕ ਕਰਮਾ, ਗੁਰਦੇਵ ਸਿੰਘ ਬਾਗੀ, ਸਤਨਾਮ ਸਿੰਘ, ਮਹਿੰਦਰ ਸਿੰਘ ਸੰਗਤਪੁਰ, ਪ੍ਰੇਮ ਚੰਦ, ਪਰੋਮਿਲਾ ਦੇਵੀ, ਰਜਿੰਦਰ ਸਿੰਘ ਡੋਡ, ਸੁਖਵਿੰਦਰ ਸਿੰਘ ਡੁਮਣਾ, ਸੁਖਦੇਵ ਸਿੰਘ, ਨਰਿੰਦਰ ਸਿੰਘ ਮਾਵੀ ਤੋਂ ਇਲਾਵਾ ਹੋਰ ਸਾਥੀ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਟੀ ਬੀ ਜਾਂਚ ਕੈਂਪ ਲਗਾਇਆ

**ਖਰੜ (ਹਰਨਾਮ ਸਿੰਘ ਡੱਲਾ)**- ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਅਧੀਨ ਪਿੰਡ ਤੀੜਾ ਵਿਚ ਟੀ.ਬੀ. ਜਾਂਚ ਕੈਂਪ ਲਗਾਇਆ ਗਿਆ। ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਨੇ ਦਸਿਆ ਕਿ ਤਪਦਿਕ ਮੁਕਤ ਮੁਹਿੰਮ ਤਹਿਤ ਹਸਪਤਾਲ ਦੀ ਸਿਹਤ ਟੀਮ ਨੇ ਪਿੰਡ ਵਿਚ ਜਾਂਚ ਕੈਂਪ ਲਗਾਇਆ। ਉਨ੍ਹਾਂ ਦਸਿਆ ਕਿ ਮੌਕੇ ’ਤੇ ਹੀ ਜਾਂਚ ਮਸ਼ੀਨ ਨਾਲ ਛਾਤੀ ਦੇ ਐਕਸਰੇ ਕੀਤੇ ਗਏ। ਕੁੱਲ 195 ਐਕਸਰੇ ਅਤੇ 72 ਸੀ ਵਾਈ ਟੀ ਬੀ ਟੈਸਟ ਕੀਤੇ ਗਏ। ਡਾ. ਅਲਕਜੋਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਵਿਚ ਜਾਂਚ ਕੈਂਪ ਲਗਾਏ ਜਾ ਰਹੇ ਹਨ ਤੇ ਮੌਕੇ ’ਤੇ ਹੀ ਐਕਸਰੇ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀਆਂ ਅੰਦਰ ਟੀ ਬੀ ਦੇ ਲੱਛਣ ਪਾਏ ਜਾਂਦੇ ਹਨ, ਉਨ੍ਹਾਂ ਦੇ ਹੋਰ ਜ਼ਰੂਰੀ ਟੈਸਟ ਕੀਤੇ ਜਾਂਦੇ ਹਨ। ਜਦੋਂ ਟੀ ਬੀ ਮਾਹਰ ਡਾਕਟਰ ਵਲੋਂ ਤਪਦਿਕ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਦਵਾਈ ਨਾਲ ਮੁਫ਼ਤ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਟੀ ਬੀ ਮੁਕਤ ਮੁਹਿੰਮ ਤਹਿਤ ਸਰਕਾਰ ਦਾ ਇਹ ਵਧੀਆ ਉਪਰਾਲਾ ਹੈ ਕਿਉਂਕਿ ਲੋਕਾਂ ਨੂੰ ਹੁਣ ਐਕਸਰੇ ਕਰਵਾਉਣ ਲਈ ਸਰਕਾਰੀ ਸੰਸਥਾ ਵਿਚ ਨਹੀਂ ਜਾਣਾ ਪੈਂਦਾ।ਕੈਂਪਾਂ ਦੌਰਾਨ ਸਿਹਤ ਟੀਮ ਖ਼ੁਦ ਮਸ਼ੀਨ ਲੈ ਕੇ ਉਨ੍ਹਾਂ ਕੋਲ ਪੁੱਜ ਜਾਂਦੀ ਹੈ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਲਾਭ ਲੈਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਜਾਣਕਾਰੀ ਦਿਤੀ ਕਿ ਟੀ ਬੀ ਨੂੰ ਜੜ੍ਹੋਂ ਖ਼ਤਮ ਕਰਨ ਦੇ ਮਕਸਦ ਨਾਲ ਭਾਰਤ ਸਰਕਾਰ ਵਲੋਂ ਸ਼ੁਰੂ ਕੀਤੇ ਗਏ ਪ੍ਰੋਗਰਾਮ ‘ਨਿਕਸ਼ੇ ਮਿੱਤਰਾ’ ਤਹਿਤ ਕੋਈ ਵੀ ਪ੍ਰਾਈਵੇਟ ਵਿਅਕਤੀ, ਚੁਣਿਆ ਹੋਇਆ ਪ੍ਰਤੀਨਿਧੀ, ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੇ ਮੁਲਾਜ਼ਮ, ਕੋਈ ਵੀ ਸੰਸਥਾ, ਕਾਰਪੋਰੇਸ਼ਨ ਜਾਂ ਕੰਪਨੀ ਜ਼ਿਲ੍ਹੇ ਦੇ ਕਿਸੇ ਵੀ ਟੀ ਬੀ ਮਰੀਜ਼ ਨੂੰ ਗੋਦ ਲੈ ਸਕਦੇ ਹਨ, ਜਿਸ ਤਹਿਤ ਉਹ ਮਰੀਜ਼ਾਂ ਨੂੰ 6 ਮਹੀਨੇ ਤਕ ਅਪਣੇ ਖ਼ਰਚੇ ’ਤੇ ਖਾਣ-ਪੀਣ ਦਾ ਸਮਾਨ ਜਿਵੇਂ ਦਾਲਾਂ, ਅਨਾਜ, ਤੇਲ, ਦੁੱਧ ਆਦਿ ਮੁਹਈਆ ਕਰਵਾਉਣਗੇ। ਕੋਈ ਵੀ ਚਾਹਵਾਨ ਵਿਅਕਤੀ ਜਾਂ ਅਦਾਰਾ www.nikshay.in ’ਤੇ ਲਾਗ ਇਨ ਕਰ ਕੇ ਨਿਕਸ਼ੇ ਮਿੱਤਰਾ ਰਜਿਸਟਰੇਸ਼ਨ ਫ਼ਾਰਮ ’ਤੇ ਪੰਜੀਕਰਨ ਕਰ ਸਕਦਾ ਹੈ। ਇਸ ਪੋਰਟਲ ’ਤੇ ਅਪਣੀ ਸਹੂਲਤ ਮੁਤਾਬਕ ਟੀ ਬੀ ਦੇ ਮਰੀਜ਼ਾਂ ਦੀ ਚੋਣ ਕੀਤੀ ਜਾ ਸਕਦੀ ਹੈ। ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਜਾਂ ਪੰਜੀਕਰਣ ਫ਼ਾਰਮ ਭਰਨ ਲਈ ਜ਼ਿਲ੍ਹਾ ਸਿਹਤ ਵਿਭਾਗ ਦੇ ਟੀ.ਬੀ. ਅਧਿਕਾਰੀ ਨਾਲ ਮੋਬਾਈਲ ਫ਼ੋਨ ਨੰਬਰ 79730 24849 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸੀ ਐੱਚ ਓ ਸੁਨੈਨਾ ਅਰੋੜਾ, ਰੇਡੀਉਗ੍ਰਾਫ਼ਰ ਦਮਨਪ੍ਰੀਤ ਸਿੰਘ, ਐੱਸ ਟੀ ਐੱਸ ਰਣਦੀਪ ਕੌਰ ਤੇ ਹੋਰ ਸਟਾਫ਼ ਮੌਜੂਦ ਸੀ।



## ਦੇਵ ਮਾਨ ਨੇ ਰਾਜਗੜ੍ਹ-ਮੱਲੇਵਾਲ ਸੜਕ ਨਿਰਮਾਣ ਦਾ ਰੱਖਿਆ ਨੀਂਹ ਪੱਥਰ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਹਰਮਨ ਪਿਆਰੇ ਤੇ ਕ੍ਰਾਂਤੀਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ।ਇਸ ਲੜੀ ਤਹਿਤ ਨਾਭਾ ਬੀੜ ਦੁਸਾਂਝ ਰੋਡ ਮੱਲੇਵਾਲ ਤੋਂ ਐੱਮ ਸੀ ਲਿਮਟ ਨਾਭਾ ਵਿੱਚ (ਰਾਜਗੜ੍ਹ ਤੋਂ ਰੋਹਟੀ ਤੰਦਾ ਬੱਧਾ ਰੋਡ ਨਾਭਾ), ਜਿਸ ਦੀ ਲੰਬਾਈ 4.00 ਕਿਲੋਮੀਟਰ ਹੈ, ਜਿਸ ਦੀ ਲਾਗਤ ਤਕਰੀਬਨ 98.80 ਲੱਖ ਰੁਪਏ ਹੈ ਤੇ ਇਸ ਦੇ ਨਾਲ ਹੀ ਨਾਭਾ ਬੀੜ ਦੁਸਾਂਝ ਰੋਡ ਤੋਂ ਮੱਲੇਵਾਲ ਤੱਕ ਐੱਮ ਸੀ ਲਿਮਟ ਨਾਭਾ (ਸੈਕੰਡ ਨਾਭਾ ਬੀੜ ਦੁਸਾਂਝ ਰੋਡ ਤੋਂ ਰਾਜਗੜ੍ਹ), ਜਿਸ ਦੀ ਲੰਬਾਈ 1.10 ਕਿਲੋਮੀਟਰ ਹੈ, ਅੰਦਾਜ਼ਨ ਲਾਗਤ- 25.11 ਲੱਖ ਰੁਪਏ ਬਨਣ ਵਾਲੀ ਸੜਕ ਦਾ ਨੀਂਹ ਪੱਥਰ ਪਿੰਡ ਵਜੀਦਪੁਰ ਵਿਖੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਰੱਖਿਆ ਗਿਆ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਹਲਕਾ ਨਾਭਾ ਵਿੱਚ ਸੜਕਾਂ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਆਉਣ ਵਾਲੇ ਦਿਨਾਂ ਵਿੱਚ ਇਹ ਸਾਰੀਆਂ ਸੜਕਾਂ ਬਣ ਕੇ ਤਿਆਰ ਹੋ ਜਾਣਗੀਆਂ, ਜਿਸ ਨਾਲ ਲੋਕਾਂ ਨੂੰ ਆਉਣ-ਜਾਣ ਵਿੱਚ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲੇਗਾ। ਪਿੰਡ ਵਜੀਦਪੁਰ ਦੀ ਸਮੁੱਚੀ ਪੰਚਾਇਤ ਤੇ ਇਲਾਕੇ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਤੇ ਵਿਧਾਇਕ ਦੇਵ ਮਾਨ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਜਸਵੀਰ ਸਿੰਘ ਛਿੰਦਾਂ, ਵਿਕਾਸ ਬਾਤਿਸ਼ ਐੱਸ ਡੀ ਓ, ਸੀਨੀਅਰ ਯੂਥ ਆਗੂ ਲਾਲੀ ਫਤਿਹਪੁਰ, ਭੁਪਿੰਦਰ ਸਿੰਘ ਕੱਲਰਮਾਜਰੀ ਮੈਂਬਰ ਬਲਾਕ ਸੰਮਤੀ, ਜਰਨੈਲ ਸਿੰਘ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ 'ਚ ਦੂਜਾ ਸਥਾਨ ਪ੍ਰਾਪਤ ਕਰਕੇ ਪਰਤੀ ਕਬੱਡੀ ਟੀਮ ਦਾ ਕੀਤਾ ਨਿੱਘਾ ਸਵਾਗਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਉੱਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ 'ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼-2024-25' ਮੁਕਾਬਲਿਆਂ ਵਿੱਚ ਦੂਜਾ ਸਥਾਨ ਹਾਸਲ ਕਰ ਕੇ 'ਵਰਸਿਟੀ ਪਰਤੀ ਪੰਜਾਬੀ ਯੂਨੀਵਰਸਿਟੀ ਕਬੱਡੀ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ।ਉਨ੍ਹਾਂ ਸਾਰੇ ਖਿਡਾਰੀਆਂ, ਉਨ੍ਹਾਂ ਦੇ ਕੋਚ ਤੇ ਸਮੂਹ ਖੇਡ ਵਿਭਾਗ ਨੂੰ ਇਸ ਪ੍ਰਾਪਤੀ ਉੱਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਹਮੇਸ਼ਾ ਹੀ ਵੱਡੀਆਂ ਮੱਲਾਂ ਮਾਰੀਆਂ ਹਨ।ਉਨ੍ਹਾਂ ਉਮੀਦ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਪੰਜਾਬੀ ਯੂਨੀਵਰਸਿਟੀ ਅਜਿਹੀਆਂ ਹੋਰ ਮੱਲਾਂ ਮਰੇਗੀ।ਡਾਇਰੈਕਟਰ ਸਪੋਰਟਸ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਯੂਨੀਵਰਸਿਟੀ ਕਬੱਡੀ ਪੁਰਸ਼ ਟੀਮ ਨੇ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ 2024-25 ਮੁਕਾਬਲਿਆਂ ਵਿੱਚ ਪਹਿਲੀ ਵਾਰ ਦੂਜਾ ਸਥਾਨ ਹਾਸਲ ਕੀਤਾ ਹੈ।ਉਨ੍ਹਾਂ ਜਿੱਤ 'ਤੇ ਵਧਾਈ ਦਿੱਤੀ ਤੇ ਟੀਮ ਨਾਲ ਬਤੌਰ ਕੋਚ/ਮੈਨੇਜਰ ਗਏ ਪ੍ਰੋ. ਸੋਹਨਦੀਪ ਸਿੰਘ ਤੇ ਸੁਖਵਿੰਦਰ ਸਿੰਘ ਮਾਨ ਨੂੰ ਉਚੇਚੇ ਤੌਰ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਬਹਾਦਰ ਸਿੰਘ, ਐੱਸ. ਡੀ. ਕਾਲਜ ਬਰਨਾਲਾ, ਪ੍ਰੋ. ਰਾਜਵਿੰਦਰ ਸਿੰਘ ਤੇ ਪ੍ਰੋ. ਸੁਖਜੀਤ ਸਿੰਘ ਅਕਾਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਪੁਸ਼ਪਿੰਦਰ ਸ਼ਰਮਾ ਪੰਜਾਬ ਰਾਜ ਟਰੇਡਰਜ਼ ਕਮਿਸ਼ਨ ਹਲਕਾ ਧੂਰੀ ਦੇ ਚੇਅਰਪ੍ਰਸਨ ਤੇ ਅਮਨ ਖਾਂ ਸਣੇ 10 ਮੈਂਬਰ ਨਾਮਜ਼ਦ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਟਰੇਡਰਜ਼ ਕਮਿਸ਼ਨ ਦੇ ਹਲਕਾ ਵਾਈਜ਼ ਗਠਿਤ ਕੀਤੀਆਂ ਗਈਆਂ ਕਮੇਟੀਆਂ 'ਚ ਨਗਰ ਕੌਂਸਲ ਧੂਰੀ ਦੇ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਆਗੂ ਪੁਸ਼ਪਿੰਦਰ ਸ਼ਰਮਾ ਨੂੰ ਹਲਕਾ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗਠਿਤ ਕੀਤੀ ਗਈ ਕਮੇਟੀ 'ਚ ਅਮਨ ਖਾਂ ਘਨੌਰੀ, ਕੁਲਦੀਪ ਸਿੰਘ, ਜਸਵੀਰ ਸਿੰਘ ਚਹਿਲ, ਗੁਰਪ੍ਰੀਤ ਸਿੰਘ (ਦੀਪਕ ਵਰਮਾ), ਬਲਾਲ ਖਾਂ, ਰਾਜਿੰਦਰ ਕੁਮਾਰ, ਬਸੰਤ ਲਾਲ, ਜਗਤਾਰ ਸਿੰਘ, ਅਵਤਾਰ ਸਿੰਘ ਤੇ ਸੰਦੀਪ ਸਿੰਘ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ ਹੈ।ਆਪਣੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਤੇ ਮੈਂਬਰ ਅਮਨ ਖਾਂ ਘਨੌਰੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਨਾਲ ਹੀ ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ, ਓ.ਐੱਸ.ਡੀ. ਰਾਜਵੀਰ ਸਿੰਘ, ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਸਮੇਤ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕੀਤਾ।

## ਵਿਦਿਆਰਥੀ ਵਿਗਿਆਨ ਮੰਥਨ 'ਚ ਡੀ ਸੀ ਐੱਮ ਦੇ ਅਕਸ਼ ਖੁਰਾਣਾ ਰਹੇ ਅੱਵਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਦਿਆਰਥੀ ਵਿਗਿਆਨ ਮੰਥਨ ਪ੍ਰਤੀਯੋਗਤਾ ਵਿੱਚ ਡੀ ਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਨੇ ਪੂਰੇ ਰਾਜ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਸਮੇਤ ਜ਼ਿਲ੍ਹੇ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਯਾਚਨਾ ਚਾਵਲਾ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਅਕਸ਼ ਖੁਰਾਣਾ ਨੇ ਇਸ ਪ੍ਰਤੀਯੋਗਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਇਸ ਪ੍ਰਤੀਯੋਗਤਾ ਵਿੱਚ ਸਕੂਲ ਦੇ ਵਿਦਿਆਰਥੀ ਹਿੱਸਾ ਲੈਂਦੇ ਹਨ ਤੇ ਮੋਹਰੀ ਸਥਾਨ ਪ੍ਰਾਪਤ ਕਰਦੇ ਹਨ। ਸਕੂਲ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਪ੍ਰੀਖਿਆਵਾਂ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ, ਤਾਂ ਜੋ ਉਨ੍ਹਾਂ ਵਿੱਚ ਅੱਗੇ ਵਧਣ ਦੀ ਭਾਵਨਾ ਪੈਦਾ ਹੋਵੇ ਅਤੇ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਪ੍ਰਿੰਸੀਪਲ ਨੇ ਅਕਸ਼ ਖੁਰਾਣਾ ਨੂੰ ਉਸ ਦੇ ਉਜਵੱਲ ਭਵਿੱਖ ਲਈ ਵਧਾਈ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਹੁਣ ਇਹ ਵਿਦਿਆਰਥੀ ਰਾਸ਼ਟਰੀ ਪੱਧਰ ਦੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ। ਡਿਪਟੀ ਪ੍ਰਿੰਸੀਪਲ ਮਨੀਸ਼ ਬਾਂਗਾ ਨੇ ਦੱਸਿਆ ਕਿ ਇਹ ਪ੍ਰਤੀਯੋਗਤਾ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਪੈਦਾ ਕਰਨ ਤੇ ਉਨ੍ਹਾਂ ਵਿੱਚ ਵਿਗਿਆਨਕ ਪ੍ਰਤਿਭਾ ਦੀ ਪਛਾਣ ਕਰਨ ਦੇ ਉਦੇਸ਼ ਨਾਲ ਰਾਸ਼ਟਰੀ ਪੱਧਰ 'ਤੇ ਡਿਜੀਟਲ ਤਰੀਕੇ ਨਾਲ 'ਵਿਗਿਆਨ ਭਾਰਤੀ' ਤੇ 'ਐੱਨ.ਸੀ.ਈ.ਆਰ.ਟੀ.' ਦੇ ਸਹਿਯੋਗ ਨਾਲ ਕਰਵਾਈ ਜਾਂਦੀ ਹੈ। ਇਸ ਪ੍ਰਤੀਯੋਗਤਾ ਵਿੱਚ ਦੇਸ਼ ਭਰ ਦੇ ਛੇਵੀਂ ਤੋਂ ਗਿਆਰਵੀਂ ਜਮਾਤ ਦੇ ਲੱਖਾਂ ਵਿਦਿਆਰਥੀ ਹਿੱਸਾ ਲੈਂਦੇ ਹਨ।

## ਵਿਧਾਇਕਾ ਡਾ. ਅਰੋੜਾ ਨੇ ਪਾਰਟੀ ਆਗੂਆਂ ਤੇ ਵਲੰਟੀਅਰਾਂ ਨਾਲ ਕੀਤੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਮੋਗਾ ਵਿਧਾਨ ਸਭਾ ਹਲਕੇ ਦੇ ਪਾਰਟੀ ਵਰਕਰਾਂ, ਅਹੁਦੇਦਾਰਾਂ, ਪਾਰਟੀ ਆਗੂਆਂ ਤੇ ਵਲੰਟੀਅਰਾਂ ਨਾਲ ਇੱਕ ਮੀਟਿੰਗ ਕੀਤੀ ਗਈ।ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਬੀਮਾ ਯੋਜਨਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪਾਰਟੀ ਦੀ ਤਾਕਤ, ਭਵਿੱਖ ਦੀਆਂ ਰਣਨੀਤੀਆਂ ਤੇ ਜਨਤਕ ਸਮੱਸਿਆਵਾਂ ਦੇ ਹੱਲ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਸਾਰਿਆਂ ਨੇ ਮੋਗਾ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ ਮਿਲ ਕੇ ਕੰਮ ਕਰਨ ਦਾ ਪ੍ਰਣ ਲਿਆ।ਉਨ੍ਹਾਂ ਕਿਹਾ ਕਿ ਮੋਗਾ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਦਰਪੇਸ਼ ਕੋਈ ਵੀ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਸ਼ਰਮਾ, ਜ਼ਿਲ੍ਹਾ ਸਕੱਤਰ ਪਿਆਰਾ ਸਿੰਘ, ਨਗਰ ਨਿਗਮ ਮੋਗਾ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਚੇਅਰਮੈਨ ਹਰਜਿੰਦਰ ਸਿੰਘ ਰੋਡੇ, 'ਆਪ' ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲੇ, ਅਨਿਲ ਸ਼ਰਮਾ, ਆਮ ਆਦਮੀ ਪਾਰਟੀ ਦੇ ਕੌਂਸਲਰ, ਅਹੁਦੇਦਾਰ ਤੇ ਵਲੰਟੀਅਰ ਮੌਜੂਦ ਸਨ।

## ਡੀ ਟੀ ਐੱਫ ਨੇ ਵਜ਼ੀਫ਼ਾ ਪ੍ਰੀਖਿਆ ਦਾ ਨਤੀਜਾ ਐਲਾਨਿਆ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ)**-ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਵੱਲੋਂ ਇਸ ਸਾਲ ਮਹਾਨ ਸੁਤੰਤਰਤਾ ਸੰਗਰਾਮਣ ਗ਼ਦਰੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਤ ਕਰਕੇ ਕਰਵਾਈ ਗਈ 36ਵੀਂ ਵਜ਼ੀਫ਼ਾ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ।ਜਾਣਕਾਰੀ ਦਿੰਦਿਆਂ ਵਿੱਤ ਸਕੱਤਰ ਯਾਦਵਿੰਦਰ ਪਾਲ ਤੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਦੱਸਿਆ ਕਿ ਜਲਦੀ ਹੀ ਸਨਮਾਨ ਸਮਾਰੋਹ ਕਰਕੇ ਇਨ੍ਹਾਂ ਬੱਚਿਆਂ ਨੂੰ ਇਨਾਮ ਸਮੇਤ ਬਾਰਵੀਂ ਤੇ ਦਸਵੀਂ ਜਮਾਤ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉੱਤੇ ਆਉਣ ਵਾਲੇ ਬੱਚਿਆਂ ਨੂੰ ਕ੍ਰਮਵਾਰ 1500, 1300 ਤੇ 1100 ਰੁਪਏ ਦੀ ਵਜ਼ੀਫ਼ਾ ਰਾਸ਼ੀ ਦਿੱਤੀ ਜਾਵੇਗੀ।ਅੱਠਵੀਂ ਜਮਾਤ ਵਿੱਚ ਇਹ ਰਾਸ਼ੀ ਕ੍ਰਮਵਾਰ 1100, 900 ਤੇ 700 ਰੁਪਏ ਹੋਵੇਗੀ ਤੇ ਪੰਜਵੀਂ ਜਮਾਤ ਵਿੱਚ ਕ੍ਰਮਵਾਰ 1000, 800 ਤੇ 700 ਰੁਪਏ ਹੋਵੇਗੀ।ਪਹਿਲੇ ਤਿੰਨ ਸਥਾਨਾਂ ਤੋਂ ਬਾਅਦ ਅਗਲੇ ਦਸ ਸਥਾਨਾਂ ਉੱਤੇ ਆਉਣ ਵਾਲੇ ਬੱਚਿਆਂ ਦਾ ਵੀ ਹੌਸਲਾ ਵਧਾਊ ਇਨਾਮ ਦੇ ਕੇ ਸਨਮਾਨ ਕੀਤਾ ਜਾਵੇਗਾ।

# ਐਡਵੋਕੇਟ ਦਿਲਜੋਤ ਸ਼ਰਮਾ ਦੀ ਮੌਤ ਦੀ ਉੱਚ ਪੱਧਰੀ ਜਾਂਚ ਦੀ ਮੰਗ

■ **ਖੱਬੇ-ਪੱਖੀ ਤੇ ਜਮਹੂਰੀ ਜਥੇਬੰਦੀਆਂ ਨੇ ਬਣਾਈ ਐਕਸ਼ਨ ਕਮੇਟੀ**





**ਲੁਧਿਆਣਾ (ਭਾਟੀਆ, ਕਬੂਰੀਆ)**

ਲਲਕਾਰ ਜਥੇਬੰਦੀ ਨਾਲ ਜੁੜੀ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਤਭਰੇ ਹਲਾਤ ਵਿੱਚ ਹੋਈ ਮੌਤ ਦਾ ਮਾਮਲਾ ਗਰਮਾਉਂਦਾ ਜਾ ਰਿਹਾ ਹੈ। ਲੁਧਿਆਣਾ ਦੇ ਮਿੰਨੀ ਸੈਕਟਰੀਏਟ ਵਿਖੇ ਸਮੂਹ ਖੱਬੇਪੱਖੀ ਤੇ ਜਮਹੂਰੀ ਜਥੇਬੰਦੀਆਂ ਦਾ ਇਕੱਠ ਹੋਇਆ। ਜਥੇਬੰਦੀ ਦੇ ਆਗੂਆਂ ਨੇ ਇੱਕ ਐਕਸ਼ਨ ਕਮੇਟੀ ਬਣਾ ਕੇ ਫੈਸਲਾ ਕੀਤਾ ਕਿ ਦਿਲਜੋਤ ਸ਼ਰਮਾ ਨੂੰ ਇਨਸਾਫ਼ ਦੁਆਉਣ ਤੱਕ ਸੰਘਰਸ਼ ਲੜਿਆ ਜਾਵੇਗਾ।ਕਮੇਟੀ ਆਗੂਆਂ ਨੇ ਸਵਾਲ ਚੁੱਕੇ ਕਿ ਪੁਲਸ ਨੇ ਹਾਲੇ ਤੱਕ ਐੱਫ ਆਈ ਆਰ ਦਰਜ ਨਹੀਂ ਕੀਤੀ।ਕਮੇਟੀ ਆਗੂਆਂ ਨੇ ਸਾਂਝੇ ਤੌਰ 'ਤੇ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤੇ ਆਪਣੇ ਆਪ ਨੂੰ ਇਨਕਲਾਬੀ ਅਖਵਾਉਣ ਵਾਲੀ ਜਥੇਬੰਦੀ ਲਲਕਾਰ ਦੇ ਆਗੂਆਂ ਤੋਂ ਸਖ਼ਤੀ ਨਾਲ ਪੁੱਛਗਿੱਛ ਹੋਣੀ ਚਾਹੀਦੀ ਹੈ।

ਐਡਵੋਕੇਟ ਦਿਲਜੋਤ ਸ਼ਰਮਾ ਦੇ ਪਰਿਵਾਰ ਨੇ ਇਲਜ਼ਾਮ ਲਗਾਇਆ ਕਿ ਜਿਸ ਲਲਕਾਰ ਜਥੇਬੰਦੀ ਨਾਲ ਐਡਵੋਕੇਟ ਦਿਲਜੋਤ ਸ਼ਰਮਾ ਜੁੜੀ ਹੋਈ ਸੀ, ਉਸ ਦੇ ਆਗੂ ਦਿਲਜੋਤ ਨੂੰ ਘਰ ਨਹੀਂ ਆਉਣ ਦਿੰਦੇ ਸਨ।ਉਸ ਨੂੰ ਲੁਧਿਆਣਾ ਵਿੱਚ ਹੀ ਰਹਿਣ ਲਈ ਮਜਬੂਰ ਕਰਦੇ ਸਨ।ਪਰਿਵਾਰ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਭੇਤਭਰੀ ਮੌਤ ਪਿੱਛੇ ਜਥੇਬੰਦੀਆਂ ਦੇ ਆਗੂ ਹੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਉਨ੍ਹਾਂ ਦੀ ਬੇਟੀ ਨੂੰ ਵਰਗਲਾ ਕੇ ਰੱਖਿਆ ਹੋਇਆ ਸੀ।ਮ੍ਰਿਤਕਾ ਦਿਲਜੋਤ ਸ਼ਰਮਾ ਦੀ ਮਾਂ ਵੀਰਪਾਲ ਕੌਰ ਨੇ ਇਹ ਵੀ ਕਿਹਾ ਕਿ ਦਿਲਜੋਤ ਉਸ ਨੂੰ ਕਈ ਵਾਰ ਫੋਨ 'ਤੇ ਗੱਲ ਕਰਦੀ ਹੋਈ ਇਹ ਵੀ ਕਹਿੰਦੀ ਸੀ ਕਿ ਮੈਂ ਜਲਦੀ ਘਰ ਆ ਜਾਣਾ ਹੈ, ਪਰ ਉਹ ਨਹੀਂ ਪਰਤੀ।

ਮੀਟਿੰਗ ਵਿੱਚ ਮੌਜੂਦ ਪੀੜਤ ਇੱਕ ਹੋਰ ਕੁੜੀ ਰੇਸ਼ਮਾ (ਕਾਲਪਨਿਕ ਨਾਮ) ਨੇ ਦੱਸਿਆ ਕਿ ਲਲਕਾਰ ਜਥੇਬੰਦੀ ਦੇ ਆਗੂ ਕਿਵੇਂ ਕੁੜੀਆਂ ਨੂੰ ਵਰਗਲਾ ਕੇ ਉਨ੍ਹਾਂ ਨੂੰ ਨਸ਼ੇ 'ਤੇ ਲਾਉਂਦੇ ਹਨ ਤੇ ਉਨ੍ਹਾਂ ਨੂੰ ਫਿਜ਼ੀਕਲ ਹਰਾਸ ਕਰਦੇ ਹਨ।ਰੇਸ਼ਮਾ ਨੇ ਆਪਣੀ ਹੱਡਬੀਤੀ ਦਸਦੇ ਹੋਏ ਕਿਹਾ ਕਿ ਜਦੋਂ ਉਹ ਉਕਤ ਜਥੇਬੰਦੀ ਨਾਲ ਜੁੜੀ ਹੋਈ ਸੀ ਤਾਂ ਉਸ ਨੂੰ ਕਿਵੇਂ ਹਰਾਸ ਕੀਤਾ ਗਿਆ ਅਤੇ ਉਸ ਨੂੰ ਤਿੰਨ ਵਾਰ ਅਬੋਰਸ਼ਨ ਲਈ ਮਜਬੂਰ ਕੀਤਾ ਗਿਆ।ਪੁਲਸ ਨੂੰ ਸ਼ਿਕਾਇਤ ਦੇਣ ਦੇ ਬਾਵਜੂਦ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ।ਰੇਸ਼ਮਾ ਨੇ ਇਨਸਾਫ਼ ਲਈ ਅਦਾਲਤ ਦਾ ਰੁਖ਼ ਕੀਤਾ ਹੈ। ਇੱਕ ਹੋਰ ਪੀੜਤ ਨੌਜਵਾਨ ਵਰੁਣ ਨੇ ਕਿਹਾ ਕਿ ਕਿਵੇਂ ਜਥੇਬੰਦੀ ਦੇ ਆਗੂ ਇਨਕਲਾਬ ਦੇ ਨਾਮ 'ਤੇ ਨੌਜਵਾਨਾਂ ਨੂੰ ਗੁੰਮਰਾਹ ਕਰਦੇ ਹਨ ਤੇ ਫਿਰ ਉਨ੍ਹਾਂ ਤੋਂ ਪੈਸੇ ਲੁੱਟਦੇ ਹਨ ਅਤੇ ਜੇਕਰ ਕੋਈ ਨੌਜਵਾਨ ਜਥੇਬੰਦੀ ਛੱਡਣਾ ਚਾਹੇ ਤਾਂ ਫਿਰ ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਹੈਕ ਕਰਕੇ ਜਾਂ ਫਿਰ ਫੇਕ ਆਈਡੀਜ਼ ਬਣਾ ਕੇ ਸੋਸ਼ਲ ਮੀਡੀਆ 'ਤੇ ਮੈਂਟਲੀ ਹਰਾਸ ਕਰਦੇ ਹਨ।ਨੌਜਵਾਨ ਨੇ ਦੱਸਿਆ ਕਿ ਕੁਝ ਨੌਜਵਾਨਾਂ ਤੋਂ ਤਾਂ ਉਕਤ ਜਥੇਬੰਦੀ ਦੇ ਆਗੂ ਜ਼ਮੀਨ ਵੀ ਨਾਮ ਕਰਵਾ ਲੈਂਦੇ ਹਨ।

ਕਮੇਟੀ ਆਗੂਆਂ ਨੇ ਥਾਣਾ ਡਵੀਜ਼ਨ 7 ਦੇ ਪੁਲਸ ਅਫ਼ਸਰਾਂ ਨਾਲ ਮੁਲਾਕਾਤ ਕਰਕੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਤੇ ਚਿਤਾਵਨੀ ਦਿੱਤੀ ਕਿ ਜੇਕਰ ਮਾਮਲੇ ਵਿੱਚ ਪੁਲਸ ਐਕਸ਼ਨ ਨਾ ਲਿਆ ਗਿਆ ਤਾਂ ਪੰਜਾਬ ਦੇ ਡੀਜੀਪੀ ਨਾਲ ਵਫਦ ਮੁਲਾਕਾਤ ਕਰਕੇ ਮਾਮਲੇ ਬਾਰੇ ਜਾਣੂ ਕਰਵਾਇਆ ਜਾਵੇਗਾ। ਥਾਣਾ ਅਫ਼ਸਰਾਂ ਨੇ ਆਗੂਆਂ ਨੂੰ ਕਰਵਾਈ ਦਾ ਭਰੋਸਾ ਦੁਆਇਆ।ਇਸ ਮੀਟਿੰਗ ਵਿੱਚ ਭਾਈ ਲਾਲੋ ਲੋਕ ਮੰਚ ਤੇ ਸਾਬਕਾ ਵਿਧਾਇਕ ਤਰਸੇਮ ਜੋਧਾਂ, ਸੁਖਦਰਸ਼ਨ ਨੱਤ, ਮਹਿਲਾ ਮੁਕਤੀ ਮੋਰਚਾ ਦੇ ਆਗੂ ਸੁਰਿੰਦਰ ਕੌਰ, ਆਈ ਡੀ ਪੀ ਆਗੂ ਕਰਨੈਲ ਸਿੰਘ ਜਖੇਪਲ, ਹਰਿੰਦਰ ਸਿੰਘ ਸਰਪੰਚ, ਪੀ ਐੱਸ ਯੂ ਦੇ ਆਗੂ ਰਣਵੀਰ ਸਿੰਘ, ਸੁਰਿੰਦਰ ਸਿੰਘ ਲੁਧਿਆਣਾ, ਮੁਨਸ਼ੀ ਮੁਨੀਮ ਯੂਨੀਅਨ ਤੋਂ ਗੁਰਤੇਜ ਸਿੰਘ ਤੇ ਅਮਰੀਕ ਸਿੰਘ ਬੱਲਾ ਸਿੰਘ ਰੱਲਾ ਅਤੇ ਹੋਰ ਕਈ ਖੱਬੇਪੱਖੀ ਤੇ ਜਮਹੂਰੀ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਸੂਬੇ ਦਾ ਤੇਜ਼ੀ ਨਾਲ ਹੋ ਰਿਹੈ ਵਿਕਾਸ : ਬਰਸਟ

■ **ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ**



**ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ/ਰਾਜਿੰਦਰ ਥਿੰਦ)**-ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਵਿਕਾਸ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ।ਪਿੰਡਾਂ ਤੇ ਸ਼ਹਿਰਾਂ ਦੇ ਚਹੁੰਪੱਖੀ ਵਿਕਾਸ ਲਈ ਸਰਕਾਰ ਵੱਲੋਂ ਲਗਾਤਾਰ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ।ਇਸ ਦੇ ਨਾਲ ਹੀ ਸੂਬੇ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍. ਹਰਚੰਦ ਸਿੰਘ ਬਰਸਟ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ ਪੰਜਾਬ ਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਪਟਿਆਲਾ ਦਫ਼ਤਰ ਵਿਖੇ ਆਯੋਜਿਤ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਕੀਤਾ ਗਿਆ।ਲੋਕ ਮਿਲਣੀ ਪ੍ਰੋਗਰਾਮ ਦੌਰਾਨ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਹੋਰ ਇਲਾਕਿਆਂ ਤੋਂ ਆਏ ਲੋਕਾਂ ਵੱਲੋਂ ਆਪਣੀਆਂ ਸਮੱਸਿਆਵਾਂ ਸ੍. ਹਰਚੰਦ ਸਿੰਘ ਬਰਸਟ ਦੇ ਸਾਹਮਣੇ ਰੱਖੀਆਂ ਗਈਆਂ।ਉਨ੍ਹਾਂ ਨੇ ਧਿਆਨ ਨਾਲ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਹੀ ਮੁਸ਼ਕਲਾਂ ਦਾ ਹੱਲ ਕੀਤਾ।ਸ੍. ਬਰਸਟ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਲੋਕਾਂ ਦੇ ਨਾਲ ਖੜੇ ਹਨ।

ਇਸ ਮੌਕੇ ਪਿੰਡਾਂ ਦੇ ਵਿਕਾਸ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਕੰਮਾਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਚੇਅਰਮੈਨ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ।ਇਸ ਲਈ ਉਹ ਖੁਦ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਕੀਤੇ ਜਾਣਗੇ, ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ।ਉਨ੍ਹਾਂ ਨੇ ਸਾਰਿਆਂ ਨੂੰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ, ਤਾਂ ਜੋ ਸੂਬੇ ਨੂੰ ਰੰਗਲਾ ਤੇ ਖੁਸ਼ਹਾਲ ਪੰਜਾਬ ਬਣਾਇਆ ਜਾ ਸਕੇ।

## ਇੰਸਪੈਕਟਰ ਸੌਰਭ ਸੱਭਰਵਾਲ ਨੇ ਥਾਣਾ ਕੋਤਵਾਲੀ ਦਾ ਚਾਰਜ ਸੰਭਾਲਿਆ



**ਨਾਭਾ (ਵਰਿੰਦਰ ਵਰਮਾ)**-ਥਾਣਾ ਕੋਤਵਾਲੀ ਨਾਭਾ ਵਿੱਚ ਇੰਸਪੈਕਟਰ ਸੌਰਭ ਸੱਭਰਵਾਲ ਨੇ ਐੱਸ.ਐੱਚ.ਓ. ਦੇ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਗੱਲਬਾਤ ਕਰਦਿਆਂ ਸੌਰਭ ਸੱਭਰਵਾਲ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਸਖਤ ਕਦਮ ਚੁੱਕੇ ਜਾਣਗੇ।ਨਸ਼ਾ ਖ੍ਰੀਦਣ ਤੇ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੰਦਿਆਂ ਸੱਭਰਵਾਲ ਨੇ ਕਿਹਾ ਕਿ ਜੇਕਰ ਇਲਾਕੇ 'ਚ ਕੋਈ ਨਸ਼ਾ ਵੇਚਦਾ ਹੋਇਆ ਫੜਿਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਲੁੱਟ-ਖੋਹ ਦੀਆਂ ਘਟਨਾਵਾਂ ਰੋਕਣ ਲਈ ਪੁਲਸ ਵੱਲੋਂ ਪੈਟਰੋਲਿੰਗ ਤੇਜ਼ ਕੀਤੀ ਜਾਵੇਗੀ ਤੇ ਲੁਟੇਰਿਆਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਵੇਗਾ।ਉਨ੍ਹਾਂ ਮਕਾਨ ਮਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਰਾਏਦਾਰ ਰੱਖਣ ਸਮੇਂ ਇਸ ਦੀ ਸੂਚਨਾ ਥਾਣਾ ਕੋਤਵਾਲੀ 'ਚ ਜ਼ਰੂਰ ਦਿਓ।

# ਪ੍ਰੋ: ਗੁਰਦਿਆਲ ਸਿੰਘ ਦੇ ਜੀਵਨ ਤੇ ਨਾਵਲ ਕਲਾ 'ਤੇ ਵਿਚਾਰ-ਚਰਚਾ



**ਬਠਿੰਡਾ (ਬਖਤੌਰ ਢਿੱਲੋਂ)**-ਨਾਵਲਕਾਰ ਪਦਮਸ੍ਰੀ ਪ੍ਰੋ: ਗੁਰਦਿਆਲ ਸਿੰਘ ਦੇ ਜਨਮ ਦਿਨ 'ਤੇ ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ 'ਪ੍ਰੋ: ਗੁਰਦਿਆਲ ਸਿੰਘ ਦੇ ਜੀਵਨ ਅਤੇ ਨਾਵਲ ਕਲਾ' ਉੱਪਰ ਸਥਾਨਕ ਟੀਚਰਜ਼ ਹੋਮ ਵਿਖੇ ਇੱਕ ਸਮਾਗਮ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕੀਤੀ। ਮੁੱਖ ਵਕਤੇ ਵਜੋਂ ਡਾ: ਤਰਸੇਮ ਸ਼ਰਮਾ ਤੇ ਡਾ: ਸੁਰਜੀਤ ਬਰਾੜ ਨੇ ਖੁੱਲ੍ਹੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੀ ਸ਼ੁਰੂਆਤ ਅਮਨ ਦਾਤੇਵਾਸੀਆਂ ਨੇ ਗੀਤ ਨਾਲ ਕੀਤੀ ਅਤੇ ਉਪਰੰਤ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਜੀ ਆਇਆਂ ਆਖਦਿਆਂ ਕਿਹਾ ਕਿ ਪ੍ਰੋ: ਗੁਰਦਿਆਲ ਸਿੰਘ ਦੀ ਲੇਖਣੀ ਯਥਾਰਥਵਾਦੀ ਸਾਹਿਤ ਦਾ ਮਜ਼ਬੂਤ ਨਮੂਨਾ ਹੈ। ਉਹ ਪੇਂਡੂ ਜੀਵਨ, ਕਿਰਤੀਆਂ ਦੀਆਂ ਸਮੱਸਿਆਵਾਂ, ਗਰੀਬੀ, ਜਾਤੀ ਪ੍ਰਥਾ ਤੇ ਮਨੁੱਖੀ ਸੰਘਰਸ਼ ਨੂੰ ਸੰਵੇਦਨਸ਼ੀਲਤਾ ਨਾਲ ਦਰਸਾਉਂਦੇ ਹਨ। ਡਾ: ਤਰਸੇਮ ਸ਼ਰਮਾ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਪ੍ਰੋ: ਗੁਰਦਿਆਲ ਸਿੰਘ ਨੇ ਦੁਨੀਆ ਦੇ ਸਾਹਿਤ ਨੂੰ ਵੇਖ ਪਰਖ ਕੇ ਸੋਚਿਆ ਕਿ ਪੰਜਾਬੀ ਸਾਹਿਤ ਉਸ ਪੱਧਰ ਦਾ ਹੋਣਾ ਚਾਹੀਦਾ ਹੈ ਅਤੇ ਹਰ ਸੰਭਵ ਕੋਸ਼ਿਸ਼ ਵੀ ਕੀਤੀ। ਡਾ: ਸੁਰਜੀਤ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੇਖਕ ਆਮ ਨਾਲੋਂ ਦੋ ਕਦਮ ਅੱਗੇ ਹੁੰਦਾ ਹੈ ਅਤੇ ਉਸ ਨੇ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਪ੍ਰੋ: ਗੁਰਦਿਆਲ ਸਿੰਘ ਅਜਿਹਾ ਕਰਦਿਆਂ ਆਪਣੀਆਂ ਰਚਨਾਵਾਂ ਵਿੱਚ ਜ਼ਿੰਦਗੀ ਨੂੰ ਗਤੀਸ਼ੀਲ ਬਣਾਈ ਰਖਦਾ ਹੈ। ਨਾਵਲ ਕਲਾ ਵਿੱਚ ਉਹ ਜ਼ਿੰਦਗੀ ਦੀ ਗਤੀਸ਼ੀਲ ਨੂੰ ਆਧਾਰ ਬਣਾ ਕੇ ਤੁਰਦਾ ਹੈ। ਸ੍ਰੀ ਅਤਰਜੀਤ ਕਹਾਣੀਕਾਰ ਨੇ ਕਿਹਾ ਕਿ ਪ੍ਰੋ: ਗੁਰਦਿਆਲ ਸਿੰਘ ਨੇ ਧਰਾਤਲ ਨਾਲ ਜੁੜ ਕੇ ਊਣਿਆਂ ਵਿਹੂਣਿਆਂ ਲਈ ਨਾਵਲ ਲਿਖੇ ਹਨ।

ਪ੍ਰਧਾਨਗੀ ਭਾਸ਼ਣ ਵਿੱਚ ਸ੍: ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਪ੍ਰੋ: ਗੁਰਦਿਆਲ ਸਿੰਘ ਦੇ ਨਾਵਲ ਸੰਸਾਰ ਪੱਧਰ ਦੇ ਹਨ ਤੇ ਉਨ੍ਹਾਂ ਦੀ ਨਾਵਲ ਕਲਾ ਪਾਠਕਾਂ ਨੂੰ ਬੰਨ੍ਹ ਕੇ ਬਿਠਾਈ ਰਖਦੀ ਹੈ। ਉਨ੍ਹਾਂ ਦੇ ਪਾਤਰਾਂ ਦੀ ਬੋਲੀ ਭਾਸ਼ਾ ਸਧਾਰਨ ਪੇਂਡੂ ਤੇ ਦੇਸੀ ਹੈ। ਉਨ੍ਹਾਂ ਦੇ ਨਾਵਲ ਆਮ ਲੋਕਾਂ ਦੇ ਜੀਵਨ ਨਾਲ ਜੁੜੇ ਹੋਏ ਹਨ ਤੇ ਉਨ੍ਹਾਂ ਦੀ ਜ਼ਿੰਦਗੀ ਦੀ ਬਾਤ ਪਾਉਂਦੇ ਹਨ। ਸ੍ਰੀ ਜਸਵਿੰਦਰ ਜਸ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਮੁੱਖ ਰਖਦਿਆਂ ਪ੍ਰੋ: ਗੁਰਦਿਆਲ ਸਿੰਘ ਸਮਾਜਿਕ ਤਬਦੀਲੀ ਲਈ ਸਾਹਿਤ ਰਚਦੇ ਰਹੇ ਹਨ। ਇਸ ਮੌਕੇ ਸਰਵਸ੍ਰੀ ਲਛਮਣ ਸਿੰਘ ਮਲੂਕਾ, ਸੁਰਿੰਦਰਪ੍ਰੀਤ ਘਣੀਆਂ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਸਭਨਾਂ ਦਾ ਧੰਨਵਾਦ ਕੀਤਾ। ਸਭਾ ਦੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

# ਬਿਜਲੀ ਨਿਗਮੀਕਰਨ ਰੋਕਣ ਲਈ ਸਰਕਾਰ ਵਿਧਾਨ ਸਭਾ 'ਚ ਮਤਾ ਪਾਸ ਕਰੇ : ਕਿਸਾਨ ਆਗੂ

■ **ਐੱਸ ਕੇ ਐੱਮ ਗੈਰ-ਰਾਜਨੀਤਕ ਨੇ ਵਿਧਾਇਕ ਨੂੰ ਮੰਗ ਪੱਤਰ ਸੌਂਪਿਆ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਲੋਂ ਕਿਸਾਨਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੇ ਹੱਲ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੂਬੇ ਦੇ ਸਾਰੇ ਵਿਧਾਇਕਾਂ ਰਾਹੀਂ ਮੰਗ ਪੱਤਰ ਦੇਣ ਦੇ ਕੀਤੇ ਗਏ ਐਲਾਨ ਤਹਿਤ ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੂੰ ਮੰਗ ਪੱਤਰ ਸੌਂਪਿਆ ਗਿਆ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ ਦੀ ਅਗਵਾਈ ਵਿੱਚ ਕਿਸਾਨ ਆਗੂਆਂ ਤੋਂ ਮੰਗ ਪੱਤਰ ਵਿਧਾਇਕ ਦੀ ਗੈਰ-ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ ਤੇ ਮਦਨ ਲਾਲ ਗੋਇਲ ਨੇ ਹਾਸਲ ਕੀਤਾ। ਆਪ ਆਗੂਆਂ ਨੂੰ ਮੰਗ ਪੱਤਰ ਸੌਂਪਣ ਉਪਰੰਤ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ, ਜ਼ਿਲ੍ਹਾ ਪ੍ਰੈੱਸ ਸਕੱਤਰ ਯੁਵਰਾਜ ਸਿੰਘ ਬਾਠ ਤੇ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਸ਼ੁਤਰਾਣਾ ਨੇ ਕਿਹਾ ਕਿ ਲੰਬੇ ਸਮੇਂ ਤੋਂ ਮੰਗਾਂ ਮੰਨਣ ਦੇ ਬਾਵਜੂਦ ਕੇਂਦਰ ਤੇ ਸੂਬਾ ਸਰਕਾਰ ਕਿਸਾਨਾਂ ਨਾਲ ਕੀਤੇ ਗਏ ਕਿਸੇ ਵੀ ਵਾਅਦੇ ਨੂੰ ਪੂਰਾ ਕਰਨ ਤੋਂ ਮੁਨਕਰ ਹਨ।

ਉਨ੍ਹਾਂ ਕਿਹਾ ਕਿ ਹੁਕਮਰਾਨ ਧਿਰਾਂ ਕਾਰਪੋਰੇਟਾਂ ਦਾ ਪੱਖ ਪੂਰਦਿਆਂ ਖੇਤੀ ਸੈਕਟਰ ਨੂੰ ਖਤਮ ਕਰਨ ਲਈ ਲਗਾਤਾਰ ਨੀਤੀਆਂ ਬਣਾ ਰਹੇ ਹਨ, ਜਿਨ੍ਹਾਂ ਵਿੱਚੋਂ ਬਿਜਲੀ ਸੋਧ ਬਿੱਲ ਨੂੰ ਲਾਗੂ ਕੀਤਾ ਜਾਣਾ ਵੀ ਇੱਕ ਹੈ।ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਬਿਜਲੀ ਐਕਟ 2025 ਨੂੰ ਰੱਦ ਕਰਨ ਲਈ ਭੇਜਿਆ ਜਾਵੇ ਤਾਂ ਜੋ ਬਿਜਲੀ ਦੇ ਨਿਗਮੀਕਰਨ ਨੂੰ ਰੋਕਿਆ ਜਾ ਸਕੇ।ਉਨ੍ਹਾਂ ਕਿਹਾ ਕਿ ਕਿਸਾਨਾਂ ਜਾਂ ਪੰਚਾਇਤਾਂ ਨੇ ਬਿਜਲੀ ਬੋਰਡਾਂ ਨੂੰ ਬਿਜਲੀ ਸਟੇਸ਼ਨ ਬਣਾਉਣ ਤੇ ਬਿਜਲੀ ਦੇ ਖੰਭੇ ਲਗਾਉਣ ਲਈ ਆਪਣੀ ਜ਼ਮੀਨ ਦਾਨ ਕੀਤੀ ਹੈ ਤਾਂ ਜੋ ਹਰ ਨਾਗਰਿਕ ਨੂੰ ਬਿਜਲੀ ਦੀ ਪਹੁੰਚ ਹੋਵੇ ਤੇ ਉਹ ਇਸ ਜ਼ਮੀਨ ਜਾਂ ਸਰਕਾਰੀ ਜਾਇਦਾਦ ਨੂੰ ਕਦੇ ਵੀ ਕਾਰਪੋਰੇਟਾਂ ਦੇ ਹੱਥਾਂ ਵਿੱਚ ਨਹੀਂ ਜਾਣ ਦੇਣਗੇ।ਇਸ ਤੋਂ ਇਲਾਵਾ ਪੰਜਾਬ ਸਰਕਾਰ ਤੁਰੰਤ ਪ੍ਰਭਾਵ ਨਾਲ ਸਮਾਰਟ ਮੀਟਰ ਲਗਾਉਣਾ ਬੰਦ ਕਰੇ।ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਸਰਕਾਰ ਬਿਜਲੀ ਬੋਰਡ ਦੇ ਕਬਜ਼ੇ ਵਾਲੀਆਂ ਜ਼ਮੀਨਾਂ ਵੇਚਣ ਦਾ ਆਪਣਾ ਫੈਸਲਾ ਵਾਪਸ ਲਵੇ, ਨਹੀਂ ਤਾਂ ਪੰਜਾਬ ਸਰਕਾਰ ਵਿਰੁੱਧ ਸਖ਼ਤ ਅੰਦੋਲਨ ਕੀਤਾ ਜਾਵੇਗਾ।

## ਭਾਜਪਾ ਮੰਡਲ ਦੀ ਨਵੀਂ ਟੀਮ ਦਾ ਗਠਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਭਾਜਪਾ ਮੰਡਲ ਸਮਾਣਾ ਦੀ ਇਕ ਵਿਸ਼ੇਸ਼ ਮੀਟਿੰਗ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ ਦੀ ਅਗਵਾਈ 'ਚ ਹੋਈ।ਮੀਟਿੰਗ ਦੌਰਾਨ ਭਾਜਪਾ ਮੰਡਲ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿੱਚ ਬਲਦੇਵ ਕ੍ਰਿਸ਼ਨ, ਪ੍ਰਦਮਨ ਭੱਲਾ, ਪੂਜਾ ਬਾਂਸਲ, ਅਨੁਰਾਗ ਬਜਾਜ, ਭੀਮ ਛਾਬੜਾ, ਵਿਨੇ ਸ਼ਰਮਾ ਨੂੰ ਵਾਇਸ ਪ੍ਰਧਾਨ ਬਣਾਇਆ ਗਿਆ।ਇਸੇ ਤਰ੍ਹਾਂ ਵਿਕਾਸ ਸ਼ਰਮਾ ਤੇ ਅਸ਼ਵਨੀ ਚਾਵਲਾ ਨੂੰ ਜਨਰਲ ਸੈਕਟਰੀ, ਨੰਦ ਲਾਲ, ਰਾਜੇਸ਼ ਵਰਮਾ, ਕੇਵਲ ਰਾਮ, ਇਸ਼ੂ ਵਧਵਾ ਤੇ ਮਹਿੰਦਰ ਚਾਵਲਾ ਨੂੰ ਸੈਕਟਰੀ, ਧਰਮ ਪਾਲ (ਬਿੱਟੂ ਧੀਮਾਨ) ਖ਼ਜ਼ਾਨਚੀ, ਸੁਮਿਤ ਸਿੰਗਲਾ ਨੂੰ ਦਫਤਰ ਸੈਕਟਰੀ, ਪ੍ਰੀਕਸ਼ਤ ਪਾਠਕ ਨੂੰ ਯੁਵਾ ਮੋਰਚਾ, ਸ਼ੀਲਾ ਦੇਵੀ ਨੂੰ ਮਹਿਲਾ ਮੋਰਚਾ, ਨਰਿੰਦਰ ਬਾਜਵਾ ਨੂੰ ਕਿਸਾਨ ਮੋਰਚਾ ਤੇ ਜਰਨੈਲ ਸਿੰਘ ਨੂੰ ਐੱਸ. ਸੀ. ਮੋਰਚਾ ਨਿਯੁਕਤ ਕੀਤਾ ਗਿਆ।

# ਸਰਕਾਰ ਦੇ ਮ੍ਰਿਤਕ ਅਧਿਆਪਕ ਜੋੜੇ ਪ੍ਰਤੀ ਗੈਰ-ਸੰਵੇਦਨਸ਼ੀਲ ਵਤੀਰੇ ਵਿਰੁੱਧ ਸੂਬਾ ਪੱਧਰੀ ਰੈਲੀ 18 ਨੂੰ

■ **ਅਧਿਆਪਕ ਜਥੇਬੰਦੀਆਂ ਵੱਲੋਂ 15 ਜਨਵਰੀ ਨੂੰ ਮੋਗਾ ਵਿਖੇ ਕੀਤਾ ਜਾਵੇਗਾ ਕੈਂਡਲ ਮਾਰਚ** ■ **ਸੂਬਾ ਪੱਧਰੀ ਰੈਲੀ ਦੀ ਤਿਆਰੀ ਸੰਬੰਧੀ ਅਧਿਆਪਕ ਜਥੇਬੰਦੀਆਂ ਦੀ ਮੀਟਿੰਗ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੀਆਂ ਬਲਾਕ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਪਣੀ ਜਾਨ ਗਵਾਉਣ ਵਾਲੇ ਅਧਿਆਪਕ ਪਤੀ-ਪਤਨੀ ਪ੍ਰਤੀ ਪੰਜਾਬ ਦੀ ਆਪ ਸਰਕਾਰ ਵੱਲੋਂ ਅਪਣਾਇਆ ਜਾ ਰਿਹਾ ਵਤੀਰਾ ਬਹੁਤ ਹੀ ਮੰਦਭਾਗਾ ਤੇ ਨਿੰਦਣ ਯੋਗ ਹੈ।ਅਧਿਆਪਕ ਜੋੜੇ ਦੇ ਭੋਗ ਨੂੰ ਪਏ ਵੀ ਕਾਫੀ ਦਿਨ ਹੋ ਗਏ ਹਨ, ਪਰ ਪੰਜਾਬ ਦੀ ਆਪ ਸਰਕਾਰ ਵੱਲੋਂ ਮ੍ਰਿਤਕ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਪੜ੍ਹਾਈ ਤੋਂ ਬਾਅਦ ਸਰਕਾਰੀ ਨੌਕਰੀ ਤੇ ਗੁਜ਼ਾਰੇ ਲਈ ਤਸੱਲੀ ਬਖ਼ਸ਼ ਮੁਆਵਜ਼ਾ ਦੇਣ ਲਈ ਅਜੇ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਤੋਂ ਸਰਕਾਰ ਦਾ ਅਧਿਆਪਕ ਜੋੜੇ ਦੇ ਪਰਿਵਾਰ ਪ੍ਰਤੀ ਮਤਰੇਆ ਸਲੂਕ ਜ਼ਾਹਰ ਹੋ ਰਿਹਾ ਹੈ। ਇਸ ਦੇ ਰੋਸ ਵਜੋਂ ਅਧਿਆਪਕ ਜਥੇਬੰਦੀਆਂ ਵੱਲੋਂ 18 ਜਨਵਰੀ ਨੂੰ ਮੋਗਾ ਵਿਖੇ ਰੋਹ ਭਰਪੂਰ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਦੀ ਤਿਆਰੀ ਲਈ ਮੋਗਾ ਦੇ ਨੇਚਰ ਪਾਰਕ ਵਿਖੇ ਅਧਿਆਪਕ ਇਨਸਾਫ ਕਮੇਟੀ ਦੀ ਮੀਟਿੰਗ ਕੀਤੀ ਗਈ ਅਤੇ ਇਸ ਰੈਲੀ ਨੂੰ ਸਫਲ ਬਣਾਉਣ ਲਈ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਮੋਗਾ ਸ਼ਹਿਰ ਵਿੱਚ 15 ਜਨਵਰੀ ਨੂੰ ਕੈਂਡਲ ਮਾਰਚ ਵੀ ਕੀਤਾ ਜਾਵੇਗਾ।ਕਮੇਟੀ ਦੇ ਆਗੂਆਂ ਦਿਗਵਿਜੇ ਪਾਲ ਸ਼ਰਮਾ, ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਗੁਰਪ੍ਰੀਤ ਸਿੰਘ ਅਮੀਵਾਲ, ਹਰਜੰਟ ਸਿੰਘ ਬੋਡੇ ਹਰਪ੍ਰੀਤ ਸਹਿਗਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਇਨਕਲਾਬ ਦਾ ਵਾਅਦਾ ਕਰ ਕੇ ਆਈ ਆਪ ਸਰਕਾਰ ਤੇ ਉਸ ਦਾ ਮੁੱਖ ਮੰਤਰੀ ਭਗਵੰਤ ਮਾਨ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਲੋਕਾਂ ਨਾਲ ਮਿਲਣ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਵੀ ਮੁਨਕਰ ਹੋ ਚੁੱਕਿਆ।ਕਮੇਟੀ ਆਗੂਆਂ ਸੁਖਪਾਲਜੀਤ ਸਿੰਘ ਜੱਜਪਾਲ ਸਿੰਘ ਬਾਜੇਕੇ, ਜਤਿੰਦਰ ਭੋਲਾ, ਅੰਮ੍ਰਿਤਪਾਲ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ, ਇਨ੍ਹਾਂ ਦੇ ਮੰਤਰੀ ਤੇ ਇਨ੍ਹਾਂ ਦਾ ਪੰਜਾਬ ਇੰਚਾਰਜ ਮਨੀਸ਼ ਸੀਸੋਦੀਆਂ ਸਿੱਖਿਆ ਕ੍ਰਾਂਤੀ ਦੇ ਗੁਣਗਾਨ ਕਰਦੇ ਨੀਂ ਥੱਕਦੇ, ਪਰ ਇਨ੍ਹਾਂ 'ਚੋਂ ਕਿਸੇ ਨੇ ਵੀ ਅਧਿਆਪਕ ਦੇ ਪਰਿਵਾਰ ਦਾ ਹਾਲਚਾਲ ਪੁੱਛਣਾ ਵੀ ਜ਼ਰੂਰੀ ਨਾ ਸਮਝਿਆ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਗੈਰ-ਸੰਵੇਦਨਸ਼ੀਲ ਤੇ ਮਤਰੇਏ ਸਲੂਕ ਖਿਲਾਫ਼ 18 ਜਨਵਰੀ ਦੀ ਸੂਬਾ ਪੱਧਰੀ ਰੈਲੀ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਣਗੇ। ਇਸ ਮੌਕੇ ਜਸਵੰਤ ਕੜਿਆਲ, ਵਿਸ਼ਾਲ ਸ਼ਰਮਾ ਪੁਨੀਤ ਕੁਮਾਰ, ਤਜਿੰਦਰ ਸਿੰਘ ਆਦਿ ਹਾਜ਼ਰ ਸਨ।

## ਗਣਿਤ ਵਿਭਾਗ ਵੱਲੋਂ ਫੈਕਲਟੀ ਡਿਵੈਲਪਮੈਂਟ ਵਰਕਸ਼ਾਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗਣਿਤ ਵਿਭਾਗ ਨੇ ਲੇਟੈਕਸ ਉੱਤੇ ਇੱਕ ਹਫ਼ਤੇ ਦੀ ਫੈਕਲਟੀ ਡਿਵੈਲਪਮੈਂਟ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ।ਮਾਣਯੋਗ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਵਰਕਸ਼ਾਪ ਦੀ ਪਹਿਲਕਦਮੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਫੈਕਲਟੀ ਵਿਕਾਸ ਗਤਿਵਿਧੀਆਂ ਅਕਾਦਮਿਕ ਗੁਣਵੱਤਾ, ਖੋਜ ਤੇ ਪੇਸ਼ੇਵਰ ਲਿਖਤ ਲਈ ਬਹੁਤ ਮਹੱਤਵਪੂਰਨ ਹਨ।ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਫੈਕਲਟੀ ਮੈਂਬਰਾਂ ਨੂੰ ਲੇਟੈਕਸ ਸੌਫਟਵੇਅਰ ਟੂਲ ਦੀ ਪ੍ਰਭਾਵਸ਼ਾਲੀ ਵਰਤੋਂ ਲਈ ਲੋੜੀਂਦੇ ਗਿਆਨ ਤੇ ਹੁਨਰਾਂ ਨਾਲ ਸਸ਼ਕਤ ਕਰਨਾ ਸੀ, ਜੋ ਕਿ ਅਕਾਦਮਿਕ ਲਿਖਤ, ਦਸਤਾਵੇਜ਼ੀਕਰਨ ਤੇ ਪ੍ਰਕਾਸ਼ਨ ਲਈ ਆਧੁਨਿਕ ਸਿੱਖਿਆ ਤੇ ਖੋਜ ਪ੍ਰਣਾਲੀ ਵਿੱਚ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ।ਵਰਕਸ਼ਾਪ ਦੇ ਵਿਦਵਾਨ ਵਕਤਾ ਡਾ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ, ਡਾ. ਰਿਚਾ ਬਰਾੜ ਮੁਖੀ ਗਣਿਤ ਵਿਭਾਗ ਤੇ ਡਾ. ਬ੍ਰਹਿਮੀਤ ਕੌਰ ਸਹਾਇਕ ਪ੍ਰੋਫੈਸਰ ਗਣਿਤ ਵਿਭਾਗ ਸਨ।ਸਾਰੇ ਸਰੋਤ ਵਿਅਕਤੀਆਂ ਨੇ ਉਪਭੋਗਤਾ ਦੀ ਸਰਗਰਮ ਸ਼ਮੂਲੀਅਤ ਤੇ ਪ੍ਰਭਾਵਸ਼ੀਲਤਾ 'ਤੇ ਜ਼ੋਰ ਦਿੰਦਿਆਂ, ਵੱਖ-ਵੱਖ ਅਕਾਦਮਿਕ ਤੇ ਖੋਜ ਖੇਤਰਾਂ ਦੀਆਂ ਲੋੜਾਂ ਅਨੁਸਾਰ ਲੇਟੈਕਸ ਦੀ ਵਿਹਾਰਕ ਵਰਤੋਂ ਬਾਰੇ ਜਾਣਕਾਰੀ ਸਾਂਝੀ ਕੀਤੀ।ਵਰਕਸ਼ਾਪ ਦੇ ਅੰਤਿਮ ਦਿਨ ਭਾਗੀਦਾਰਾਂ ਨੇ ਸਿਖਲਾਈ ਦੀ ਉਪਯੋਗਤਾ ਤੇ ਇਸ ਦੀ ਵਿਹਾਰਕ ਪ੍ਰਸੰਗਿਕਤਾ ਨੂੰ ਉਜਾਗਰ ਕਰਦਿਆਂ ਆਪਣੇ ਫੀਡਬੈਕ ਤੇ ਅਨੁਭਵ ਸਾਂਝੇ ਕੀਤੇ।ਵਰਕਸ਼ਾਪ ਦੀ ਸਮਾਪਤੀ ਡਾ. ਰਿਚਾ ਬਰਾੜ ਵੱਲੋਂ ਧੰਨਵਾਦ ਦੇ ਮਤੇ ਨਾਲ ਹੋਈ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੰਡੇ ਗਏ।

## ਮਰਹੂਮ 'ਆਪ' ਆਗੂ ਸੰਦੀਪ ਸਿੰਗਲਾ ਦੇ ਜਨਮ ਦਿਨ 'ਤੇ ਲਗਾਇਆ ਅਤੁੱਟ ਲੰਗਰ




**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮਾਨਵਤਾ ਦੀ ਸੇਵਾ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਨੂੰ ਸਮਰਪਤ ਰਹਿਣ ਵਾਲੇ ਪੰਜਾਬ ਗਊਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਵੱਲੋਂ ਆਪਣੇ ਸਵਰਗੀ ਪੁੱਤਰ ਤੇ ਆਮ ਆਦਮੀ ਪਾਰਟੀ ਦੇ ਸਾਬਕਾ ਸੂਬਾਈ ਆਗੂ ਮਰਹੂਮ ਸੰਦੀਪ ਸਿੰਗਲਾ ਦੇ ਜਨਮ ਦਿਨ ਮੌਕੇ ਸਥਾਨਕ ਸਿਵਲ ਹਸਪਤਾਲ ਧੂਰੀ ਵਿਖੇ ਵਿਸ਼ੇਸ਼ ਤੌਰ 'ਤੇ ਅਤੁੱਟ ਲੰਗਰ ਲਗਾਇਆ ਗਿਆ।ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸੰਦੀਪ ਸਿੰਗਲਾ ਦੀ ਯਾਦ ਨੂੰ ਤਾਜ਼ਾ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ ਭਰਾ ਸੰਦੀਪ ਸਿੰਗਲਾ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਤੇ ਸਮਾਜ ਪ੍ਰਤੀ ਉਨ੍ਹਾਂ ਦੀ ਸੇਵਾ ਭਾਵਨਾ ਹਮੇਸ਼ਾ ਯਾਦ ਰੱਖੀ ਜਾਵੇਗੀ।ਸੇਵਾ ਸੰਮਤੀ ਧੂਰੀ ਦੇ ਪ੍ਰਧਾਨ ਰਾਕੇਸ਼ ਗਰਗ, ਇੰਚਾਰਜ ਸੁਖਵਿੰਦਰ ਸਿੰਘ ਕਾਂਝਲਾ ਤੇ ਪਿਆਰ ਚੰਦ ਸੰਖਿਆਨ ਸਮੇਤ ਸਮੁੱਚੇ ਕਾਰਕੁਨਾਂ ਨੇ ਸਿੰਗਲਾ ਪਰਿਵਾਰ ਵੱਲੋਂ ਮਾਨਵਤਾ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਲੰਗਰ ਦੌਰਾਨ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਿਸਾਂ ਨੂੰ ਸ਼ਰਧਾਪੂਰਵਕ ਭੋਜਨ ਛਕਾਇਆ ਗਿਆ।ਅਸ਼ੋਕ ਕੁਮਾਰ ਲੱਖਾ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਲੋੜਵੰਦਾਂ ਦੀ ਸੇਵਾ ਕਰਕੇ ਆਪਣੇ ਪੁੱਤਰ ਦੀਆਂ ਯਾਦਾਂ ਨੂੰ ਜਿਉਂਦਾ ਰੱਖਣਾ ਹੈ।

## ਅਜ਼ਾਦੀ ਘੁਲਟੀਆਂ ਉੱਤਰਾਅਧਿਕਾਰੀ ਸੰਸਥਾ ਜ਼ਿਲ੍ਹਾ ਮਾਨਸਾ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਅਜ਼ਾਦੀ ਘੁਲਾਟੀਆ ਉੱਤਰਾ ਅਧਿਕਾਰੀ ਜ਼ਿਲ੍ਹਾ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਘਵੀਰ ਸਿੰਘ ਜਟਾਣਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫਰੀਡਮ ਫਾਈਟਰਜ਼ ਦੇ ਵਾਰਿਸਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ ਰਜਿ. (196) ਪੰਜਾਬ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਸੰਬੰਧੀ 15 ਜਨਵਰੀ ਤੋਂ ਸੰਗਰੂਰ ਵਿਖੇ ਲੜੀਵਾਰ ਸ਼ਾਂਤਮਈ ਰੋਸ ਧਰਨੇ ਸੰਬੰਧੀ ਸ਼ਮੂਲੀਅਤ ਕਰਨ ਦਾ ਫੈਸਲਾ ਲਿਆ ਗਿਆ।26 ਜਨਵਰੀ ਨੂੰ ਗਣੰਤਤਰਤਾ ਦਿਵਸ ਵਿੱਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਵਿੱਚ ਅਜ਼ਾਦੀ ਘੁਲਟੀਆਂ ਵੱਲੋਂ ਸ਼ਾਮਲ ਤਾਂ ਹੋਇਆ ਜਾਵੇਗਾ, ਪ੍ਰੰਤੂ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਦਿੱਤਾ ਜਾਣ ਵਾਲਾ ਕੋਈ ਵੀ ਸਨਮਾਨ (ਭੇਟ) ਨਹੀਂ ਲਿਆ ਜਾਵੇਗਾ, ਕਿਉਂਕਿ ਅਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਵਾਰਿਸਾਂ ਦਾ ਕਹਿਣਾ ਹੈ ਕਿ ਉਹ ਕੋਈ ਭਿਖਾਰੀ ਨਹੀਂ ਹਨ, ਸਗੋਂ ਉਸ ਸਨਮਾਨ ਦੀ ਜ਼ਰੂਰਤ ਹੈ ਜੋ ਦੇਸ਼ ਭਗਤਾਂ ਦਾ ਸੰਵਿਧਾਨਕ ਹੱਕ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਦੇ ਕੇ ਹਰ ਵਾਰ ਮੀਟਿੰਗ ਨਾ ਕਰਨ ਕਾਰਨ ਅਜ਼ਾਦੀ ਘੁਲਾਟੀਆਂ ਤੇ ਉਨ੍ਹ ਦੇ ਵਾਰਿਸਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਮੁੱਖ ਮੰਤਰੀ ਦੇ ਨਾਮ 'ਤੇ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਨੂੰ ਰੋਸ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ, ਸ਼ਹਿਰੀ ਪ੍ਰਧਾਨ ਰਘਵੀਰ ਸਿੰਘ ਝੱਬਰ, ਜਗਸੀਰ ਸਿੰਘ ਖਜ਼ਾਨਚੀ ਲਾਲਿਆਂਵਾਲੀ, ਬਲਵੰਤ ਸਿੰਘ, ਹਰਬੰਸ ਸਿੰਘ ਨਿਧੱੜਕ, ਜਸਵੀਰ ਸਿੰਘ ਭੈਣੀਬਾਘਾ, ਸੁਖਦੀਪ ਸਿੰਘ ਰੱਲਾ, ਸੁਖਦੀਪ ਕੌਰ ਅਕਲੀਆ, ਜਸਵੀਰ ਵਰਮਾ (ਦਫਤਰੀ ਸਲਾਹਕਾਰ), ਜਸਵੰਤ ਸਿੰਘ ਬੁਢਲਾਡਾ, ਜਸਵੰਤ ਸਿੰਘ ਦਲੇਲ ਸਿੰਘ ਵਾਲਾ, ਬਲਵੀਰ ਸਿੰਘ ਝੱਬਰ, ਸੁਖਪਾਲ ਕੌਰ, ਸਤਨਾਮ ਕੌਰ, ਵੀਰਪਾਲ ਕੌਰ ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਰਜਿਸਟ੍ਰੇਸ਼ਨ ਲਈ ਚੋਣ ਕਮਿਸ਼ਨ ਤੱਕ ਪਹੁੰਚ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੀ ਸਿਆਸਤ ਵਿੱਚ ਇੱਕ ਨਵੇਂ ਅਧਿਆਏ ਦਾ ਆਗਾਜ਼ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਉੱਚ-ਪੱਧਰੀ ਲੀਡਰਸ਼ਿਪ ਨੇ ਭਾਰਤੀ ਚੋਣ ਕਮਿਸ਼ਨ ਦੇ ਮੈਂਬਰ ਡਾ. ਸੁਖਬੀਰ ਸਿੰਘ ਸੰਧੂ ਨਾਲ ਅਹਿਮ ਮੁਲਾਕਾਤ ਕੀਤੀ।ਇਸ ਬੈਠਕ ਦੌਰਾਨ ਵਫ਼ਦ ਨੇ 'ਸ਼੍ਰੋਮਣੀ ਅਕਾਲੀ ਦਲ ਪੰਜਾਬ' ਦੇ ਨਾਮ ਹੇਠ ਪਾਰਟੀ ਦੀ ਰਜਿਸਟ੍ਰੇਸ਼ਨ ਸਬੰਧੀ ਰਸਮੀ ਕਾਰਵਾਈਆਂ ਬਾਰੇ ਵਿਸਤਾਰ ਵਿੱਚ ਚਰਚਾ ਕੀਤੀ ਤੇ ਪਾਰਟੀ ਦੇ ਭਵਿੱਖੀ ਨਿਸ਼ਾਨਿਆਂ 'ਤੇ ਵਿਚਾਰਧਾਰਾ ਤੋਂ ਕਮਿਸ਼ਨ ਨੂੰ ਜਾਣੂ ਕਰਵਾਇਆ।ਮੁਲਾਕਾਤ ਦੇ ਵੇਰਵੇ ਸਾਂਝੇ ਕਰਦਿਆਂ ਪਾਰਟੀ ਦੇ ਮੋਹਰੀ ਆਗੂ ਤੇ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੇ ਦੱਸਿਆ ਕਿ ਪਾਰਟੀ ਨੇ ਆਪਣੀ ਪਲੇਠੀ ਪਹਿਲ ਵਜੋਂ 'ਤੀਰ-ਕਮਾਨ' ਨੂੰ ਚੋਣ ਨਿਸ਼ਾਨ ਵਜੋਂ ਹਾਸਲ ਕਰਨ ਦੀ ਪ੍ਰਕਿਰਿਆ ਆਰੰਭ ਦਿੱਤੀ ਹੈ।ਉਨ੍ਹਾਂ ਇਸ ਸਬੰਧੀ ਹੇਠ ਲਿਖੇ ਅਹਿਮ ਤੱਥ ਪੇਸ਼ ਕਰਦਿਆਂ ਪਾਰਟੀ ਲਈ ਪਹਿਲੀ ਤਰਜੀਹ 'ਸ਼੍ਰੋਮਣੀ ਅਕਾਲੀ ਦਲ ਪੰਜਾਬ' ਰੱਖੀ ਗਈ ਹੈ।ਵਿਕਲਪ ਵਜੋਂ 'ਸ਼੍ਰੋਮਣੀ ਅਕਾਲੀ ਦਲ ਸਰਬ ਹਿੰਦ' ਸਮੇਤ ਦੋ ਹੋਰ ਨਾਵਾਂ ਦੀ ਤਜਵੀਜ਼ ਵੀ ਪੇਸ਼ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਜਥੇਬੰਦੀ ਨੂੰ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਰਜਿਸਟਰ ਕਰਵਾਇਆ ਜਾ ਰਿਹਾ ਹੈ।ਸ੍ਰੀ ਬਰਨਾਲਾ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਦੇ ਮੌਜੂਦਾ ਰਾਜਨੀਤਕ ਹਾਲਾਤ ਵਿੱਚ ਲੋਕਾਂ ਨੂੰ ਇੱਕ ਠੋਸ ਤੇ ਭਰੋਸੇਯੋਗ ਸਿਆਸੀ ਬਦਲ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਚੋਣ ਮੈਦਾਨ ਵਿੱਚ ਇੱਕ ਨਵੀਂ ਊਰਜਾ ਨਾਲ ਨਿੱਤਰਾਂਗੇ।ਸਾਡਾ ਮਕਸਦ ਸੂਬੇ ਦੇ ਹਿੱਤਾਂ ਦੀ ਪਹਿਰੇਦਾਰੀ ਕਰਨਾ ਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਹੈ।

## ਯੂਥ ਵਿੰਗ ਦੀ ਮੀਟਿੰਗ 'ਚ 10 ਲੱਖ ਤੱਕ ਦੀ ਬੀਮਾ ਯੋਜਨਾ ਸੰਬੰਧੀ ਵਿਚਾਰਾਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੀ ਇੱਕ ਮੀਟਿੰਗ ਹਲਕਾ ਪ੍ਰਧਾਨ ਦਿਲਪ੍ਰੀਤ ਸਿੰਘ ਭੱਟੀ ਦੀ ਅਗਵਾਈ ਵਿੱਚ ਫਤਿਹਗੜ੍ਹ ਸਾਹਿਬ ਵਿਖੇ ਹੋਈ।ਇਸ ਮੌਕੇ ਐਡਵੋਕੇਟ ਕੰਵਰਵੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਦਿਲਪ੍ਰੀਤ ਸਿੰਘ ਭੱਟੀ ਨੇ ਦੱਸਿਆ ਕਿ ਆਦਮੀ ਪਾਰਟੀ ਦੇ ਯੂਥ ਵਿੰਗ ਵੱਲੋਂ ਉਕਤ ਮੀਟਿੰਗ ਰੱਖੀ ਗਈ ਸੀ, ਜਿਸ ਵਿੱਚ ਪੰਜਾਬ ਸਰਕਾਰ ਦੀ 10 ਲੱਖ ਰੁਪਏ ਤੱਕ ਦੀ ਬੀਮਾ ਯੋਜਨਾ ਦੇ ਸੰਬੰਧ ਵਿੱਚ ਵਿਚਾਰਾਂ ਕੀਤੀਆਂ ਗਈਆਂ ਹਨ।ਭੱਟੀ ਨੇ ਦੱਸਿਆ ਕਿ ਪਾਰਟੀ ਵੱਲੋਂ ਉਨ੍ਹਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਪੰਜਾਬ ਸਰਕਾਰ ਦੀ 10 ਲੱਖ ਰੁਪਏ ਤੱਕ ਦੀ ਯੋਜਨਾ ਦਾ ਲਾਭ ਘਰ ਘਰ ਤੱਕ ਪਹੁੰਚਾਇਆ ਜਾ ਸਕੇ।ਯੂਥ ਵਿੰਗ ਵੱਲੋਂ ਪਿੰਡਾਂ ਦੇ ਵਿੱਚ ਰਾਬਤਾ ਕਾਇਮ ਕੀਤਾ ਜਾਵੇਗਾ ਤੇ ਰਜਿਸਟਰੇਸ਼ਨ ਸਬੰਧੀ ਪਰਚੀ ਜਾਰੀ ਕੀਤੀ ਜਾਵੇਗੀ ਤਾਂ ਜੋ ਹਰ ਵਿਅਕਤੀ ਐੱਸ ਸੀ ਐੱਸ ਸੈਂਟਰ ਜਾ ਕੇ ਆਪਣਾ 10 ਲੱਖ ਤੱਕ ਦਾ ਬੀਮਾ ਕਾਰਡ ਬਣਵਾ ਸਕੇ।ਇਸ ਮੌਕੇ ਐਡਵੋਕੇਟ ਕੰਵਰ ਵੀਰ ਸਿੰਘ ਰਾਏ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਯਤਨਸ਼ੀਲ ਹੈ।ਪੰਜਾਬ ਸਰਕਾਰ ਲੋਕਾਂ ਦੀ ਸਿਹਤ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ ਤੇ ਆਮ ਲੋਕਾਂ ਨੂੰ ਮਹਿੰਗੇ ਇਲਾਜ ਤੋਂ ਬਚਾਉਣ ਲਈ 10 ਲੱਖ ਦਾ ਵੀ ਬੀਮਾ ਯੋਜਨਾ ਕਾਰਡ ਲੈ ਕੇ ਆਈ ਹੈ ਤਾਂ ਜੋ ਆਰਥਿਕ ਪੱਖੋਂ ਕਮਜ਼ੋਰ ਵਿਅਕਤੀਆਂ ਨੂੰ ਵੀ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ।ਆਮ ਲੋਕਾਂ ਵੱਲੋਂ ਵੀ ਸਰਕਾਰ ਦੇ ਇਸ ਉਪਰਾਲੇ ਦੀ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ।

# 3.34 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਸ਼ੁਰੂਆਤ

**ਪਠਾਨਕੋਟ, (ਦਵਿੰਦਰ ਸਿੰਘ)**

ਵਿਧਾਨ ਸਭਾ ਹਲਕਾ ਭੋਆ ਦੇ ਕੁੱਝ ਪਿੰਡ ਜੋ ਕਿ ਪਹਿਲਾਂ ਪਿੰਡ ਸਨ ਅਤੇ ਹੁਣ ਕਾਰਪੋਰੇਸ਼ਨ ਦੀ ਹੱਦ ਅੰਦਰ ਆਉਣ ਕਰਕੇ ਕਾਰਪੋਰੇਸ਼ਨ ਦਾ ਹਿੱਸਾ ਹਨ, ਹੁਣ ਤੱਕ ਦੀਆਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਹੁੰਦੇ ਰਹੇ। ਹੁਣ ਇਥੇ 3.34 ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾ ਦਿੱਤੇ ਗਏ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਲਾ ਜਮਾਲਪੁਰ ਅਤੇ ਪਿੰਡ ਕੋਠੀ ਪੰਡਿਤਾਂ ਵਿਖੇ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾਉਣ ਮਗਰੋਂ ਕੀਤਾ।ਇਸ ਮੌਕੇ ਬਲਜਿੰਦਰ ਕੌਰ ਬਲਾਕ ਪ੍ਰਧਾਨ, ਅੰਮ੍ਰਿਤ ਮਹਿਰਾ, ਤਨੂ ਠਾਕੁਰ, ਜੋਗਿੰਦਰ ਪਾਲ, ਸੰਜੇ ਪਾਸੀ, ਵਿੱਕੀ, ਪੱਪੀ, ਜੋਤੀ ਬਾਜਵਾ, ਕਾਕਾ ਬਾਜਵਾ, ਨਰਿੰਦਰ ਸਿੰਘ, ਸੋਹਣ ਲਾਲ ਸਾਬਕਾ ਕੌਂਸਲਰ, ਪ੍ਰਭਜੋਤ ਐਕਸੀਅਨ ਕਾਰਪੋਰੇਸ਼ਨ ਪਠਾਨਕੋਟ, ਪੰਕਜ ਐੱਸਡੀਓ ਕਾਰਪੋਰੇਸ਼ਨ, ਨਰੇਸ਼ ਕੁਮਾਰ ਅਤੇ ਵਿਸ਼ਾਲ ਕੁਮਾਰ ਜੇਈ, ਲੋਕਿੰਦਰ ਵਰਮਾ ਉਪ ਮੰਡਲ ਇੰਜੀਨੀਅਰ, ਜਗਦੀਪ ਜੇਈ. ਸੀਵਰੇਜ ਬੋਰਡ, ਦਿਵਤੇਸ਼ ਵਿਰਦੀ ਕਾਰਜਕਾਰੀ ਇੰਜ. ਸੀਵਰੇਜ ਬੋਰਡ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਪੰਜ ਵਾਰਡਾਂ ਦਾ ਖੇਤਰ ਜਿਸ ਵਿੱਚ ਵੱਖ-ਵੱਖ ਪਿੰਡ ਸ਼ਾਮਲ ਹਨ ਅਤੇ ਇਹ ਪਿੰਡ ਪ੍ਰਸ਼ਾਸਨੀਆਂ ਨਾਲ ਲਗਦੇ ਰਹੇ ਪਰ ਉਸ ਸਮੇਂ ਇਨ੍ਹਾਂ ਪਿੰਡਾਂ ਵਿੱਚ ਕੋਈ ਵੀ ਵਿਕਾਸ ਕਾਰਜ ਨਹੀਂ ਹੋ ਸਕਿਆ।ਉਨ੍ਹਾਂ ਕਿਹਾ ਕਿ ਅੱਜ ਕਰੀਬ 3.34 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਾਰਡਾਂ ਅੰਦਰ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿੰਡ ਜਮਾਲਪੁਰ ਵਿਖੇ ਕਰੀਬ 1 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਪੰਪਿੰਗ ਸਿਸਟਮ ਦਾ ਨਿਰਮਾਣ ਕਾਰਜ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਡੇਅਰੀਵਾਲ ਤੋਂ ਜਮਾਲਪੁਰ ਅਤੇ ਦੂਸਰਾ ਜਮਾਲਪੁਰ ਤੋਂ ਕੋਠੀ ਪੰਡਿਤਾਂ ਨੂੰ ਜਾਣ ਵਾਲਿਆਂ ਮੁੱਖ ਗਲੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਏ ਗਏ ਹਨ। ਇਸ ਮੌਕੇ ਮਾਰਗ ਨੂੰ ਜਲਦੀ ਹੀ ਪੂਰਾ ਕਰਕੇ ਇਹ ਰੋਡ ਕੋਠੀ ਪੰਡਿਤਾ, ਡੇਅਰੀਵਾਲ ਅਤੇ ਜਮਾਲਪੁਰ ਦੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅੱਜ ਵੀ ਜੋ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਦਰਜਨਾਂ ਪਿੰਡਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।



# ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 16 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 16 ਜਨਵਰੀ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਸਵੇਰੇ 11 ਵਜੇ ਹੋਵੇਗੀ।ਦਫ਼ਤਰ ਤੋਂ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਪਹਿਲਾਂ 12 ਜਨਵਰੀ ਨੂੰ ਬੁਲਾਈ ਗਈ ਸੀ, ਜੋ ਜ਼ਰੂਰੀ ਰੁਝੇਵਿਆਂ ਕਾਰਨ ਹੁਣ 16 ਜਨਵਰੀ ਨੂੰ ਹੋਵੇਗੀ।ਉਨ੍ਹਾਂ ਕਿਹਾ ਕਿ ਇਸ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਪਹਿਲਾਂ ਭੇਜੇ ਗਏ ਏਜੰਡੇ ਤਹਿਤ ਰੁਟੀਨ ਅਨੁਸਾਰ ਵਿਚਾਰਾਂ ਕੀਤੀਆਂ ਜਾਣਗੀਆਂ।ਇਸ ਸਬੰਧ ਵਿੱਚ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਡਾ. ਇੰਦਰ ਪਾਲ ਨੂੰ ਜਾਗਰਣ ਕਮੇਟੀ ਨੇ ਕੀਤਾ ਸਨਮਾਨਿਤ



**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**-ਮਾਤਾ ਵੈਸ਼ਨੋ ਦੇਵੀ ਦਾ ਜਾਗਰਣ ਹਰਗੋਬਿੰਦਪੁਰਾ ਗਲੀ ਨੰਬਰ 3, ਗੁਰੂ ਕੀ ਵਡਾਲੀ ਰੋਡ ਵਿਚ ਜਗਤਾਰ ਕੁਮਾਰ ਤੇ ਸੁੱਖ ਪ੍ਰਧਾਨ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਜੋਤ ਜਵਾਲਾ ਜੀ ਤੋਂ ਲਿਆਂਦੀ ਗਈ। ਜਾਗਰਣ ਵਿਚ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਐੱਸ.ਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾ. ਇੰਦਰ ਪਾਲ ਤੇ ਰਿੰਕੂ ਜੀ.ਐੱਮ ਵੀ ਪਹੁੰਚੇ ਅਤੇ ਉਨ੍ਹਾਂ ਨੇ ਮਾਤਾ ਵੈਸ਼ਣੋ ਦੇਵੀ ਜੀ ਅਸ਼ੀਰਵਾਦ ਲਿਆ। ਦੋਵਾਂ ਸਖਸ਼ੀਅਤਾਂ ਨੂੰ ਜਾਗਰਣ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਮੇਸ਼ ਕੁਮਾਰ ਗੇਜਾ, ਵਿਪਨ ਕੁਮਾਰ ਸ਼ਰਮਾ, ਗੋਰੀ, ਰਿੱਕੀ, ਹਨੀ, ਦੀਪਕ ਬਾਊ ਤੇ ਮੁਹੱਲਾ ਵਾਸੀ ਹਾਜ਼ਰ ਸਨ।

# ਬਿਜਲੀ ਸੋਧ ਬਿੱਲ ਖਿਲਾਫ ਸੰਯੁਕਤ ਕਿਸਾਨ ਮੋਰਚਾ ਤੇ ਟ੍ਰੇਡ ਯੂਨੀਅਨਾਂ ਵੱਲੋਂ ਸਾਂਝੀ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**

ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ-2025 ਵਿਰੁੱਧ ਲਾਮਬੰਦੀ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਅਤੇ ਟ੍ਰੇਡ ਯੂਨੀਅਨਾਂ ਦੀ ਸਾਂਝੀ ਮੀਟਿੰਗ ਬਾਠ ਸਾਹਿਬ ਵਿਖੇ ਹੋਈ ਜਿਸ ਵਿਚ ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ ਭੋਆ ਅਤੇ ਬਲਵੰਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪਰਸ਼ੋਤਮ ਕੁਮਾਰ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ, ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਖਤਿਆਰ ਸਿੰਘ ਤੇ ਕੁਲਬੀਰ ਸਿੰਘ, ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਆਈ. ਐੱਸ. ਗੁਲਾਟੀ, ਟ੍ਰੇਡ ਯੂਨੀਅਨਾਂ ਦੇ ਪਾਵਰਕਾਮ ਪੈਨਸ਼ਨਰ ਵੱਲੋਂ ਹੰਸ ਰਾਜ, ਫੌਜਾ ਸਿੰਘ, ਸੁੰਦਰ ਸਿੰਘ, ਇਫਟੂ ਵੱਲੋਂ ਵਿਜੈ ਕੁਮਾਰ, ਕਮਲ ਕਿਸ਼ੋਰ, ਰਾਮ ਲਾਲ, ਸੀਟੀਯੂ ਵੱਲੋਂ ਕਾ. ਸ਼ਿਵ ਕੁਮਾਰ ਮਨਹਰਨ ਹਾਜ਼ਰ ਹੋਏ।ਮੀਟਿੰਗ ਦੇ ਫੈਸਲੇ ਦੱਸਦਿਆਂ ਆਗੂਆਂ ਨੇ ਕਿਹਾ ਕਿ ਇਹ ਸੋਧ ਬਿੱਲ ਲੋਕ ਵਿਰੋਧੀ ਹੈ। ਇਸ ਲਈ ਜਿਸ ਦਿਨ ਇਹ ਸੋਧ ਬਿੱਲ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ ਉਸ ਤੋਂ ਅਗਲੇ ਦਿਨ ਟੋਲ ਪਲਾਜ਼ੇ 12 ਤੋਂ 3 ਵਜੇ ਤਕ ਫਰੀ ਕੀਤੇ ਜਾਣਗੇ ਅਤੇ 12 ਤੋਂ 3 ਵਜੇ ਤਕ ਰੇਲਾਂ ਰੋਕੀਆਂ ਜਾਣਗੀਆਂ।28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾਂ ਵਿੱਚ ਇਸ ਸੋਧ ਬਿੱਲ ਵਿਰੁੱਧ ਲਾਮਬੰਦੀ ਕਰਕੇ ਜਥੇਬੰਦੀਆਂ ਦਾ ਪੱਖ ਰੱਖਿਆ ਜਾਵੇਗਾ।ਸੋਧ ਬਿੱਲ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੋਧ ਬਿੱਲ ਬਾਰੇ ਰਾਜਾਂ ਨਾਲ ਕੋਈ ਮਸ਼ਵਰਾ ਨਹੀਂ ਕੀਤਾ ਗਿਆ।ਇਸ ਨਾਲ ਕਿਸਾਨਾਂ ਦੀ ਮੁਫ਼ਤ ਬਿਜਲੀ ਅਤੇ ਗਰੀਬ ਲੋਕਾਂ ਨੂੰ ਮਿਲਦੀ ਸਹੂਲਤ ਖ਼ਤਮ ਹੋ ਜਾਵੇਗੀ।ਇਸ ਨਾਲ ਬਿਜਲੀ ਦੀ ਵੰਡ ਨਿੱਜੀ ਹੱਥਾਂ ਵਿੱਚ ਚਲੀ ਜਾਵੇਗੀ।ਇਸ ਲਈ ਇਸ ਦਾ ਵਿਰੋਧ ਪੂਰੀ ਸ਼ਕਤੀ ਨਾਲ ਕੀਤਾ ਜਾਵੇਗਾ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਨੌਜਵਾਨਾਂ ਨੂੰ ਕੀਤਾ ਜਾਗਰੂਕ



**ਚਵਿੰਡਾ ਦੇਵੀ (ਖੁਸ਼ਪਾਲ ਸੁੰਦਰ)**-'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਦੀ ਸ਼ੁਰੂਆਤ ਪਿੰਡ 'ਚ ਪਹਿਰੇਦਾਰਾਂ ਦੀ ਕਾਇਮੀ ਵਜੋਂ ਕੀਤੀ ਗਈ, ਜਿਸ ਤਹਿਤ ਮਜੀਠਾ ਹਲਕੇ ਦੇ ਪਿੰਡ ਚਵਿੰਡਾ ਦੇਵੀ ਦੇ ਬੱਸ ਸਟੈਂਡ ਵਿਖੇ ਕੈਂਪ ਲਗਾਇਆ ਗਿਆ ਜਿਸ ਦੀ ਅਗਵਾਈ ਆਮ ਆਦਮੀ ਪਾਰਟੀ ਦੇ ਆਗੂ ਸਵਰਨ ਸਿੰਘ ਨੇ ਕੀਤੀ, ਜਿਸ ਵਿਚ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਬਾਅਦ ਵਿਚ ਪਿੰਡ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਰੈਲੀ ਕੱਢੀ ਗਈ। ਰੈਲੀ ਕੱਢ ਕੇ 'ਆਪ' ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਇਸ ਪਿੰਡ 'ਚ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਤੇ ਹੁਣ ਪਿੰਡਾਂ ਦੇ ਪਹਿਰੇਦਾਰਾਂ, ਜ਼ਿੰਮੇਵਾਰ ਨਾਗਰਿਕਾਂ ਵੱਲੋਂ ਨਸ਼ਾ ਤਸਕਰਾਂ ਨੂੰ ਬਹੁਤ ਵੱਡੇ ਪੱਧਰ 'ਤੇ ਨੱਥ ਪਵੇਗੀ।ਇਸ ਮੌਕੇ ਸਰਕਾਰ ਵੱਲੋਂ ਜੋ ਐਪ ਲਾਂਚ ਕੀਤੀ ਗਈ ਹੈ ਉਸਦੇ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ 'ਆਪ' ਦੇ ਆਗੂ ਸਵਰਨ ਸਿੰਘ ਐੱਸ ਐੱਸ ਚਵਿੰਡਾ ਦੇਵੀ, ਸਾਬਕਾ ਸਰਪੰਚ ਗੰਗਾ ਸਿੰਘ, ਜਸਪਾਲ ਸ਼ਰਮਾ, ਜਸਪਾਲ ਸਿੰਘ (ਬੀਐੱਲਓ-2), ਜਗਦੀਸ਼ ਸਿੰਘ (ਬਲਾਕ-ਪ੍ਰਧਾਨ ਸ਼ਹਿਜ਼ਾਦਾ), ਗੁਰਪ੍ਰੀਤ ਸਿੰਘ ਫੌਜੀ ਭੋਆ (ਬਲਾਕ-ਪ੍ਰਧਾਨ) ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਕੇਂਦਰ ਦੇ ਲੋਕ ਵਿਰੋਧੀ ਫੈਸਲੇ ਰੱਦ ਕਰਾਉਣ ਲਈ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ : ਮੱਖਣ ਸਿੰਘ ਕੁਹਾੜ

## 16 ਦੇ ਡੀਸੀ ਦਫਤਰ ਧਰਨੇ 'ਚ ਕਿਸਾਨ, ਮਜ਼ਦੂਰ ਤੇ ਬਿਜਲੀ ਮੁਲਾਜ਼ਮ ਕਰਨਗੇ ਭਰਵੀਂ ਸ਼ਮੂਲੀਅਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੰਯੁਕਤ ਕਿਸਾਨ ਮੋਰਚਾ, ਮਜ਼ਦੂਰਾਂ ਤੇ ਬਿਜਲੀ ਕਾਮਿਆਂ ਦੀਆਂ ਤੇ ਹੋਰ ਜਥੇਬੰਦੀਆਂ ਵੱਲੋਂ 16 ਜਨਵਰੀ ਨੂੰ ਬਿਜਲੀ ਸੋਧ ਬਿੱਲ, ਮਨਰੇਗਾ, ਬੀਜ ਬਿੱਲ ਤੇ ਚਾਰ ਲੇਬਰ ਕੋਡ ਰੱਦ ਕਰਾਉਣ ਲਈ ਡੀਸੀ ਦਫਤਰ ਗੁਰਦਾਸਪੁਰ ਵਿਖੇ ਦਿੱਤੇ ਜਾਣ ਵਾਲੇ ਧਰਨੇ ਵਿੱਚ ਲਾਮਿਸਾਲ ਇਕੱਠ ਹੋਵੇਗਾ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪੁੱਜਣਗੇ ਅਤੇ ਕੇਂਦਰ ਸਰਕਾਰ ਨੂੰ ਇਹ ਲੋਕ ਵਿਰੋਧੀ ਫੈਸਲੇ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਸ਼ਹੀਦ ਬਿਲਜੀਤ ਸਿੰਘ ਭਵਨ ਗੁਰਦਾਸਪੁਰ ਵਿਖੇ ਜਥੇਬੰਦੀਆਂ ਦੇ ਸਾਂਝੇ ਮੰਚ ਵੱਲੋਂ ਧਰਨੇ ਦੀ ਤਿਆਰੀ ਸਬੰਧੀ ਕੀਤੀ ਮੀਟਿੰਗ ਉਪਰੰਤ ਮੱਖਣ ਸਿੰਘ ਕੁਹਾੜ ਅਤੇ ਗੁਰਵਿੰਦਰ ਸਿੰਘ ਜੀਵਨ ਚੱਕ ਵੱਲੋਂ ਕੀਤਾ ਗਿਆ।ਮੀਟਿੰਗ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਕਿਸਾਨ ਆਗੂ ਗੁਰਵਿੰਦਰ ਸਿੰਘ ਜੀਵਨ ਚੱਕ (ਬੀਕੇਯੂ ਡਕਾਉਂਦਾ) ਮਜ਼ਦੂਰ ਆਗੂ ਰਾਜਕੁਮਾਰ ਪੰਡੋਰੀ ਤੇ ਬਿਜਲੀ ਮੁਲਾਜ਼ਮ ਆਗੂ ਸੰਜੀਵ ਸੈਣੀ ਨੇ ਕੀਤੀ।ਮੀਟਿੰਗ ਵਿੱਚ ਪੰਝੀ ਦੇ ਕਰੀਬ ਜਥੇਬੰਦੀਆਂ ਦੇ ਆਗੂਆਂ ਨੇ ਹਾਜ਼ਰੀ ਭਰੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮੱਖਣ ਸਿੰਘ ਕੁਹਾੜ, ਗੁਰਵਿੰਦਰ ਸਿੰਘ ਜੀਵਨ ਚੱਕ, ਲਖਵਿੰਦਰ ਸਿੰਘ ਮੰਜਿਆਂਵਾਲੀ, ਬਲਬੀਰ ਸਿੰਘ ਬੈਂਸ, ਹਰਜੀਤ ਸਿੰਘ ਕਾਹਲੋਂ, ਤਰਲੋਕ ਸਿੰਘ ਬਹਿਰਾਮਪੁਰ, ਗੁਲਜ਼ਾਰ ਸਿੰਘ ਬਸੰਤਕੋਟ, ਗੁਰਮੀਤ ਸਿੰਘ ਮਗਰਾਲਾ, ਬਲਬੀਰ ਸਿੰਘ ਮੱਲੀ, ਰਾਜਕੁਮਾਰ ਪੰਡੋਰੀ, ਅਸ਼ਵਨੀ ਕੁਮਾਰ ਲਖਣ ਕਲਾਂ, ਮਨਮੋਹਨ ਸਿੰਘ ਛੀਨਾ,



ਜਗਤਾਰ ਸਿੰਘ ਖੁੰਡਾ, ਬਲਵਿੰਦਰ ਸਿੰਘ, ਹਰਦੇਵ ਸਿੰਘ ਮਾਲੀ ਸਮਰਾਵਾਂ, ਮੰਗਤ ਸਿੰਘ ਡਕਾਉਂਦਾ, ਸਰਵਨ ਸਿੰਘ (ਸਾਬਕਾ ਸੈਨਿਕ ਸੰਘਰਸ਼ ਕਮੇਟੀ) ਗੁਰਦੀਪ ਸਿੰਘ ਮੁਸਤਫ਼ਾਬਾਦ, ਵਿਜੇ ਸੋਹਲ ਆਦਿ ਨੇ ਆਖਿਆ ਕਿ ਬਿਜਲੀ ਸੋਧ ਬਿੱਲ ਰਾਹੀਂ ਸਰਕਾਰ ਲੋਕਾਂ ਤੋਂ ਸਸਤੀ ਬਿਜਲੀ ਦਾ ਹੱਕ ਖੋਹਣਾ ਚਾਹੁੰਦੀ ਹੈ।ਇਸ ਦੀ ਮਾਰ ਹੇਠ ਲੋਕ ਫਿਰ ਤੋਂ ਦੀਵੇ ਬਾਲਣ ਲਈ ਮਜਬੂਰ ਹੋਣਗੇ।ਇਸੇ ਤਰ੍ਹਾਂ ਬੀਜ ਬਿੱਲ ਕਿਸਾਨਾਂ ਨੂੰ ਕੰਗਾਲ ਕਰ ਦੇਵੇਗਾ।ਆਗੂਆਂ ਦੋਸ਼ ਲਾਇਆ ਕਿ ਮੋਦੀ ਸਰਕਾਰ ਅਮਰੀਕਾ ਦੇ ਦਬਾਅ ਹੇਠ ਆ ਕੇ ਕਿਸਾਨੀ ਵਸਤਾਂ ਨਾਲ ਸੰਬੰਧਿਤ ਸਮਝੌਤਾ ਕਰਨ ਦੀ ਤਿਆਰੀ ਕਰੀ ਬੈਠੀ ਹੈ ਜੋ ਸਿਰਫ ਕਿਸਾਨੀ ਨੂੰ ਹੀ ਨਹੀਂ ਪੂਰੇ ਭਾਰਤ ਦੇਸ਼ ਨੂੰ ਬਰਬਾਦ ਕਰ ਦੇਵੇਗਾ।ਮੀਟਿੰਗ ਵਿੱਚ ਕੀਤੇ ਫੈਸਲੇ ਮੁਤਾਬਿਕ ਹਰ ਜਥੇਬੰਦੀ ਘੱਟ-ਘੱਟ 100 ਬੰਦੇ ਦੀ ਹਾਜ਼ਰੀ ਯਕੀਨੀ ਬਣਾਵੇਗੀ।26 ਜਨਵਰੀ ਨੂੰ ਸਵੇਰੇ 11 ਵਜੇ ਗੁਰੂ ਨਾਨਕ ਪਾਰਕ ਵਿਖੇ ਇਕੱਠ ਹੋ ਕੇ ਡੀਸੀ ਦਫਤਰ ਗੁਰਦਾਸਪੁਰ ਵੱਲ ਕੂਚ ਕੀਤਾ ਜਾਵੇਗਾ।ਇਸੇ ਤਰ੍ਹਾਂ ਕੁਝ ਸਰਬ ਸੰਮਤੀ ਨਾਲ ਪਾਸ ਕੀਤੇ ਮਤਿਆਂ ਰਾਹੀਂ ਪਿੰਡ ਪੰਨਾ (ਜਗਰਾਓਂ) ਵਿਖੇ ਮਨਰੇਗਾ ਦਾ ਵਿਰੋਧ ਕਰ ਰਹੇ ਮਜ਼ਦੂਰਾਂ ਨੂੰ ਮਾਨ ਸਰਕਾਰ ਦੀ ਪੁਲਸ ਵੱਲੋਂ ਗ੍ਰਿਫਤਾਰ ਕਰਨ, ਮੁਕੇਸ਼ (ਮਲੋਟ) ਦੀ ਗ੍ਰਿਫਤਾਰੀ, ਪੱਤਰਕਾਰਾਂ ਵਿਰੁੱਧ ਝੂਠੇ ਪਰਚੇ ਦਰਜ ਕਰਨ ਅਤੇ ਬੁੱਧੀਜੀਵੀਆਂ ਦੀ ਨਜਾਇਜ਼ ਹਰਾਸਤ ਵਿਰੁੱਧ ਮਤੇ ਪਾਸ ਕੀਤੇ ਗਏ।ਧਰਨੇ ਦੇ ਪ੍ਰਬੰਧ ਲਈ ਇੱਕ ਸੰਚਾਲਨ ਕਮੇਟੀ ਵੀ ਬਣਾਈ ਗਈ।ਇਸ ਮੌਕੇ ਮੱਖਣ ਸਿੰਘ ਤਿਬੜ, ਰਘਬੀਰ ਸਿੰਘ ਚਾਹਲ, ਸਰਦੂਲ ਸਿੰਘ ਕਲਾਨੌਰ, ਰਣਜੀਤ ਸਿੰਘ ਰਾਣਾ, ਪਲਵਿੰਦਰ ਸਿੰਘ, ਗੁਰਮੁਖ ਸਿੰਘ ਖਹਿਰਾ, ਸੰਜੀਵ ਕੁਮਾਰ ਮਿੰਟੂ, ਕੁਲਜੀਤ ਸਿੰਘ ਸਿੱਧੂ, ਜੋਗਿੰਦਰ ਪਾਲ ਘਰਾਲਾ, ਗੁਰਵਿੰਦਰ ਸਿੰਘ (ਪੀਐੱਸਯੂ) ਦਿਲਬਾਗ ਸਿੰਘ ਰਤੋਵਾਲ (ਪੋਲਟਰੀ ਫਾਰਮ ਯੂਨੀਅਨ) ਆਦਿ ਵੀ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪਿੰਡ ਬਸਰਾਏ 'ਚ ਪੈਦਲ ਰੈਲੀ ਕੱਢੀ



**ਧਾਰੀਵਾਲ/ਹਰਚੋਵਾਲ, (ਮਨਦੀਪ ਸਿੰਘ ਵਿੱਕੀ)**

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਪਿੰਡ ਬਸਰਾਏ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਐੱਸਸੀ ਵਿੰਗ ਹਲਕਾ ਕਾਦੀਆਂ ਦੇ ਕੋਆਰਡੀਨੇਟਰ ਸੁਰਿੰਦਰਪਾਲ ਸਿੰਘ ਫੌਜੀ ਦੀ ਅਗਵਾਈ ਹੇਠ ਪੈਦਲ ਰੈਲੀ ਕੱਢੀ ਗਈ।ਇਸ ਮੌਕੇ ਗਲੀਆਂ ਮੁਹੱਲਿਆਂ ਵਿੱਚ ਪੋਸਟਰ ਲਗਾਏ ਗਏ ਤੇ ਲੋਕਾਂ ਨੂੰ ਘਰ ਘਰ ਜਾ ਕੇ ਜਾਗਰੂਕ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਚਾਇਤ ਸੈਕਟਰੀ ਸੋਨੂੰ ਮਸੀਹ, ਰਵੀ ਕਰਨ ਸਿੰਘ ਪੰਚਾਇਤ ਸੈਕਟਰੀ, ਕੋਆਰਡੀਨੇਟਰ ਰਘਵੀਰ ਸਿੰਘ ਤੋਂ ਇਲਾਵਾ ਪਿੰਡ ਬਸਰਾਵਾਂ ਤੋਂ ਸਰਪੰਚ ਸਤਨਾਮ ਸਿੰਘ ਬਸਰਾਏ, ਪੰਚ ਬਲਵਿੰਦਰ ਸਿੰਘ, ਸਰਵਨ ਸਿੰਘ ਰੰਧਾਵਾ, ਸਲਵੰਤ ਸਿੰਘ ਰੰਧਾਵਾ, ਨਸ਼ਾ ਵਿਰੋਧੀ ਮੁਹਿੰਮ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਕਾਹਲਵਾਂ, ਗੁੱਲੂ ਸਰਪੰਚ ਕਾਹਲਵਾਂ, ਬਾਬਾ ਸਲਵਿੰਦਰ ਸਿੰਘ ਨੰਗਲ ਸ਼ਿਗਾਰਾ ਲਾਲ, ਬੁੱਧੂ ਰਾਮ, ਪ੍ਰੇਮ ਲਾਲ ਆਦਿ ਵੱਡੀ ਗਿਣਤੀ ਵਿੱਚ ਪਿੰਡ ਦੇ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।

# ਓਪੋ ਵੱਲੋਂ ਟਰੈਵਲ ਫੋਟੋਗ੍ਰਾਫੀ ਲਈ ਨਵੀਂ ਰੇਨੋ15 ਸੀਰੀਜ਼ ਪੇਸ਼

**ਲੁਧਿਆਣਾ** : ਓਪੋ ਇੰਡੀਆ ਨੇ ਭਾਰਤੀ ਬਾਜ਼ਾਰ ਵਿੱਚ ਆਪਣੀ ਪ੍ਰੀਮੀਅਮ ਰੇਨੋ15 ਸੀਰੀਜ਼ ਲਾਂਚ ਕਰ ਦਿੱਤੀ ਹੈ। ਇਸ ਸੀਰੀਜ਼ ਵਿੱਚ ਰੇਨੋ15 ਪ੍ਰੋ, ਰੇਨੋ15 ਪ੍ਰੋ ਮਿਨੀ ਅਤੇ ਰੇਨੋ15 ਸਮਾਰਟਫੋਨ ਸ਼ਾਮਲ ਹਨ, ਨਵਾਂ ਪ੍ਰੋ ਮਿਨੀ ਵੇਰੀਐਂਟ ਵੀ ਪੇਸ਼ ਕੀਤਾ ਗਿਆ ਹੈ।ਓਪੋ ਇੰਡੀਆ ਦੇ ਹੈੱਡ ਆਫ ਕਮਿਊਨੀਕੇਸ਼ਨਜ਼ ਗੋਲਡੀ ਪਟਨਾਇਕ ਨੇ ਦੱਸਿਆ ਕਿ ਭਾਰਤ ਵਿੱਚ 10 ਕਰੋੜ ਤੋਂ ਵੱਧ ਯੂਜ਼ਰਾਂ ਦੇ ਤਜਰਬੇ ਨੇ ਕੰਪਨੀ ਨੂੰ ਪ੍ਰੀਮੀਅਮ ਕੈਮਰਾ, ਇੰਟਿਊਟਿਵ ਏਆਈ ਅਤੇ ਵਿਲੱਖਣ ਡਿਜ਼ਾਈਨ 'ਤੇ ਲਗਾਤਾਰ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ ਹੈ।ਡਿਜ਼ਾਈਨ ਦੇ ਮੋਰਚੇ 'ਤੇ, ਰੇਨੋ15 ਸੀਰੀਜ਼ ਵਿੱਚ ਇੰਡਸਟਰੀ-ਫਰਸਟ ਹੋਲੋਫਿਊਜ਼ਨ ਟੈਕਨੋਲੋਜੀ, ਮਜ਼ਬੂਤ ਬਾਡੀ ਅਤੇ ਪ੍ਰੀਮੀਅਮ ਫਿਨਿਸ਼ ਦਿੱਤੀ ਗਈ ਹੈ।ਇਸ ਮੌਕੇ ਓਪੋ ਨੇ ਓਪੋ ਪੈਡ 5 ਟੈਬਲੈਟ ਅਤੇ ਓਪੋ ਐਨਕੋ ਬਡਸ3 ਪ੍ਰੋ+ ਵੀ ਲਾਂਚ ਕੀਤੇ ਹਨ। ਓਪੋ ਰੇਨੋ15 ਸੀਰੀਜ਼ 13 ਜਨਵਰੀ 2026 ਤੋਂ ਐਮਾਜ਼ਾਨ, ਫਲਿਪਕਾਰਟ, ਓਪੋ ਈ-ਸਟੋਰ ਅਤੇ ਪ੍ਰਮੁੱਖ ਰਿਟੇਲ ਸਟੋਰਾਂ 'ਤੇ ਉਪਲਬਧ ਹੋਵੇਗੀ।ਰੇਨੋ15 ਦੀ ਸ਼ੁਰੂਆਤੀ ਕੀਮਤ 45,999 ਰੁਪਏ, ਰੇਨੋ15 ਪ੍ਰੋ ਮਿਨੀ ਦੀ 59,999 ਰੁਪਏ ਅਤੇ ਰੇਨੋ15 ਪ੍ਰੋ ਦੀ 67,999 ਰੁਪਏ ਰੱਖੀ ਗਈ ਹੈ।ਲਾਂਚ ਆਫ਼ਰਾਂ ਵਿੱਚ ਇੰਸਟੈਂਟ ਕੈਸ਼ਬੈਕ, ਜ਼ੀਰੋ ਡਾਊਨ ਪੇਮੈਂਟ, ਐਕਸਚੇਂਜ ਬੋਨਸ ਅਤੇ ਐਕਸਟੈਂਡਿਡ ਵਾਰੰਟੀ ਸ਼ਾਮਲ ਹਨ।

# ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਨੂੰ ਦਿੱਤਾ ਮੰਗ ਪੱਤਰ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵੱਲੋਂ ਪੰਜਾਬ ਵਿੱਚ ਬਹੁਤ ਧੜਾਧੜ ਵਿਕ ਰਹੀ ਚਾਈਨਾ ਡੋਰ ਜਿਸ ਨਾਲ ਅਣਮੁੱਲੀ ਜਾਨਾਂ ਜਾ ਰਹੀਆਂ ਹਨ, ਦੀ ਰੋਕਥਾਮ ਲਈ ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਮੌਕੇ



ਮੈਂਬਰ ਇੰਚਾਰਜ ਦਰਸ਼ਨ ਸਿੰਘ ਨਿੱਜਰ, ਐਡਵੋਕੇਟ ਇੰਦਰਜੀਤ ਸਿੰਘ ਅੜੀ, ਗੁਰਭੇਜ ਸਿੰਘ, ਭਰਪੂਰ ਸਿੰਘ, ਪ੍ਰਿੰ. ਮੁਕਤਾ ਤ੍ਰੇਹਨ, ਨਗਰ ਪੰਚਾਇਤ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਨਗਰ ਪੰਚਾਇਤ ਸਾਬਕਾ ਪ੍ਰਧਾਨ ਜ਼ੋਰਾਵਰ ਸਿੰਘ, ਸਵਰਾਜ ਸਪੋਰਟਸ ਕਲੱਬ ਅਜਨਾਲਾ ਦੇ ਪ੍ਰਧਾਨ ਮੰਗਲ ਸਿੰਘ ਨਿੱਜਰ, ਕਲੱਬ ਮੈਂਬਰ ਮਲਕੀਅਤ ਸਿੰਘ ਭੰਗੂ, ਹੁਸਨਪ੍ਰੀਤ ਸਿੰਘ ਨਿੱਜਰ, ਅੰਮ੍ਰਿਤ ਭੱਖਾ, ਪ੍ਰਭ ਭੱਖਾ, ਐਡਵੋਕੇਟ ਸੁਨੀਲ ਪਾਲ, ਕੌਂਸਲਰ ਸ਼ਿਵਦੀਪ ਸਿੰਘ ਚਾਹਲ, ਹੈਪੀ ਸਰਪੰਚ ਗੁੱਝਾਪੀਰ, ਇਕਬਾਲ ਸਿੰਘ ਸਰਪੰਚ ਰਿਆੜ, ਕਰਮਜੀਤ ਸਿੰਘ ਗੋਲਡੀ ਪੰਚਾਇਤ ਮੈਂਬਰ, ਬੰਟੀ ਫੌਜੀ, ਸੁਪਰਵਾਈਜ਼ਰ ਅਮਨਦੀਪ ਨੇਗੀ, ਸੁਪਰਵਾਈਜ਼ਰ ਜੁਗਰਾਜ ਸਿੰਘ ਰਿਆੜ, ਟ੍ਰਾਂਸਪੋਰਟ ਇੰਚਾਰਜ ਅਵਤਾਰ ਸਿੰਘ, ਮਨਦੀਪ ਕੌਰ ਰਿਆੜ, ਕੰਪਿਊਟਰ ਅਧਿਆਪਕ ਸਿਮਰਤਪਾਲ ਸਿੰਘ, ਡੀਪੀ ਰਜੀਵ ਹਾਜ਼ਰ ਸਨ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਭੱਟੀ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਤੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਅਜਨਾਲਾ ਸ਼ਹਿਰ ਅਤੇ ਨਾਲ ਲੱਗਦੇ ਪਿੰਡਾਂ ਵਿੱਚ ਜੋ ਖ਼ੂਨੀ ਚਾਈਨਾ ਡੋਰ ਵੇਚਦਾ ਰੰਗੇ ਹੱਥੀਂ ਫੜਿਆ ਗਿਆ ਉਸ ਉਪਰ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਡ੍ਰੋਨ ਦੇ ਨਾਲ ਨਿਗਰਾਨੀ ਰੱਖੀ ਜਾਵੇਗੀ।ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਦੀ ਥਾਂ ਧਾਗੇ ਵਾਲੀ ਡੋਰ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕਰਨ।

# ਸ੍ਰੀ ਹਜ਼ੂਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸ਼ਤਾਬਦੀ ਸਮਾਗਮ 24-25 ਨੂੰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਹਾਂਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਵਿਸ਼ਾਲ ਪੱਧਰ 'ਤੇ ਮਨਾਏ ਜਾ ਰਹੇ ਹਨ।ਇਨ੍ਹਾਂ ਹੀ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਨੂੰ ਲੈ ਕੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਗਿਆਨੀ ਕੁਲਵੰਤ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਰੱਖੀ ਗਈ, ਜਿਸ ਵਿੱਚ ਸਮਾਗਮਾਂ ਦੇ ਪ੍ਰਬੰਧਾਂ ਦੀ ਰੂਪ ਰੇਖਾ ਉਲੀਕਣ ਸਬੰਧੀ ਜ਼ਰੂਰੀ ਵਿਚਾਰ-ਵਟਾਂਦਰਾਂ ਕੀਤਾ ਗਿਆ।ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ 'ਚ ਹੋਈ ਇਸ ਮੀਟਿੰਗ ਦੌਰਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਸਿੱਖ ਸਮਾਜ ਨਾਲ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਦੋਵਾਂ ਸ਼ਤਾਬਦੀ ਸਮਾਗਮਾਂ ਨੂੰ ਪੂਰੀ ਸ਼ਰਧਾ, ਲਗਨ ਤੇ ਉਤਸ਼ਾਹ ਨਾਲ ਮਨਾ ਰਹੀ ਹੈ ਤੇ ਮਹਾਂਰਾਸ਼ਟਰ ਦੇ ਵੱਖ-ਵੱਖ ਸ਼ਹਿਰਾਂ 'ਚ ਰਾਜ ਪੱਧਰੀ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾ ਰਹੇ ਹੈ, ਜਿਸ ਦੇ ਚੱਲਦਿਆਂ ਪਹਿਲਾਂ ਸ਼ਤਾਬਦੀ ਸਮਾਗਮ ਨਾਗਪੁਰ ਵਿਖੇ ਹੋਏ ਸਨ ਤੇ ਹੁਣ ਅਗਲੇ ਸਮਾਗਮ 24 ਤੇ 25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਕੀਤੇ ਜਾ ਰਹੇ ਹਨ।

# 16 ਦੇ ਡੀਸੀ ਦਫਤਰ ਅੰਮ੍ਰਿਤਸਰ ਵਿਖੇ ਧਰਨੇ ਲਈ ਲਾਮਬੰਦੀ

**ਚੇਤਨਪੁਰਾ ( ਸੁਖਵੰਤ ਚੇਤਨਪੁਰੀ)**

ਸੰਯੁਕਤ ਕਿਸਾਨ ਮੋਰਚਾ ਪੰਜਾਬ, ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਫ਼ੈਸਲੇ ਅਨੁਸਾਰ ਟੈਕਨੀਕਲ ਸਰਵਿਸਿਜ਼ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਬਿਜਲੀ ਸੋਧ ਬਿੱਲ -2025, ਮਜ਼ਦੂਰ ਮੁਲਾਜ਼ਮ ਵਿਰੋਧੀ ਚਾਰ ਲੇਬਰ ਕੋਡ, ਕਿਸਾਨ ਵਿਰੋਧੀ ਸੀਡ ਬਿੱਲ -2025, ਮਗਨਰੇਗਾ ਸਕੀਮ ਦੀ ਥਾਂ ਨਵਾਂ ਕਾਨੂੰਨ ਜੀ ਰਾਮ ਜੀ ਵਿਰੁੱਧ ਲਾਮਬੰਦੀ ਕਰਨ ਲਈ ਪਿੰਡ ਲੱਲਾ ਅਫ਼ਗਾਨਾ ਵਿਖੇ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਨੇ ਸਾਂਝੀ ਮੀਟਿੰਗ ਕੀਤੀ।ਮੀਟਿੰਗ ਵਿੱਚ ਮਰਦਾਂ, ਔਰਤਾਂ ਅਤੇ ਬੱਚਿਆਂ ਨੇ ਵੀ ਹਿੱਸਾ ਲਿਆ।ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਸੋਧ ਬਿੱਲ ਪਾਸ ਹੋਣ ਨਾਲ ਬਿਜਲੀ ਦੀਆਂ ਕੀਮਤਾਂ 'ਚ ਵਾਧਾ ਹੋਵੇਗਾ, ਵੰਡ ਪ੍ਰਣਾਲੀ ਵਿੱਚ ਨਿੱਜੀ ਕੰਪਨੀਆਂ ਦਾ ਦਾਖਲਾ ਹੋਵੇਗਾ, ਪੱਕੇ ਰੁਜ਼ਗਾਰ ਦਾ ਉਜਾੜਾ ਹੋਵੇਗਾ, ਸਬਸਿਡੀ ਤੇ ਕਰਾਸ ਸਬਸਿਡੀਆਂ ਬੰਦ ਹੋਣਗੀਆਂ।ਚਾਰ ਲੇਬਰ ਕੋਡ ਕਾਨੂੰਨ ਜਥੇਬੰਦਕ ਸੰਘਰਸ਼ 'ਤੇ ਰੋਕਾਂ ਮੜ੍ਹਦਾ ਹੈ।8 ਘੰਟੇ ਤੋਂ 12 ਘੰਟੇ ਕੰਮ ਦਿਹਾੜੀ ਲਾਗੂ ਹੋਵੇਗੀ ਜੋ ਗੈਰ-ਮਨੁੱਖੀ ਕਾਰਪੋਰੇਟ ਪੱਖੀ ਕਾਨੂੰਨ ਹੈ।ਮਗਨਰੇਗਾ ਕਾਨੂੰਨ ਦੇ ਨਾਂਅ ਦੀ ਤਬਦੀਲੀ ਹੀ ਨਹੀਂ ਸਗੋਂ ਇਸ ਦਾ ਪੱਕੇ ਤੌਰ 'ਤੇ ਭੋਗ ਪਾਉਣ ਦੀ ਕੇਂਦਰ ਵੱਲੋਂ ਤਿਆਰੀ ਕੀਤੀ ਗਈ ਹੈ।ਆਗੂਆਂ ਨੇ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਕਾਰਪੋਰੇਟ ਪੱਖੀ ਲਾਗੂ ਕੀਤੀਆਂ ਜਾ ਰਹੀਆਂ ਨਿੱਜੀਕਰਨ ਦੀਆਂ ਨੀਤੀਆਂ ਨੂੰ ਮੋੜਾ ਦੇਣ ਲਈ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੱਲੋਂ 16 ਜਨਵਰੀ ਨੂੰ ਸਾਂਝੇ ਤੌਰ 'ਤੇ ਡੀ ਸੀ ਦਫ਼ਤਰ ਅੰਮ੍ਰਿਤਸਰ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਟੀਐੱਸਯੂ ਦੇ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਛੀਨਾ, ਕਾਬਲ ਸਿੰਘ ਛੀਨਾ, ਅਵਤਾਰ ਸਿੰਘ ਛੀਨਾ, ਰਘਬੀਰ ਸਿੰਘ ਲੱਲਾ, ਜਗਬੀਰ ਸਿੰਘ ਲੱਲਾ ਅਤੇ ਸੁਖਬੀਰ ਸਿੰਘ ਲੱਲਾ ਨੇ ਵੀ ਸੰਬੋਧਨ ਕੀਤਾ।



# ਸੜਕ 'ਤੇ ਗੈਰ-ਕਾਨੂੰਨੀ ਢੰਗ ਨਾਲ ਲੱਗੇ ਗੇਟ ਨੂੰ ਪੁੱਟ ਕੇ ਪ੍ਰਸ਼ਾਸਨ ਨੇ ਆਵਾਜਾਈ ਬਹਾਲ ਕਰਵਾਈ

**ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ ਮਨਦੀਪ ਸਿੰਘ ਵਿੱਕੀ)**

ਗੁਰਦਾਸਪੁਰ ਦੀ ਸ਼ੁਭਮ ਕਲੋਨੀ ਅਤੇ ਗੋਬਿੰਦ ਨਗਰ ਕਾਲੋਨੀ (ਦੋਵੇਂ ਜੁੜਦੀਆਂ ਕਾਲੋਨੀਆਂ) ਦੀ ਮੁੱਖ ਸਰਕਾਰੀ ਸੜਕ ਉਪਰ ਕੁੱਝ ਵਿਅਕਤੀਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਖਾਤਰ ਪਿਛਲੇ ਕੁੱਝ ਸਮੇਂ ਤੋਂ ਗੈਰ-ਕਾਨੂੰਨੀ ਢੰਗ ਨਾਲ ਗੇਟ ਲਗਾ ਕੇ ਪੱਕੇ ਤੌਰ ਤੇ ਬੰਦ ਕੀਤੀ ਆਵਾਜਾਈ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿੱਤਿਆ ਦੇ ਹੁਕਮਾਂ ਤਹਿਤ ਸਵੇਰੇ ਸਵੱਖਤੇ ਆਪਣਾ ਅਮਲਾ ਫੈਲਾ ਲੈ ਕੇ ਪਹੁੰਚੇ ਕਾਰਜਸਾਧਕ ਅਫਸਰ ਅਸ਼ੋਕ ਕੁਮਾਰ ਦੁਆਰਾ ਗੇਟ ਨੂੰ ਪੁੱਟ ਕੇ ਹਟਾ ਦਿੱਤਾ ਗਿਆ ਅਤੇ ਆਵਾਜਾਈ ਬਹਾਲ ਕਰਵਾਈ। ਕਲੋਨੀ ਵਾਸੀਆਂ ਕੁਲਦੀਪ ਸਿੰਘ ਪੁਰੋਵਾਲ, ਅਜੀਤ ਸਿੰਘ, ਬਲਦੇਵ ਰਾਜ, ਦਰਸ਼ਨ ਲਾਲ ਨੇ ਦੱਸਿਆ ਕਿ ਗੁਰਦਾਸਪੁਰ ਦੀ ਸ਼ੁਭਮ ਕਲੋਨੀ ਅਤੇ ਗੋਬਿੰਦ ਨਗਰ ਕਾਲੋਨੀ (ਦੋਵੇਂ ਜੁੜਦੀਆਂ ਕਾਲੋਨੀਆਂ) ਨੂੰ ਆਪਸ ਵਿੱਚ ਜੋੜਦੀ ਮੁੱਖ ਸੜਕ ਉਪਰ ਕੁੱਝ ਵਿਅਕਤੀਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਖਾਤਰ ਗੈਰ-ਕਾਨੂੰਨੀ ਢੰਗ ਨਾਲ ਗੇਟ ਲਗਾ ਕੇ ਤਾਲਾ ਮਾਰ ਕੇ ਚਾਬੀ ਆਪਣੇ ਕੋਲ ਰੱਖ ਕੇ ਇਸ ਸੜਕ ਤੋਂ ਆਵਾਜਾਈ ਪੱਕੇ ਤੌਰ 'ਤੇ ਬੰਦ ਕੀਤੀ ਹੋਈ ਸੀ। ਕਲੋਨੀ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨ ਪੈਂਦਾ ਸੀ ਅਤੇ ਜੀਟੀ ਰੋਡ ਰਾਹੀਂ ਕਰੀਬ ਇਕ ਕਿਲੋਮੀਟਰ ਦਾ ਸਫਰ ਤੈਅ ਕਰਕੇ ਆਉਣ ਜਾਣ ਪੈ ਰਿਹਾ ਸੀ। ਮੁਲਾਜ਼ਮਾਂ, ਵਿਦਿਆਰਥੀਆਂ, ਬਿਮਾਰ ਬਜ਼ੁਰਗਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਪਰੋਕਤ ਸਬੰਧੀ ਜਦੋਂ ਕਲੋਨੀ ਵਾਸੀਆਂ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿੱਤਿਆ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਇਸ ਸਮੱਸਿਆ ਦਾ ਹੱਲ ਕਰਨ ਦੀ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਸਬੰਧਿਤ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਗੇਟ ਹਟਾਉਣ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਦੇ ਹੁਕਮਾਂ ਤਹਿਤ ਆਪਣਾ ਅਮਲਾ ਫੈਲਾ ਲੈ ਕੇ ਪਹੁੰਚੇ ਨਗਰ ਕੌਂਸਲ ਗੁਰਦਾਸਪੁਰ ਦੇ ਕਾਰਜਸਾਧਕ ਅਫਸਰ ਅਸ਼ੋਕ ਕੁਮਾਰ ਵੱਲੋਂ ਸ਼ੁਭਮ ਕਲੋਨੀ ਅਤੇ ਗੋਬਿੰਦ ਨਗਰ ਕਾਲੋਨੀ ਦਰਮਿਆਨ ਗੈਰ-ਕਾਨੂੰਨੀ ਢੰਗ ਨਾਲ ਲੱਗੇ ਹੋਏ ਗੇਟ ਨੂੰ ਹਟਾ ਕੇ ਆਵਾਜਾਈ ਬਹਾਲ ਕਰਵਾ ਦਿੱਤੀ ਅਤੇ ਗੇਟ ਨੂੰ ਜੇਸੀਬੀ ਮਸ਼ੀਨ ਨਾਲ ਪੁੱਟ ਕੇ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਲੱਗੇ ਗੇਟ ਨੂੰ ਪੁੱਟ ਕੇ ਉਪਰੋਕਤ ਦੋਵਾਂ ਕਲੋਨੀਆਂ ਦਰਮਿਆਨ ਆਵਾਜਾਈ ਬਹਾਲ ਕਰਵਾਉਣ ਤੇ ਕਾਲੋਨੀ ਵਾਸੀਆਂ ਵਰਿੰਦਰ ਸਿੰਘ, ਅਨਿਲ ਕੁਮਾਰ ਲਾਹੌਰੀਆ, ਸਰਬਜੀਤ ਸਿੰਘ, ਰਾਜਿੰਦਰ ਕੁਮਾਰ, ਰਾਜੇਸ਼ ਕੁਮਾਰ, ਕਰਤਾਰ ਸਿੰਘ, ਤਰਸੇਮ ਲਾਲ ਆਦਿ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਕਾਰਜਸਾਧਕ ਅਫਸਰ ਅਤੇ ਹੋਰ ਸਬੰਧਿਤ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।



# ਭਾਜਪਾ ਵਰਕਰਾਂ ਆਤਿਸ਼ੀ ਦਾ ਪੁਤਲਾ ਫੂਕਿਆ



**ਛੇਹਰਟਾ, (ਮਨੋਜ ਕੁਮਾਰ)**

ਲਾਹੌਰੀ ਗੇਟ ਸਥਿਤ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੇ ਦਫ਼ਤਰ ਦੇ ਬਾਹਰ ਵੱਡੀ ਗਿਣਤੀ ਵਿਚ ਮੌਜੂਦ ਭਾਜਪਾ ਵਰਕਰਾਂ ਨੇ ਦਿੱਲੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਆਤਿਸ਼ੀ ਦੇ ਪੁਤਲੇ ਫੂਕੇ। ਆਤਿਸ਼ੀ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਸਿੱਖ ਗੁਰੂਆਂ ਦੀ ਸ਼ਾਨ ਖਿਲਾਫ ਦਿੱਤੇ ਗਏ ਕਥਿਤ ਬਿਆਨ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ, ਦੇ ਵਿਰੋਧ ਵਿਚ ਵੱਡੀ ਗਿਣਤੀ ਵਿਚ ਭਾਜਪਾ ਵਰਕਰਾਂ ਨੇ ਲਾਹੌਰੀ ਗੇਟ ਸਥਿਤ ਦਫ਼ਤਰ ਵਿਚ ਇਕੱਠੇ ਹੋ ਕੇ ਰੋਸ ਪ੍ਰਗਟ ਕੀਤਾ। ਇਸ ਧਰਨੇ ਵਿਚ ਮੁੱਖ ਤੌਰ 'ਤੇ ਸ਼ਾਮਲ ਹੋਏ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਰਬਜੀਤ ਸਿੰਘ ਸ਼ੈਂਟੀ ਨੇ ਕਿਹਾ ਕਿ ਸਿੱਖ ਮਰਿਆਦਾ ਤੇ ਸਿੱਖ ਗੁਰੂਆਂ ਦਾ ਅਪਮਾਨ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦਿੱਲੀ ਵਿਧਾਨ ਸਭਾ ਵਿਚ ਸਾਬਕਾ ਮੁੱਖ ਮੰਤਰੀ ਆਤਿਸ਼ੀ ਦਾ ਬਿਆਨ ਸਮੁੱਚੀ ਸਿੱਖ ਕੌਮ ਦਾ ਅਪਮਾਨ ਹੈ। ਸਾਰੇ 10 ਗੁਰੂਆਂ ਦਾ ਸਤਿਕਾਰ ਭਾਰਤ ਦੀ ਆਤਮਾ ਦਾ ਸਤਿਕਾਰ ਹੈ ਤੇ ਇਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਪੰਜਾਬ ਭਾਜਪਾ ਦੇ ਬੁਲਾਰੇ ਡਾ. ਸੁਰਿੰਦਰ ਕਵਲ, ਕੌਂਸਲਰ ਕੀਰਤੀ ਅਰੋੜਾ, ਕੌਂਸਲਰ ਸ਼ਰੁਤੀ ਵਿਜ, ਭਾਜਪਾ ਆਗੂ ਤੇ ਇੰਡੀਅਨ ਆਇਲ ਦੀ ਡਾਇਰੈਕਟਰ ਰੀਨਾ ਜੇਤਲੀ, ਸਾਬਕਾ ਕੌਂਸਲਰ ਨਰੇਸ਼ ਕਾਕਾ, ਲਵਿੰਦਰ ਬੰਟੀ, ਹੇਮੰਤ ਪਿੰਕੀ, ਰਾਜੇਸ਼ ਮਹਿਤਾ, ਭਾਜਪਾ ਆਗੂ ਵਿਸ਼ਾਲ ਸੂਰ, ਸੰਜੀਵ ਅਰੋੜਾ, ਸਾਬਕਾ ਮੰਡਲ ਪ੍ਰਧਾਨ ਸ਼ੰਕਰ ਲਾਲ, ਸਾਬਕਾ ਮੰਡਲ ਜਨਰਲ ਸਕੱਤਰ ਅਸ਼ੋਕ ਮਨਚੰਦਾ, ਸੁਨੀਲ ਸਹਿਗਲ, ਰਮਨ ਦੂਆ, ਹਰਸ਼ ਖੰਨਾ, ਹੈਪੀ ਨਈਅਰ, ਕਿਸ਼ਨ ਗੋਪਾਲ ਬਿੱਲਾ, ਸਵੱਛ ਭਾਰਤ ਅਭਿਆਨ ਪੰਜਾਬ ਦੇ ਕੋ-ਕਨਵੀਨਰ ਤਰੁਣ ਅਰੋੜਾ, ਬਲਕਾਰ ਸਿੰਘ ਸੋਹਲ, ਸੁਰਿੰਦਰ ਮੋਹਨ ਬਾਵਾ, ਡਾ. ਮਹਿਤਾ, ਜਤਿੰਦਰ ਪੱਪੀ, ਰਾਜ ਕੁਮਾਰ ਬਿੱਟੂ, ਪ੍ਰਮੋਦ ਗੁਪਤਾ, ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸ਼ਿਵਾਂਸ਼ ਸੂਰੀ, ਮਨਜੀਤ ਥਿੰਦ, ਸੀਮਾ ਕੁਮਾਰੀ, ਸੁਧਾ ਸ਼ਰਮਾ, ਮਨਜੀਤ ਚੰਡੋਕ, ਜਸਬੀਰ ਕੌਰ ਰਾਣੀ, ਚੰਦਰ ਪ੍ਰਭਾ, ਮਮਤਾ ਕਪੂਰ, ਨੀਰੂ ਖੰਨਾ, ਸੰਜੈ ਖੰਨਾ, ਸਤੀਸ਼ ਅਰੋੜਾ, ਅਨੂਪ ਕੁਮਾਰ ਅਰੋੜਾ, ਦਵਿੰਦਰ ਸ਼ਰਮਾ, ਹਰੀਸ਼ ਮਹਾਜਨ, ਰਿੰਕੂ, ਚੰਦਰ ਮੋਹਨ ਸੇਠ, ਰਾਘਵ ਖੰਨਾ, ਗੌਤਮ ਉਮਟ, ਵਰੁਣ ਅਗਰਵਾਲ, ਰੋਹਿਤ ਭੋਲੂ, ਮਨੀਸ਼ ਧਵਨ, ਅੰਕੁਸ਼ ਖੰਨਾ, ਅੰਕਿਤ ਖੰਨਾ, ਅੰਸ਼ੁਲ ਖੰਨਾ, ਅਖਿਲ ਮਖੀਜਾ, ਸੁਰਿੰਦਰ ਮਹਿਰਾ, ਕਾਰਤਿਕ ਮਹਾਜਨ, ਵਿਵੇਕ ਡੋਗਰਾ, ਅਭਿਸ਼ੇਕ ਕੁਮਾਰ, ਰਣਜੀਤ, ਸ਼ਾਮ ਐਡਵੋਕੇਟ, ਸੌਰਵ ਕੁਮਾਰ, ਸੂਰਜ ਜੈਸਵਾਲ, ਨਿਰਮਲ ਸਿੰਘ, ਸੁਦਰਸ਼ਨ ਸਿੰਘ, ਰਾਹੁਲ ਕੁਮਾਰ, ਸੰਨੀ ਆਦਿ ਹਾਜ਼ਰ ਸਨ।

# ਮਜ਼ਦੂਰ ਵਿਰੋਧੀ ਕਾਨੂੰਨ ਕੇਂਦਰ ਸਰਕਾਰ ਵਾਪਸ ਲਵੇ : ਸੁਰਿੰਦਰ ਸਹਿਗਲ

**ਪਠਾਨਕੋਟ (ਦਵਿੰਦਰ ਸਿੰਘ)**

ਸੀ. ਪੀ. ਆਈ. (ਐੱਮ) ਦੀ ਸੂਬਾ ਕਮੇਟੀ ਦੇ ਸੱਦੇ ਤੇ 3 ਜਨਵਰੀ ਤੋਂ 20 ਜਨਵਰੀ ਤੱਕ ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਵਿੱਚ ਕੀਤੇ ਲੋਕ ਵਿਰੋਧੀ ਬਦਲਾਅ ਖਿਲਾਫ ਅਤੇ ਕਿਸਾਨਾਂ ਦੀਆਂ ਭਖਦੀਆਂ ਮੰਗਾਂ ਤੇ ਬਿਜਲੀ ਸੋਧ ਬਿੱਲ-2025 ਵਿਰੁੱਧ ਜਨ ਸੰਪਰਕ ਮੁਹਿੰਮ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਪਿੰਡ ਭੂਲੇਚੱਕ ਵਿਖੇ ਭਰਵੀਂ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਾ. ਤਰਸੇਮ ਸਿੰਘ ਨੇ ਕੀਤੀ ਜਿਸ ਨੂੰ ਜ਼ਿਲ੍ਹਾ ਸਕੱਤਰ ਸੁਰਿੰਦਰ ਸਹਿਗਲ ਅਤੇ ਸੀਨੀਅਰ ਆਗੂ ਸਤ ਪ੍ਰਕਾਸ਼ ਨੇ ਸੰਬੋਧਨ ਕੀਤਾ।ਜ਼ਿਲ੍ਹਾ ਸਕੱਤਰ ਕਾ. ਸੁਰਿੰਦਰ ਸਹਿਗਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤਾ ਬਦਲਾਅ ਮਜ਼ਦੂਰ ਵਿਰੋਧੀ ਹੈ।ਇਹ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੈ।ਇਸ ਨਾਲ ਮਜ਼ਦੂਰਾਂ ਨੂੰ ਮਿਲਦਾ ਰੁਜ਼ਗਾਰ ਨਹੀਂ ਰਹੇਗਾ ਅਤੇ ਇਹ ਮਜ਼ਦੂਰਾਂ ਦੀ ਰੋਜ਼ੀ ਰੋਟੀ ਖੋਹ ਲਵੇਗਾ।ਕੇਂਦਰ ਨੇ ਇਸ ਸਕੀਮ ਵਿੱਚ ਆਪਣਾ ਹਿੱਸਾ 90 ਪ੍ਰਤੀਸ਼ਤ ਤੋਂ ਘਟਾ ਕਿ 60 ਪ੍ਰਤੀਸ਼ਤ ਕਰ ਦਿੱਤਾ ਹੈ ਜਿਸ ਨਾਲ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਗਰੰਟੀ ਖਤਮ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਜੇ ਬਿਜਲੀ ਸੋਧ ਬਿੱਲ-2025 ਲਾਗੂ ਹੁੰਦਾ ਹੈ ਤਾਂ ਬਿਜਲੀ ਪ੍ਰਾਈਵੇਟ ਹੱਥਾਂ ਵਿੱਚ ਚਲੀ ਜਾਵੇਗੀ।ਬਿਜਲੀ ਸੰਬੰਧੀ ਮਿਲਦੀਆਂ ਸਬਸਿਡੀਆਂ ਅਤੇ ਸਹੂਲਤਾਂ ਬੰਦ ਹੋ ਜਾਣਗੀਆਂ।ਮਜ਼ਦੂਰ ਵਿਰੋਧੀ ਚਾਰ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦੇ ਹੱਕ ਸੁਰੱਖਿਅਤ ਨਹੀਂ ਰਹਿ ਸਕਣਗੇ। ਉਨ੍ਹਾਂ ਨੇ ਕਿਹਾ ਕਿ ਸੀਪੀਆਈ (ਐੱਮ) ਇਨ੍ਹਾਂ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰੇਗੀ।ਇਸ ਤਰ੍ਹਾਂ ਜ਼ਿਲ੍ਹੇ ਦੇ ਹੋਰਨਾਂ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।



# ਧੰਦਲ ਤੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਇਆ ਅਲੌਕਿਕ ਨਗਰ ਕੀਰਤਨ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਧੰਦਲ ਦੇ ਗੁਰਦੁਆਰਾ ਸਾਹਿਬ ਪਵਾਰ ਪੱਤੀ ਧੰਦਲ ਤੋਂ ਸਮੂਹ ਸੰਗਤਾਂ ਦੇ ਸਹਿਯੋਗ ਦੇ ਨਾਲ ਨਗਰ ਕੀਰਤਨ ਸਜਾਇਆ ਗਿਆ।ਇਹ ਨਗਰ ਕੀਰਤਨ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਅਗਵਾਈ ਵਿੱਚ ਸਜਾਇਆ ਗਿਆ।ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਪਵਾਰ ਪੱਤੀ ਧੰਦਲ ਤੋਂ ਆਰੰਭ ਹੋਇਆ ਅਤੇ ਗੁਰਦੁਆਰਾ ਕੋਟ ਧੰਦਲ, ਗੁਰਦੁਆਰਾ ਸਿੱਧੂ ਪੱਤੀ ਧੰਦਲ ਤੋਂ ਹੁੰਦਾ ਹੋਇਆ ਆਰੰਭਿਕ ਸਥਾਨ 'ਤੇ ਸੰਪੰਨ ਹੋਇਆ।ਇਸ ਮੌਕੇ ਇਸ ਨਗਰ ਕੀਰਤਨ ਦਾ ਵੱਖ-ਵੱਖ ਥਾਵਾਂ ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਧੰਦਲ ਨੇ ਆਪਣੇ ਗ੍ਰਹਿ ਵਿਖੇ ਪੰਜਾਂ ਪਿਆਰਿਆਂ ਨੂੰ ਸਿਰੋਪੇ ਪਾ ਕੇ ਸਵਾਗਤ ਕੀਤਾ ਅਤੇ ਸੰਗਤਾਂ ਲਈ ਚਾਹ ਪਕੌੜੇ ਦੇ ਲੰਗਰ ਵਰਤਾਏ ਗਏ।ਇਸ ਨਗਰ ਕੀਰਤਨ ਦੇ ਵਿੱਚ ਸੰਗਤਾਂ ਦੇ ਵੱਲੋਂ ਗੁਰਬਾਣੀ ਕੀਰਤਨ ਦੇ ਜਾਪ ਕੀਤੇ ਗਏ।ਵੱਖ-ਵੱਖ ਥਾਵਾਂ 'ਤੇ ਨਗਰ ਕੀਰਤਨ ਦਾ ਸੰਗਤਾਂ ਦੇ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰੇ ਸਿੰਘ ਸਾਹਿਬਾਨ ਦਾ ਪਿੰਡ ਦੇ ਵੱਖ-ਵੱਖ ਥਾਵਾਂ ਤੇ ਸੰਗਤਾਂ ਵੱਲੋਂ ਗੁਰੂ ਬਖਸ਼ਿਸ਼ ਸਿਰੋਪਾ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਨਗਰ ਕੀਰਤਨ ਵਿੱਚ ਪਿੰਡਾਂ ਦੀਆਂ ਸਮੂਹ ਸੰਗਤਾਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਸੇਵਾ ਨਿਭਾਈ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਨੂੰ ਪ੍ਰਾਪਤ ਕੀਤੀਆਂ।ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਨੇ ਸਮੂਹ ਨਗਰ ਨਿਵਾਸੀਆਂ ਸਮੇਤ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਤੋਂ ਇਲਾਵਾ ਸੁਖਦੇਵ ਸਿੰਘ ਧੰਦਲ, ਹਰਦੇਵ ਸਿੰਘ, ਬਲਰਾਜ ਸਿੰਘ, ਮਨਪ੍ਰੀਤ ਸਿੰਘ, ਅਮਰੀਕ ਸਿੰਘ, ਗੁਰਮੀਤ ਸਿੰਘ, ਡਾ. ਰਣਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਮੂਹ ਸੰਗਤਾਂ ਹਾਜ਼ਰ ਸਨ।

# ਗਣਤੰਤਰ ਦਿਹਾੜੇ ਦੀਆਂ ਤਿਆਰੀਆਂ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਵਿਸ਼ੇਸ਼ ਮੀਟਿੰਗ

**ਮਜੀਠਾ (ਸੋਇਮ ਆਨੰਦ)**

ਤਹਿਸੀਲ ਮਜੀਠਾ ਵਿਖੇ 26 ਜਨਵਰੀ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਸਬੰਧੀ ਐੱਸਡੀਐੱਮ ਪ੍ਰੀਤਇੰਦਰ ਸਿੰਘ ਦੀ ਨਿਗਰਾਨੀ ਹੇਠ ਹਲਕਾ ਮਜੀਠਾ ਦੇ ਵੱਖ-ਵੱਖ



ਵਿਭਾਗਾਂ ਦੇ ਮੁਖੀਆਂ ਦੀ ਵਿਸ਼ੇਸ਼ ਮੀਟਿੰਗ ਤਹਿਸੀਲਦਾਰ ਹਮੀਰ ਸਿੰਘ ਦੀ ਅਗਵਾਈ ਵਿਚ ਹੋਈ ਜਿਸ ਵਿਚ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਰਾਸ਼ਟਰੀ ਸਮਾਗਮਾਂ ਸਬੰਧੀ ਵਿਚਾਰ ਕੀਤੀ ਗਈ।ਇਸ ਦੇ ਨਾਲ ਹੀ ਇਸ ਮੌਕੇ ਹੋਣ ਵਾਲੇ ਰੰਗਾ ਰੰਗ ਸਭਿਆਚਾਰਕ ਪ੍ਰੋਗਰਾਮ ਸਬੰਧੀ ਵੱਖ-ਵੱਖ ਸਿੱਖਿਆ ਸੰਸਥਾਵਾਂ ਦੇ ਮੁਖੀਆਂ ਪਾਸੋਂ ਜਾਣਕਾਰੀ ਹਾਸਲ ਕੀਤੀ ਗਈ। ਇਸ ਸੰਬਧੀ ਤਹਿਸੀਲਦਾਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਦੀ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਡਿਊਟੀ ਲਗਾਈਆਂ ਗਈਆਂ।ਉਨ੍ਹਾਂ ਕਿਹਾ ਕਿ ਡਿਊਟੀ ਵਿਚ ਕੁਤਾਹੀ ਵਰਤਣ ਵਾਲੇ ਅਧਿਕਾਰੀਆਂ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਹਾਜ਼ਰ ਅਧਿਕਾਰੀਆਂ ਵਿਚ ਨਾਇਬ ਤਹਿਸੀਲਦਾਰ ਦਰਸ਼ਨ ਸਿੰਘ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਡਾ: ਸਤਨਾਮ ਸਿੰਘ ਗਿੱਲ, ਡਾ: ਵਿਕਰਮਜੀਤ ਸਿੰਘ, ਨਵਜੋਤ ਸਿੰਘ ਭੰਗੂ, ਪ੍ਰਿੰਸੀਪਲ ਵਿਨੋਦ ਸ਼ਰਮਾ, ਪ੍ਰਿੰਸੀਪਲ ਜੋਗਾ ਸਿੰਘ ਅਠਵਾਲ, ਇੰਜੀ: ਰਾਓ ਗੌਰਵ ਸਿੰਘ, ਦਿਨੇਸ਼ ਕੁਮਾਰ, ਅਮਰਪ੍ਰੀਤ ਸਿੰਘ, ਜੀਵਨਜੋਤ ਤਕਿਆਰ, ਬਲਰਾਜ ਸਿੰਘ, ਰਾਮ ਸਰੂਪ, ਜੇਈ ਨਰਪਿੰਦਰ ਸਿੰਘ, ਮਨੋਜ ਕੁਮਾਰ, ਰਣਜੀਤ ਕੁਮਾਰ, ਕਾਨੂੰਗੋ ਨਰਿੰਦਰ ਕੁਮਾਰ, ਕੁਲਦੀਪ ਸਿੰਘ ਕਾਹਲੋਂ, ਅਰਮਿੰਦਰ ਸਿੰਘ, ਤਰੁਨਪ੍ਰੀਤ ਸਿੰਘ ਬਾਵਾ, ਮੈਡਮ ਪੂਜਾ ਆਦਿ ਹਾਜ਼ਰ ਸਨ।

# ਮਿਲਾਵਟੀ ਦੁੱਧ ਦੀ ਵਿਕਰੀ ਜ਼ੋਰਾਂ 'ਤੇ, ਸਿਹਤ ਵਿਭਾਗ ਖਾਮੋਸ਼

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ ਵਿੱਚ ਮਿਲਾਵਟੀ ਦੁੱਧ ਦੀ ਵਿਕਰੀ ਜ਼ੋਰਾਂ 'ਤੇ ਹੈ।ਉਤਪਾਦਨ ਘੱਟ ਤੇ ਖ਼ਪਤ ਜ਼ਿਆਦਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕੁਝ ਕੁ ਲਾਲਚੀ ਲੋਕ ਦੁੱਧ ਵਿੱਚ ਕੈਮੀਕਲ ਘੋਲ ਕੇ ਲੋਕਾਂ ਨੂੰ ਜ਼ਹਿਰ ਪਿਆ ਰਹੇ ਹਨ।21ਵੀਂ ਪਸ਼ੂ ਧਨ ਗਣਨਾ ਅਨੁਸਾਰ ਵੀ ਸੂਬੇ ਵਿੱਚ ਪਸ਼ੂਆਂ ਦੀ ਗਿਣਤੀ ਘਟੀ ਹੈ।ਸੜਕਾਂ 'ਤੇ ਤੁਰੀਆਂ ਫਿਰਦੀਆਂ ਆਵਾਰਾ ਗਾਵਾਂ ਤੇ ਲੰਪੀ ਸਕਿੱਨ ਨਾਂਅ ਦੀ ਬੀਮਾਰੀ ਕਾਰਨ ਪਸ਼ੂਆਂ ਦਾ ਮਰਨਾ ਵੀ ਇਸ ਦੇ ਮੁੱਖ ਕਾਰਨਾਂ ਵਿੱਚ ਸ਼ਾਮਲ ਹੈ।ਪੜਤਾਲ ਕੀਤਿਆਂ ਇਹ ਵੀ ਪਤਾ ਲੱਗਾ ਹੈ ਕਿ ਪਿੰਡਾਂ ਵਿੱਚ ਦੋ-ਚਾਰ ਪਸ਼ੂ ਰੱਖਣ ਵਾਲੇ ਘਰਾਂ ਦੀ ਗਿਣਤੀ ਵੀ ਘਟ ਗਈ ਹੈ।ਜੇਕਰ ਦੁੱਧ ਦੇ ਉਤਪਾਦਨ ਵਿੱਚ ਤੇਜ਼ੀ ਨਾਲ ਆ ਰਹੀ ਗਿਰਾਵਟ ਖ਼ਪਤ ਨੂੰ ਪ੍ਰਭਾਵਿਤ ਨਹੀਂ ਕਰ ਰਹੀ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੁੱਧ ਦੇ ਨਾਂਅ ਤੇ ਲੋਕਾਂ ਨੂੰ ਜ਼ਹਿਰ ਪਿਆਇਆ ਜਾ ਰਿਹਾ ਹੈ।ਇੱਥੇ ਹੈਰਾਨੀ ਦੀ ਗੱਲ ਇਹ ਹੈ ਕਿ ਲੋਕਾਂ ਦੀ ਸਿਹਤ ਨਾਲ ਹੋ ਰਹੀ ਖਿਲਵਾੜ ਨੂੰ ਰੋਕਣ ਲਈ ਜ਼ਿੰਮੇਵਾਰ ਸਿਹਤ ਵਿਭਾਗ ਕਾਗਜ਼ੀ ਕਾਰਵਾਈਆਂ ਤੱਕ ਹੀ ਸੀਮਤ ਹੋ ਗਿਆ ਹੈ।ਮਿਲਾਵਟੀ ਦੁੱਧ ਦੀ ਵਰਤੋਂ ਕਾਰਨ ਲੋਕ ਕੈਂਸਰ,ਕਾਲਾ ਪੀਲੀਆ, ਚਮੜੀ ਰੋਗ, ਕਿਡਨੀ ਫੇਲੀਅਰ ਆਦਿ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।ਇਨ੍ਹਾਂ ਗਤੀਵਿਧੀਆਂ ਨੂੰ ਰੋਕਣ ਲਈ ਸੰਬੰਧਤ ਵਿਭਾਗ ਵੱਲੋਂ ਨਿਰੰਤਰ ਚੈਕਿੰਗ ਨਾ ਕਰਨ ਕਾਰਨ ਲਾਲਚੀ ਲੋਕ ਮਿਲਾਵਟੀ ਦੁੱਧ ਵੇਚ ਕੇ ਆਪਣੀਆਂ ਜੇਬਾਂ ਭਾਰੀ ਕਰ ਰਹੇ ਹਨ।ਕਥਿਤ ਤੌਰ ਤੇ ਮੌਲਟੋਡੈਕਸਟਰਿਨ ਨਾਂਅ ਦੇ ਪਾਊਡਰ ਵਿੱਚ ਰਿਫਾਇੰਡ ਤੇਲ, ਕਾਸਟਿਕ ਸੋਡਾ, ਯੂਰੀਆ, ਸੈਂਟ ਆਦਿ ਘੋਲ ਕੇ ਸਿੰਥੈਟਿਕ ਦੁੱਧ ਬਣਾਇਆ ਜਾਂਦਾ ਹੈ ਕਿਉਂਕਿ ਆਮ ਲੋਕ ਨਕਲੀ ਦੁੱਧ ਦੀ ਪਛਾਣ ਕਰਨ ਵਿੱਚ ਸਮਰੱਥ ਨਹੀਂ ਹਨ, ਇਸੇ ਕਰਕੇ ਲਾਲਚੀ ਲੋਕ ਭੋਲੇ-ਭਾਲੇ ਲੋਕਾਂ ਨੂੰ ਮੂਰਖ਼ ਬਣਾਉਂਦੇ ਆ ਰਹੇ ਹਨ।ਨਕਲੀ ਦੁੱਧ ਦੀ ਵਿਕਰੀ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਮਹਿਤਾ ਕਲੀਨਿਕ ਭਿੱਖੀਵਿੰਡ ਦੇ ਡਾਕਟਰ ਪ੍ਰੇਮੀ ਮਹਿਤਾ ਨੇ ਦੱਸਿਆ ਕਿ ਮਿਲਾਵਟੀ ਦੁੱਧ ਦੀ ਵਰਤੋਂ ਨਾਲ ਨਾ ਸਿਰਫ਼ ਬੱਚਿਆਂ ਦਾ ਸਰੀਰਕ ਵਿਕਾਸ ਰੁਕਦਾ ਹੈ, ਸਗੋਂ ਬੱਚੇ ਦਿਮਾਗੀ ਤੌਰ 'ਤੇ ਵੀ ਕਮਜ਼ੋਰ ਹੋ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਦੁੱਧ ਬੱਚਿਆਂ ਦੀ ਪੌਸ਼ਟਿਕ ਖ਼ੁਰਾਕ ਦਾ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਨਕਲੀ ਦੁੱਧ ਦਾ ਬਾਜ਼ਾਰਾਂ ਵਿੱਚ ਵਿਕਣਾ ਬਰਬਾਦੀ ਦਾ ਸੰਕੇਤ ਹੈ।ਉਧਰ ਇਸ ਮਾਮਲੇ ਸੰਬੰਧੀ ਜਦੋਂ ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਸੁਖਬੀਰ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਕਲੀ ਦੁੱਧ ਦੀ ਵਿਕਰੀ ਨੂੰ ਰੋਕਣ ਲਈ ਸੈਂਪਲ ਭਰ ਜਾਣਗੇ।



# ਹੈਰੋਇਨ ਸਮੇਤ ਵਿਅਕਤੀ ਕਾਬੂ



ਬਲਾਚੌਰ (ਜਸਵਿੰਦਰ ਬੈਂਸ)- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਕਪਤਾਨ ਪੁਲਸ ਤੁਸ਼ਾਰ ਗੁਪਤਾ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਥਾਣਾ ਪੋਜੇਵਾਲ ਦੀ ਪੁਲਸ ਨੇ ਇੱਕ ਵਿਅਕਤੀ ਨੂੰ 2.60 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਜਾਣਕਾਰੀ ਅਨੁਸਾਰ, ਉਪ ਕਪਤਾਨ ਪੁਲਸ ਸਬ-ਡਵੀਜ਼ਨ ਬਲਾਚੌਰ ਦੀ ਯੋਗ ਅਗਵਾਈ ਅਤੇ ਥਾਣਾ ਪੋਜੇਵਾਲ ਦੇ ਮੁੱਖ ਅਫਸਰ ਇਸਪੈਕਟਰ ਕੌਰ ਦੀ ਦੇਖ-ਰੇਖ ਹੇਠ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਪੁਲਸ ਨੇ ਇੱਕ ਸ਼ੱਕੀ ਨੌਜਵਾਨ ਨੂੰ ਕਾਬੂ ਕੀਤਾ, ਜਿਸ ਦੀ ਪਛਾਣ ਵਰਿੰਦਰ ਸਿੰਘ ਉਰਫ ਗੱਗੂ ਪੁੱਤਰ ਨਛੱਤਰ ਸਿੰਘ ਵਾਸੀ ਖਵਾਜਕੇ ਥਾਣਾ ਅਜੀਤਵਾਲ ਥਾਣਾ ਅਜੀਤਵਾਲ ਜ਼ਿਲ੍ਹਾ ਮੋਗਾ ਹਾਲ ਵਾਸੀ ਖਵਾਜਕੇ ਥਾਣਾ ਮਿਹਰਬਾਨ ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ।? ਜਦੋਂ ਪੁਲਸ ਵੱਲੋਂ ਉਕਤ ਨੌਜਵਾਨ ਦੀ ਤਲਾਸ਼ੀ ਲਈ ਗਈ, ਤਾਂ ਉਸ ਦੇ ਕਬਜ਼ੇ ਵਿੱਚੋਂ ਇੱਕ ਲਿਫਾਫੇ ਵਿੱਚ ਪਾਈ 2.60 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਪੋਜੇਵਾਲ ਦੇ ਮੁੱਖ ਅਫਸਰ ਨੇ ਦੱਸਿਆ ਕਿ ਦੋਸ਼ੀ ਵਰਿੰਦਰ ਸਿੰਘ ਉਰਫ ਗੱਗੂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਭਾਜਪਾ-ਅਕਾਲੀ-ਕਾਂਗਰਸ ਖ਼ਿਲਾਫ਼ 'ਆਪ' ਦਾ ਪ੍ਰਦਰਸ਼ਨ

ਚੰਡੀਗੜ੍ਹ, (ਨ ਜ ਸ)- ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਭਾਜਪਾ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿਰੁੱਧ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਸੋਸ਼ਲ ਮੀਡੀਆ 'ਤੇ ਜਨਤਾ ਨੂੰ ਗੁੰਮਰਾਹ ਕਰਨ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਐਡਿਟ ਕੀਤੀ ਫਰਜ਼ੀ ਵੀਡੀਓ ਸਾਂਝੀ ਕਰਨ ਦੇ ਵਿਰੋਧ ਵਿੱਚ ਕੀਤਾ ਗਿਆ। ਛੇੜਛਾੜ ਵਾਲੀ ਵੀਡੀਓ ਮਾਮਲੇ ਦੇ ਸਬੰਧ ਵਿੱਚ ਐੱਫ ਆਈ ਆਰ ਦਰਜ ਕੀਤੇ ਜਾਣ ਤੇ ਬਾਅਦ ਵਿੱਚ ਫੋਰੈਂਸਿਕ ਜਾਂਚ ਵਿੱਚ ਵੀਡੀਓ ਦੀ ਜਾਣਬੁੱਝ ਕੇ ਹੇਰਾਫੇਰੀ ਦਾ ਖੁਲਾਸਾ ਹੋਣ ਤੋਂ ਬਾਅਦ ਇਹ ਵਿਰੋਧ ਪ੍ਰਦਰਸ਼ਨ ਕੀਤੇ ਗਏ। 'ਆਪ' ਆਗੂਆਂ ਅਤੇ ਵਰਕਰਾਂ ਨੇ ਰਾਜ ਭਰ ਵਿੱਚ ਕਈ ਥਾਵਾਂ 'ਤੇ ਪ੍ਰਦਰਸ਼ਨ ਕੀਤੇ, ਜਿਨ੍ਹਾਂ ਨੇ ਸੰਪਾਦਿਤ ਵੀਡੀਓ ਸਾਂਝੀ ਕਰਨ ਵਾਲੇ ਆਗੂਆਂ ਨੂੰ ਨਿਸ਼ਾਨਾ ਬਣਾਇਆ। ਪਠਾਨਕੋਟ ਵਿੱਚ, ਆਪ ਵਰਕਰਾਂ ਨੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਦਫ਼ਤਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ, ਜਦੋਂ ਕਿ ਜਲੰਧਰ ਕੈਂਟ ਵਿੱਚ, ਕਾਂਗਰਸੀ ਆਗੂ ਪ੍ਰਗਟ ਸਿੰਘ ਵਿਰੁੱਧ ਪ੍ਰਦਰਸ਼ਨ ਕੀਤਾ ਗਏ। ਲੰਬੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਭੁਲੱਥ ਵਿੱਚ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ



ਖ਼ਿਲਾਫ ਵੀ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਐਕਸ 'ਤੇ ਲਿਖਿਆ 'ਜਿਹੜੇ ਆਗੂ ਮਾਮੂਲੀ ਸਿਆਸੀ ਫਾਇਦੇ ਲਈ ਫਰਜ਼ੀ ਵੀਡੀਓ ਚਲਾਉਂਦੇ ਹਨ ਤੇ ਗੁਰੂ ਸਾਹਿਬਾਨ ਦਾ ਅਪਮਾਨ ਕਰਨ ਤੋਂ ਨਹੀਂ ਝਿਜਕਦੇ, ਉਹ ਸਲਾਖਾਂ ਦੇ ਪਿੱਛੇ ਹੋਣ ਦੇ ਹੱਕਦਾਰ ਹਨ। ਉਨ੍ਹਾਂ ਆਗੂਆਂ ਵਿਰੁੱਧ ਜਨਤਾ ਦਾ ਗੁੱਸਾ ਪੂਰੀ ਤਰ੍ਹਾਂ ਜਾਇਜ਼ ਹੈ, ਜਿਨ੍ਹਾਂ ਨੇ ਦਿੱਲੀ ਵਿਧਾਨ ਸਭਾ ਵਿੱਚ ਆਤਿਸ਼ੀ ਦੀ ਵੀਡੀਓ ਨੂੰ ਜਾਣਬੁੱਝ ਕੇ ਐਡਿਟ (ਛੇੜਛਾੜ) ਕੀਤਾ ਅਤੇ ਉਸ ਨੂੰ ਬਦਨਾਮ ਕਰਨ ਲਈ ਸ਼ਬਦਾਵਲੀ ਗੁਰੂ ਸਾਹਿਬਾਨ ਦੇ ਹਵਾਲੇ ਪਾ ਦਿੱਤੇ।' ਜਲੰਧਰ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਵਿੱਚ ਸਰਕਾਰ ਨੂੰ ਸੰਬੋਧਨ ਕਰਦਿਆਂ 'ਆਪ' ਮੰਤਰੀ ਮਹਿੰਦਰ ਭਗਤ ਨੇ ਵਿਰੋਧੀ ਪਾਰਟੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਵਿਕਾਸ ਅਤੇ ਲੋਕ ਭਲਾਈ ਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਉਹ ਛੇੜਛਾੜ ਵਾਲੀਆਂ ਵੀਡੀਓਜ਼ ਰਾਹੀਂ ਝੂਠ ਫੈਲਾਉਣ ਦਾ ਸਹਾਰਾ ਲੈ ਰਹੇ ਹਨ।

# ਟੈਟ ਤੇ ਤਨਖਾਹਾਂ ਦੇ ਮਸਲੇ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਦੀ ਮੀਟਿੰਗ

ਮਹਿਤਪੁਰ (ਰਾਜਾ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਦੀ ਅਗਵਾਈ ਵਿੱਚ ਹੋਈ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਅਤੇ ਸੂਬਾ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਦੱਸਿਆ ਕਿ ਪੰਜਾਬ ਸਰਕਾਰ ਨਵੀਂ ਸਿੱਖਿਆ ਨੀਤੀ-2020 ਲਾਗੂ ਨਾ ਕਰਕੇ ਆਪਣੀ ਸਿੱਖਿਆ ਨੀਤੀ ਬਣਾਵੇ ਤੇ ਅਧਿਆਪਕਾਂ ਉੱਪਰ ਆਏ ਟੈਟ ਦੇ ਫੈਸਲੇ ਸਬੰਧੀ ਕੇਂਦਰੀ ਸਿੱਖਿਆ ਮੰਤਰੀ ਨਾਲ ਗੱਲ ਕਰੇ ਤੇ ਸੁਪਰੀਮ ਕੋਰਟ ਵਿੱਚ ਸਰਕਾਰ ਆਪਣੇ ਵੱਲੋਂ ਰਿਵਿਊ ਪਟੀਸ਼ਨ ਦਾਇਰ ਕਰੇ। ਪੰਜਾਬ ਸਰਕਾਰ ਸਿੱਖਿਆ ਵਿਭਾਗ ਵਿੱਚ ਇਹ ਨੀਤੀ ਲਾਗੂ ਕਰਨ ਦੀ ਬਜਾਏ ਆਪਣੇ ਸੈਸ਼ਨ ਵਿੱਚ ਇਸ ਵਿਰੋਧੀ ਮਤਾ ਪਾਸ ਕਰਕੇ ਅਧਿਆਪਕ ਵਰਗ ਦੇ ਨਾਲ ਖੜੇ।ਆਗੂਆਂ ਨੇ ਕਿਹਾ ਕਿ 23-8-2010 ਤੋਂ ਪਹਿਲਾਂ ਜੋ ਵੀ ਅਧਿਆਪਕ ਅਧਿਆਪਨ ਕਿੱਤੇ ਵਿੱਚ ਆਏ ਹਨ ਉਹਨਾਂ ਨੇ ਈ ਟੀ ਟੀ/ਬੀ ਐੱਡ ਦਾ ਦਾਖਲਾ ਟੈਸਟ ਪਾਸ ਕਰਕੇ ਆਪਣਾ ਕੋਰਸ ਪੂਰਾ ਕਰਨ ਉਪਰੰਤ ਹੀ ਸਲੈਕਟ ਹੋ ਕੇ ਬਤੌਰ ਅਧਿਆਪਕ ਨਿਯੁਕਤ ਹੋਏ ਹਨ ਜਦੋਂ ਕਿ ਟੈਟ 2010 ਤੋਂ ਬਾਅਦ ਲਾਗੂ ਹੋਇਆ ਹੈ ਤਾਂ ਇਹ ਫੈਸਲਾ ਉਹਨਾਂ ਅਧਿਆਪਕਾਂ ਤੇ ਲਾਗੂ ਹੀ ਨਹੀਂ ਹੁੰਦਾ। ਜਿਵੇਂ ਨਵੀਂ ਪੈਨਸ਼ਨ ਸਕੀਮ 2004 ਤੋਂ ਬਾਅਦ ਨੌਕਰੀ ਵਿੱਚ ਆਉਣ ਵਾਲੇ ਮੁਲਾਜ਼ਮਾਂ ਤੇ ਲਾਗੂ ਹੋਈ ਹੈ, ਪਰ 2004 ਤੋਂ ਪਹਿਲਾਂ ਵਾਲੇ ਮੁਲਾਜ਼ਮਾਂ



ਉੱਪਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੈ। ਜੀ ਟੀ ਯੂ (ਵ) 2004 ਤੋਂ ਬਾਅਦ ਵਾਲਿਆਂ ਤੇ ਵੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦੀ ਮੰਗ ਕਰ ਰਹੀ ਹੈ। ਇਸ ਲਈ ਟੈਟ ਨੂੰ ਪੰਜ ਸਾਲ ਤੋਂ ਵੱਧ ਸਮੇਂ ਦੀ ਨੌਕਰੀ ਜਿਨ੍ਹਾਂ ਅਧਿਆਪਕਾਂ ਦੀ ਰਹਿੰਦੀ ਹੈ ਉਹਨਾਂ ਉੱਪਰ ਲਾਗੂ ਕਰਨ ਅਤੇ ਪ੍ਰਮੋਸ਼ਨ ਲੈਣ ਸਮੇਂ ਲਾਗੂ ਕਰਨ ਦਾ ਫੈਸਲਾ ਠੀਕ ਨਹੀਂ ਹੈ। ਪੰਜਾਬ ਸਰਕਾਰ ਨੂੰ ਇਸ ਦੀ ਕੋਰਟ ਵਿਚ ਆਪ ਪੈਰਵੀ ਕਰਨੀ ਚਾਹੀਦੀ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਨਾਲ ਸੰਬੰਧਿਤ ਹੈ ਅਤੇ ਜਿਥੇ ਇਹ ਸੁਪਰੀਮ ਕੋਰਟ ਵਿਚ ਵੀ ਟੈਟ ਦੇ ਖ਼ਿਲਾਫ ਕੇਸ ਲੜ ਰਹੀ ਹੈ ਉੱਥੇ ਪੰਜ ਫਰਵਰੀ ਨੂੰ ਦਿੱਲੀ ਵਿਖੇ ਇਸ ਦੇ ਖ਼ਿਲਾਫ ਵੱਡਾ ਐਕਸ਼ਨ ਵੀ ਕੀਤਾ ਜਾ ਰਹੀ ਹੈ ਜਿਸ ਵਿਚ ਪੰਜਾਬ ਵਿੱਚੋਂ ਵੀ ਵੱਡੀ ਗਿਣਤੀ ਵਿਚ ਅਧਿਆਪਕ ਸ਼ਾਮਿਲ ਹੋਣਗੇ। ਲੋਹੜੀ ਦੇ ਤਿਉਹਾਰ ਅਤੇ ਹੋਰ ਖ਼ਰਚਿਆਂ ਕਾਰਨ ਮੁਲਾਜ਼ਮਾਂ ਨੂੰ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ।ਅੱਗੇ ਤੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਸਮੇਂ ਸਿਰ ਜਾਰੀ ਕੀਤੀਆਂ ਜਾਣ। ਮੀਟਿੰਗ ਵਿੱਚ ਸੂਬਾ ਵਿਤ ਸਕੱਤਰ ਸੋਮ ਸਿੰਘ ਗੁਰਦਾਸਪੁਰ, ਸੀਨੀਅਰ ਮੀਤ ਪ੍ਰਧਾਨ ਪ੍ਰਗਟ ਸਿੰਘ ਜੰਬਰ, ਕੰਵਲਜੀਤ ਸੰਗੋਵਾਲ, ਸੁੱਚਾ ਸਿੰਘ ਚਾਹਲ ਰੋਪੜ, ਗੁਰਪ੍ਰੀਤ ਸਿੰਘ ਸਿੱਧੂ, ਰੇਸ਼ਮ ਸਿੰਘ ਅਬੋਹਰ, ਲਾਲ ਚੰਦ ਨਵਾਂਸ਼ਹਿਰ, ਗੁਰਿੰਦਰ ਸਿੰਘ ਮੋਹਾਲੀ, ਗੁਰਪ੍ਰੀਤ ਸਿੰਘ ਸੰਧੂ, ਜਗਤਾਰ ਸਿੰਘ ਖਮਾਣੋਂ, ਬਲਜਿੰਦਰ ਸਿੰਘ ਆਦਿ ਆਗੂ ਸ਼ਾਮਿਲ ਸਨ।

# ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਤ ਕਿਸਾਨ ਜਥੇਬੰਦੀਆਂ ਦੀ ਮੀਟਿੰਗ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਿਤ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਸੀਟੂ ਭਵਨ, ਹੁਸ਼ਿਆਰਪੁਰ ਵਿੱਚ ਹੋਈ।ਇਸ ਵਿੱਚ ਮਜ਼ਦੂਰ, ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ 16 ਜਨਵਰੀ ਨੂੰ ਸਾਰੇ ਪੰਜਾਬ ਵਿੱਚ ਡੀ ਸੀ ਦਫ਼ਤਰਾਂ ਅੱਗੇ ਦਿੱਤੇ ਜਾ ਧਰਨੇ ਦੀ ਵਿਉਂਤਬੰਦੀ ਬਾਰੇ ਵਿਚਾਰਾਂ ਕੀਤੀਆਂ ਗਈਆਂ।ਸਾਰੇ ਹਾਜ਼ਰ ਸਾਥੀਆਂ ਨੇ ਖੁੱਲ੍ਹ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੀਟਿੰਗ ਵਿੱਚ ਨਰੇਗਾ ਸਕੀਮ, ਚਾਰ ਮਜ਼ਦੂਰ ਕੋਡ, ਬੀਜ ਬਿੱਲ ਅਤੇ ਬਿਜਲੀ ਸੋਧ ਬਿਲ ਦੇ ਵਿਰੋਧ ਵਿੱਚ ਵਿਚਾਰਾਂ ਕੀਤੀਆਂ ਗਈਆਂ।ਮਿਤੀ 16 ਜਨਵਰੀ ਨੂੰ ਸਦਰ ਥਾਣੇ ਸਾਹਮਣੇ ਧੰਨਾ ਸਿੰਘ ਪਾਰਕ ਵਿੱਚ ਸਾਰੇ ਕਿਸਾਨ, ਮਜ਼ਦੂਰ ਅਤੇ ਪੈਨਸ਼ਨਰ ਠੀਕ 11 ਵਜੇ ਇਕੱਠੇ ਹੋ ਕੇ, ਮਿਨੀ ਸਕੱਤਰੇਤ ਹੁਸ਼ਿਆਰਪੁਰ ਵੱਲ ਮਾਰਚ ਕਰਦੇ ਹੋਏ ਜਾਣਗੇ। ਮਿਨੀ ਸਕੱਤਰੇਤ ਅੱਗੇ ਮੇਨ ਗੇਟ ਅੱਗੇ ਧਰਨਾ ਦਿੱਤਾ ਜਾਵੇਗਾ।ਮੀਟਿੰਗ ਵਿੱਚ ਗੁਰਮੇਸ਼ ਸਿੰਘ ਕੁੱਲ ਹਿੰਦ ਕਿਸਾਨ ਸਭਾ, ਡਾ. ਸੁਖਦੇਵ ਸਿੰਘ ਢਿੱਲੋਂ ਤੇ ਬਲਵਿੰਦਰ ਸਿੰਘ ਗਿੱਲ ਜਮਹੂਰੀ ਕਿਸਾਨ ਸਭਾ, ਸਤਪਾਲ ਸਿੰਘ ਡਡਿਆਣਾ ਬੀਕੇਯੂ ਕਾਦੀਆਂ, ਹਰਬੰਸ ਸਿੰਘ ਸੰਘਾ ਤੇ ਬਲਵਿੰਦਰ ਸਿੰਘ ਸੋਢੀ ਕਿਸਾਨ ਕਮੇਟੀ ਦੋਆਬਾ ਪੰਜਾਬ, ਤੀਰਥ ਸਿੰਘ ਸਤਨੌਰ, ਸਰਬਜੀਤ ਸਿੰਘ ਤੇ ਗੁਰਜਪਾਲ ਸਿੰਘ ਬੀਕੇਯੂ ਰਾਜੇਵਾਲ, ਓਮ ਸਿੰਘ ਸਟਿਆਣਾ, ਕਾ. ਗੰਗਾ ਪ੍ਰਸ਼ਾਦ ਤੇ ਉਮੇਸ਼ ਕੁਮਾਰ ਸੀਟੂ, ਧੰਨਪਤ ਰਾਏ ਸੀਟੂ, ਇੰਦਰਜੀਤ ਵਿਰਦੀ ਪਸਸਫ ਅਤੇ ਮਨਜੀਤ ਸਿੰਘ ਸੈਣੀ ਸਾਮਲ ਹੋਏ।

# ਜਨਤਾ ਦਰਬਾਰ ਦੌਰਾਨ ਹਰਜੋਤ ਬੈਂਸ ਨੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ/ਸਮੱਸਿਆਵਾ ਦਾ ਨਿਪਟਾਰਾ ਕਰਨ ਲਈ ਪਿਛਲੇ ਲਗਭਗ ਤਿੰਨ ਸਾਲਾ ਦੌਰਾਨ ਵਿਸ਼ਾਲ ਮੁਹਿੰਮ ਆਰੰਭ ਕੀਤੀ ਹੋਈ ਹੈ। ਪਹਿਲਾ ਸਾਡਾ ਐਮ ਐਲ ਏ ਸਾਡੇ ਵਿੱਚ ਪ੍ਰੋਗਰਾਮ ਅਤੇ ਸਰਕਾਰ ਤੁਹਾਡੇ ਦੁਆਰ ਤਹਿਤ ਕੈਬਨਿਟ ਮੰਤਰੀ ਨਿਰੰਤਰ ਪਿੰਡਾਂ ਦੀਆਂ ਸੱਥਾਂ ਵਿੱਚ ਬੈਠ ਕੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਦੇ ਰਹੇ ਹਨ।ਹਫਤਾਵਾਰੀ ਜਨਤਾ ਦਰਬਾਰ



ਇਸ ਮੁਹਿੰਮ ਵਿੱਚ ਕਾਰਗਰ ਸਿੱਧ ਹੋਏ ਹਨ।ਮੀਡੀਆ ਕੋਆਰਡੀਨੇਟਰ ਦੀਪਕ ਸੋਨੀ ਨੇ ਦੱਸਿਆ ਕਿ ਮੰਤਵਾਰ ਨੂੰ ਨੰਗਲ/ਸ੍ਰੀ ਅਨੰਦਪੁਰ ਸਾਹਿਬ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵਲੰਟੀਅਰ ਦੀ ਤਰ੍ਹਾਂ ਕੰਮ ਕਰਦੇ ਹਨ, ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਪਿੰਡਾਂ ਦੇ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਪੰਚਾਇਤਾਂ ਦੇ ਕੰਮ, ਸਮਾਜਿਕ, ਧਾਰਮਿਕ ਸੰਗਠਨਾਂ ਦੀਆਂ ਯੋਗ ਮੰਗਾਂ ਅਤੇ ਲੋਕਾਂ ਦੇ ਨਿੱਜੀ ਕੰਮ ਪਹਿਲ ਦੇ ਆਧਾਰ ਤੇ ਕਰਵਾਉਂਦੇ ਹਨ।ਇਸ ਜਨਤਾ ਦਰਬਾਰ ਵਿੱਚ ਜਿੱਥੇ ਬਜੁਰਗ ਵੱਡੀ ਗਿਣਤੀ ਵਿੱਚ ਪਹੁੰਚਦੇ ਹਨ, ਉਥੇ ਵੱਡੀ ਗਿਣਤੀ ਵਿਦਿਆਰਥੀ ਵੀ ਨੌਜਵਾਨ ਕੈਬਨਿਟ ਮੰਤਰੀ ਨਾਲ ਵਿਚਾਰ ਵਟਾਂਦਰਾ ਕਰਦੇ ਹਨ।ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨ ਦੇ ਨਾਲ ਨਾਲ ਸ੍ਰੀ ਬੈਂਸ ਜਿਲ੍ਹੇ ਦੇ ਅਧਿਕਾਰੀਆਂ ਜਾਂ ਹੋਰ ਉੱਚ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਦਿੰਦੇ ਹਨ ਅਤੇ ਸਮੱਸਿਆਵਾ ਹੱਲ ਕਰਵਾਉਂਦੇ ਹਨ। ਬਹੁਤ ਸਾਰੇ ਲੋਕ ਇਸ ਮੌਕੇ ਪੰਜਾਬ ਸਰਕਾਰ ਦੀ ਇਸ ਬਿਹਤਰੀਨ ਕਾਰਗੁਜ਼ਾਰੀ ਅਤੇ ਕੈਬਨਿਟ ਮੰਤਰੀ ਦੀ ਨਿਵੇਕਲੀ ਕਾਰਜਸ਼ੈਲੀ ਦੀ ਸ਼ਲਾਘਾ ਕਰਦੇ ਹਨ।

# ਮੈਲੀ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ



ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਆਖੰਡ ਧੂਣਾ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਮਹਾਰਾਜ, ਬਾਬਾ ਮਿਹਰ ਦਾਸ, ਬਾਬਾ ਗੋਪਾਲ ਦਾਸ, ਬਾਬਾ ਦਿਆਲ ਦਾਸ, ਬਾਬਾ ਰਾਮਦਾਸ, ਬਾਪੂ ਗੰਗਾ ਦਾਸ ਬਾਪੂ, ਕੁੰਭ ਦਾਸ ਪਿੰਡ ਮੈਲੀ ਵਿਖੇ ਧੰਨ ਧੰਨ ਬਾਪੂ ਠੱਠੂ ਦਾਸ ਮਹਾਰਾਜ ਦੀ 27ਵੀਂ ਬਰਸੀ ਦੇ ਸਮਾਗਮ ਬਾਬਾ ਬਲਵੰਤ ਦਾਸ ਮਹਾਰਾਜ ਦੀ ਰਹਿਨੁਮਾਈ ਹੇਠ ਸਮਾਗਮ ਦੌਰਾਨ 9 ਜਨਵਰੀ ਨੂੰ ਹਲਟੀ ਦੌੜਾ ਕਰਵਾਈਆਂ ਗਈਆਂ ਅਤੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ. ਸਿਵਲ ਹਸਪਤਾਲ ਮਾਹਿਲਪੁਰ ਅਤੇ ਡਾਕਟਰ ਪ੍ਰਭ ਹੀਰ ਦੀ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰੀ ਟੀਮ ਵਿੱਚ ਹਰਜਿੰਦਰ ਕੁਮਾਰੀ, ਨਵਜੋਤ ਕੌਰ, ਭੁਪਿੰਦਰ ਸਿੰਘ ਤੇ ਕ੍ਰਿਸ਼ਨ ਚੰਦ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਮਰੀਜ਼ਾਂ ਦਾ ਚੈਕਅਪ ਕਰਕੇ ਉਹਨਾਂ ਨੂੰ ਮੁਫ਼ਤ ਦਵਾਈਆਂ ਦਿੱਤੀ ਗਈ ਅਤੇ ਸ਼ੂਗਰ ਦੇ ਵੀ ਫ੍ਰੀ ਟੈਸਟ ਕੀਤੇ ਗਏ। ਖੂਨਦਾਨ ਕੈਂਪ ਵੀ ਲਗਾਇਆ ਗਿਆ। ਸਮਾਗਮ ਵਿੱਚ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ, ਚਰਨਜੀਤ ਸਿੰਘ ਬੰਟੀ ਮੈਲੀ ਮੈਂਬਰ ਜ਼ਿਲ੍ਹਾ ਪਰਿਸ਼ਦ, ਅਸ਼ੋਕ ਕੁਮਾਰ ਲੰਬਰਦਾਰ, ਜਰਨੈਲ ਸਿੰਘ ਮੈਲੀ, ਜਸਵਿੰਦਰ ਸਿੰਘ ਭੋਗਪੁਰ, ਪੰਚ ਵਿੱਕੀ ਮੈਲੀ, ਚੈਨ ਬਾਬਾ ਜੀ, ਮਾਤਾ ਗਿਆਨ ਕੌਰ, ਮਨੀਸ਼ ਭਾਜੀ, ਸਾਬਕਾ ਪੰਚ ਪ੍ਰੇਮ, ਬਲਾਕ ਸੰਮਤੀ ਮੈਂਬਰ ਕੁੰਦਨ ਲਾਲ ਸਮੇਤ ਲਾਗਲੇ ਪਿੰਡਾਂ ਦੀਆਂ ਸੰਗਤਾਂ ਅਤੇ ਇਸ ਅਸਥਾਨ ਦੇ ਸ਼ਰਧਾਲੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

## ਮਹਿੰਦਰ ਭਗਤ ਨੂੰ ਪੈਨਸ਼ਨਰਾਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ

ਜਲੰਧਰ (ਰਾਜੇਸ਼ ਥਾਪਾ) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਮਿਤੀ 10-1-2025 ਨੂੰ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੂੰ ਉਹਨਾਂ ਦੇ ਨਿਵਾਸ ਸਥਾਨ 'ਤੇ ਆਪਣਾ ਮੰਗ ਪੱਤਰ ਦਿੱਤਾ।ਇਸ ਸਮੇਂ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਦੀ ਮੌਜੂਦਗੀ ਵਿੱਚ ਸਰਕਲ ਪ੍ਰਧਾਨ ਮਿਸਤਰ ਸ਼ਿਰੀ ਰਾਮ ਜੱਗੀ ਨੇ ਕੈਬਨਿਟ ਮੰਤਰੀ ਨੂੰ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਤੋਂ ਜਾਣੂ ਕਰਵਾਇਆ ਅਤੇ ਮੁੱਖ ਮੰਤਰੀ



ਨਾਲ ਛੇਤੀ ਤੋਂ ਛੇਤੀ ਮੀਟਿੰਗ ਕਰਾਉਣ ਦੀ ਮੰਗ ਕੀਤੀ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਲੋਕ ਵਿਰੋਧੀ ਕਾਨੂੰਨਾਂ ਬਿਜਲੀ ਸੋਧ ਬਿੱਲ 2025, ਨਵੇਂ ਕਿਰਤ ਕਾਨੂੰਨ, ਬੀਜ ਬਿੱਲ 2025, ਭਾਰਤ ਵਿਕਾਸ ਜੀ ਰਾਮ ਜੀ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣ ਲਈ ਵੀ ਮੰਤਰੀ ਜੀ ਨੂੰ ਕਿਹਾ ਅਤੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਜਾਇਦਾਦਾਂ ਵੇਚਣ ਦੇ ਫੈਸਲੇ ਨੂੰ ਰੱਦ ਕਰਨ ਦੀ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਦੀ ਵੀ ਮੰਗ ਕੀਤੀ। ਕੈਬਨਿਟ ਮੰਤਰੀ ਵੱਲੋਂ ਹਾਜ਼ਰ ਪੈਨਸ਼ਨਰਾਂ ਨੂੰ ਮੰਗਾਂ ਬਾਰੇ ਮੁੱਖ ਮੰਤਰੀ ਨਾਲ ਜਥੇਬੰਦੀ ਦੀ ਮੀਟਿੰਗ ਕਰਾਉਣ ਅਤੇ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਸਰਕਲ ਪ੍ਰਧਾਨ ਤੋਂ ਇਲਾਵਾ ਸਰਕਲ ਆਗੂ ਪ੍ਰੇਮ ਲਾਲ ਬੋਤੂ ਰਾਮ, ਜੋਗਿੰਦਰ ਪਾਲ,ਬਾਲ ਕ੍ਰਿਸ਼ਨ ਨੇ ਸੰਬੋਧਨ ਕੀਤਾ।ਸਰਕਲ ਪ੍ਰਧਾਨ ਨੇ ਕੈਬਨਿਟ ਮੰਤਰੀ ਮਹਿੰਦਰ ਭਗਤ ਦਾ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗ ਢੇਸੀਆਂ ਗੁਰਦੁਆਰਾ ਵਿਖੇ ਸਰਬੱਤ ਦੇ ਭਲੇ ਲਈ ਅਰਦਾਸ



ਫਿਲੌਰ (ਹਰਜਿੰਦਰ ਕੌਰ ਚਾਹਲ)- ਹਲਕਾ ਫਿਲੌਰ ਦੇ ਪਿੰਡ ਸੰਗ ਢੇਸੀਆਂ ਵਿਖੇ ਗੁਰਦੁਆਰਾ ਸਾਹਿਬ ਬਾਬਾ ਸੰਗ ਜੀ ਵਿਖੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਬੱਤ ਦੇ ਭਲੇ, ਲੋਕ ਭਲਾਈ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਦਾ ਪਾਵਨ ਪਾਠ ਕਰਵਾਇਆ ਗਿਆ। ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕੀਰਤਨੀਏ ਜਥੇ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਵੱਲੋਂ ਜੇਤੂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਹਰਜਿੰਦਰ ਸਿੰਘ ਲੱਲੀਆਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਭਾਵਨਾ ਖਹਿਰਾ, ਮਨਜੀਤ ਸਿੰਘ ਬਿੱਲਾ, ਭੁਪਿੰਦਰ ਸਿੰਘ, ਮੋਹਣ ਸਿੰਘ ਫੰਡਿਆਣਾ, ਅਮਰਜੀਤ ਸਿੰਘ, ਚੂਹੜ ਸਿੰਘ ਬੜਾਪਿੰਡ ਅਤੇ ਹੋਰ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

## ਲਾਇਨ ਲੀਡਰਸ਼ਿਪ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਸਨਮਾਨਤ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਗੁਰਦੁਆਰਾ ਸ੍ਰੀ ਅਮਰ ਦਰਬਾਰ ਸਾਹਿਬ ਆਕਾਸ਼ ਕਲੋਨੀ ਹੁਸ਼ਿਆਰਪੁਰ ਦੀ ਪ੍ਰਬੰਧਕ ਕਮੇਟੀ ਵੱਲੋਂ, ਸਮਾਜ ਸੇਵਾ, ਵਾਤਾਵਰਨ ਦੀ ਸੰਭਾਲ, ਸਿਹਤ ਸੇਵਾਵਾਂ, ਵਿਦਿਅਕ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀ ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ



ਜੱਟਾ ਕੋਹਿਨੂਰ 321 ਡੀ ਦੀ ਸਿਰਮੌਰ ਲੀਡਰਸ਼ਿਪ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਕਲੱਬ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਮੈਂਬਰਸ਼ਿਪ ਚੇਅਰਮੈਨ ਲਾਇਨ ਸੁਖਵਿੰਦਰ ਕੌਰ ਨੂੰ ਸਿਰੋਪਾਓ, 2026 ਦੀ ਐਗਜੈਕਟਿਵ ਡਾਇਰੀ, ਕੈਲੰਡਰ, ਗੁਰਦੁਆਰਾ ਸਾਹਿਬ ਦੀ ਸਰਪ੍ਰਸਤ ਬੀਬੀ ਤਰਸੇਮ ਕੌਰ, ਪ੍ਰਧਾਨ ਬਲਵਿੰਦਰ ਸਿੰਘ ਵੱਲੋਂ ਉਪਰੋਕਤ ਸਖਸ਼ੀਅਤਾਂ ਨੂੰ ਭੇਟ ਕੀਤੇ ਗਏ। ਇਸ ਮੌਕੇ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਵਿਧਾਇਕ ਹੁਸ਼ਿਆਰਪੁਰ, ਕੌਂਸਲਰ ਜਸਪਾਲ ਸਿੰਘ ਚੇਚੀ, ਕੌਂਸਲਰ ਨਰਿੰਦਰ ਕੌਰ, ਕੌਂਸਲਰ ਚੋਧਰੀ ਮੁੱਖੀ ਰਾਮ ਹੁਸ਼ਿਆਰਪੁਰ ਵੱਲੋ ਉਪਰੋਕਤ ਸਖਸ਼ੀਅਤਾਂ ਨੂੰ ਮੁਬਾਰਕਬਾਦ ਦਿੱਤੀ ਗਈ ਹੈ।

# ਹਨੀ ਡੱਬ ਚੇਅਰਪਰਸਨ ਜ਼ਿਲ੍ਹਾ ਟਰੇਡ ਕਮਿਸ਼ਨ ਨਿਯੁਕਤ

ਬਲਾਚੌਰ (ਜਸਵਿੰਦਰ ਬੈਂਸ) ਆਮ ਆਦਮੀ ਪਾਰਟੀ ਵਲੋਂ ਸਰਗਰਮ ਆਪ ਆਗੂਆਂ ਨੂੰ ਵੱਖ ਵੱਖ ਵਿਭਾਗਾਂ ਦੇ ਟਰੱਸਟਾਂ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਨ।ਜਿਲ੍ਹਾ ਨਵਾਂਸ਼ਹਿਰ ਵਿੱਚ ਹਨੀ ਡੱਬ ਨੂੰ ਜ਼ਿਲ੍ਹਾ ਚੇਅਰਮੈਨ ਟ੍ਰੇਡ ਕਮਿਸ਼ਨ ਅਤੇ ਜਸਵੀਰ ਸਿੰਘ ਘੁੰਮਣ, ਮੱਖਣ ਸਿੰਘ, ਇੰਦਰਜੀਤ ਸਿੰਘ ਮਾਨ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀਆਂ 'ਤੇ ਹਲਕਾ ਬੰਗਾ ਤੋਂ ਐਮ ਐਲ ਏ ਸੁਖਵਿੰਦਰ ਕੁਮਾਰ ਸੁੱਖੀ ਬਲਾਚੌਰ ਤੋਂ ਐਮ ਐਲ ਏ ਮੈਡਮ ਸੰਤੋਸ਼ ਕਟਾਰੀਆਂ, ਸਤਨਾਮ ਜਲਾਲਪੁਰ ਜਿਲ੍ਹਾ ਪ੍ਰਧਾਨ ਨਵਾਂਸ਼ਹਿਰ, ਆਮ ਆਦਮੀ ਪਾਰਟੀ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਬੱਲੂ ਨੇ ਹਨੀ ਡੱਬ, ਜਸਵੀਰ ਸਿੰਘ ਘੁੰਮਣ, ਮੱਖਣ ਸਿੰਘ, ਇੰਦਰਜੀਤ ਸਿੰਘ ਮਾਨ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਨਿਯੁਕਤੀ ਇੱਕ ਮਜ਼ਬੂਤ ਆਵਾਜ਼ ਸਾਬਤ ਹੋਵੇਗੀ।ਅੱਗੇ ਉਨ੍ਹਾਂ ਨੇ ਕਿਹਾ ਕਿ ਹਨੀ ਡੱਬ ਮੁਸ਼ਕਲਾਂ, ਮੰਗਾਂ ਅਤੇ ਸੁਝਾਵਾਂ ਨੂੰ ਸਰਕਾਰ ਤੱਕ ਪਹੁੰਚਾ ਕੇ ਆਮ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਪਾਰ ਅਤੇ ਉਦਯੋਗ ਨੂੰ ਮਜ਼ਬੂਤ ਕਰਨ ਲਈ ਲਗਾਤਾਰ



ਕਦਮ ਚੁੱਕ ਰਹੀ ਹੈ ਅਤੇ ਇਹ ਨਿਯੁਕਤੀ ਉਸੀ ਦਿਸ਼ਾ ਵਿੱਚ ਇੱਕ ਅਹਿਮ ਜ਼ਿੰਮੇਵਾਰੀ ਹੈ। ਹਨੀ ਡੱਬ ਨੇ ਉੱਚਪੱਧਰੀ ਲੀਡਰਸ਼ਿੱਪ ਦਾ ਧੰਨਵਾਦ ਕਰਦਿਆਂ ਅਗੇ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਉਣਗੇ ਅਤੇ ਵਪਾਰੀ ਵਰਗ ਦੇ ਹਿੱਤਾਂ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਸਤਨਾਮ ਸਿੰਘ ਜਲਵਾਹਾ ਚੈਅਰਮੈਨ ਇੰਪਰੂਵਮੈਂਟ ਟਰੱਸਟ ਨਵਾਂਸ਼ਹਿਰ, ਗਗਨ ਅਗਨੀਹੋਤਰੀ ਚੈਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ, ਮੀਡੀਆ ਇੰਚਾਰਜ ਮਲਕੀਤ ਸਿੰਘ, ਸਹਿ ਇੰਚਾਰਜ ਅਸ਼ੋਕ ਕੁਮਾਰ, ਸੀਨੀਅਰ ਆਗੂ ਬਲਾਕ ਪ੍ਰਧਾਨ ਅਤੇ ਵਰਕਰ ਹਾਜ਼ਰ ਸਨ।

# ਰੰਧਾਵਾ ਵੱਲੋਂ ਡੇਰਾਬੱਸੀ 'ਚ ਜਾਗਰੂਕਤਾ ਪਦ ਯਾਤਰਾਵਾਂ ਦਾ ਆਗਾਜ਼

ਡੇਰਾਬੱਸੀ (ਵਿਨੈ ਕੁਮਾਰ ਜੈਨ)- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਚਲਾਈ ਜਾ ਰਹੀ ਨਿਰਣਾਇਕ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਫੇਜ਼-2 ਦੀ ਸ਼ੁਰੂਆਤ ਹਲਕਾ ਡੇਰਾਬੱਸੀ ਵਿੱਚ ਪਿੰਡ ਬਾਕਰਪੁਰ ਤੋਂ ਕੀਤੀ ਗਈ। ਇਸ ਮੌਕੇ



ਐਮ ਐਲ ਏ ਕੁਲਜੀਤ ਸਿੰਘ ਰੰਧਾਵਾ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਪਦ-ਯਾਤਰਾਵਾਂ ਦਾ ਆਗਾਜ਼ ਕੀਤਾ ਗਿਆ। ਰੰਧਾਵਾ ਨੇ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਸਿਰਫ਼ ਕਾਨੂੰਨੀ ਕਾਰਵਾਈ ਹੀ ਨਹੀਂ ਕਰ ਰਹੀ, ਸਗੋਂ ਸਮਾਜ ਨੂੰ ਜਾਗਰੂਕ ਕਰਕੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫੇਜ਼-2 ਦੌਰਾਨ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਜ਼ਮੀਨੀ ਪੱਧਰ 'ਤੇ ਜਾਗਰੂਕਤਾ, ਰੋਕਥਾਮ, ਇਲਾਜ ਅਤੇ ਪੁਨਰਵਾਸ ਉੱਤੇ ਖਾਸ ਧਿਆਨ ਦਿੱਤਾ ਜਾਵੇਗਾ।ਹਲਕਾ ਵਿਧਾਇਕ ਨੇ ਕਿਹਾ ਕਿ ਨਸ਼ਾ ਸਿਰਫ਼ ਇਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਸਮੱਸਿਆ ਹੈ ਅਤੇ ਇਸ ਨੂੰ ਖ਼ਤਮ ਕਰਨ ਲਈ ਸਰਕਾਰ ਦੇ ਨਾਲ-ਨਾਲ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ, ਸਿੱਖਿਆ ਅਤੇ ਰੋਜ਼ਗਾਰ ਵੱਲ ਧਿਆਨ ਦੇਣ।ਇਸ ਮੌਕੇ ਸੁਮਿਤ ਰਾਣਾ, ਹਲਕਾ ਕੋਆਰਡੀਨੇਟਰ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਹੇਠ ਪਦ ਯਾਤਰਾਵਾਂ, ਜਾਗਰੂਕਤਾ ਕੈਂਪ, ਸਕੂਲਾਂ-ਕਾਲਜਾਂ ਵਿੱਚ ਪ੍ਰੋਗਰਾਮ ਅਤੇ ਪਿੰਡ ਪੱਧਰ 'ਤੇ ਲੋਕ ਸੰਪਰਕ ਰਾਹੀਂ ਨਸ਼ਿਆਂ ਖ਼ਿਲਾਫ਼ ਵੱਡੀ ਲਹਿਰ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਪੰਜਾਬ ਬਣਾਉਣਾ ਸਾਰਿਆਂ ਦਾ ਸਾਂਝਾ ਸੰਕਲਪ ਹੈ।ਪਦ ਯਾਤਰਾ ਦੌਰਾਨ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਨਸ਼ਾ ਛੱਡਣ ਲਈ ਸਰਕਾਰ ਵੱਲੋਂ ਉਪਲਬਧ ਇਲਾਜ ਅਤੇ ਪੁਨਰਵਾਸ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ, ਨੌਜਵਾਨਾਂ ਅਤੇ ਪੰਚਾਇਤੀ ਨੁਮਾਇੰਦਿਆਂ ਨੇ ਇਸ ਪਦ ਯਾਤਰਾ ਵਿੱਚ ਭਾਗ ਲਿਆ।ਐਮ ਐਲ ਏ ਰੰਧਾਵਾ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਦਾ ਸਪੱਸ਼ਟ ਸੰਦੇਸ਼ ਹੈ ਕਿ ਨਸ਼ਿਆਂ ਖ਼ਿਲਾਫ਼ ਇਹ ਲੜਾਈ ਨਿਰੰਤਰ ਜਾਰੀ ਰਹੇਗੀ ਅਤੇ ਲੋਕਾਂ ਦੇ ਸਹਿਯੋਗ ਨਾਲ ਨਸ਼ਾ ਮੁਕਤ ਪੰਜਾਬ ਬਣਾਇਆ ਜਾਵੇਗਾ।

# ਪੰਜਾਬ ਸਰਕਾਰ ਨੇ ਕੀਮਤ-ਆਧਾਰਤ ਮਾਈਨਿੰਗ ਆਕਸ਼ਨਜ਼ ਕੀਤੀ ਸ਼ੁਰੂ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਮਾਈਨਿੰਗ ਸਾਈਟਾਂ ਲਈ ਨਵੀਂ ਨਿਲਾਮੀ ਸ਼ੁਰੂ ਕੀਤੀ ਗਈ ਹੈ ਅਤੇ ਸੋਧੇ ਹੋਏ ਪੰਜਾਬ ਮਾਈਨਰ ਮਿਨਰਲ ਨਿਯਮਾਂ ਤਹਿਤ ਨਿਲਾਮੀ ਢਾਂਚੇ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ।ਇਨ੍ਹਾਂ ਸੁਧਾਰਾਂ 'ਤੇ ਹੋਰ ਚਾਨਣਾ ਪਾਉਂਦਿਆਂ ਖਣਨ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ, ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਖਣਨ ਖੇਤਰ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇ ਅਤੇ ਕੁਦਰਤੀ ਸਰੋਤਾਂ ਦੀ ਵਰਤੋਂ ਲੋਕਾਂ ਦੇ ਹਿੱਤਾਂ ਲਈ ਕੀਤੀ ਜਾਵੇ। ਪਾਰਦਰਸ਼ੀ ਆਨਲਾਈਨ ਨਿਲਾਮੀ ਪ੍ਰਣਾਲੀ ਨੂੰ ਅਪਣਾ ਕੇ ਅਸੀਂ ਸੂਬੇ ਦੇ ਮਾਲੀਏ ਦੀ ਰੱਖਿਆ ਤਾਂ ਕਰ ਹੀ ਰਹੇ ਹਾਂ, ਨਾਲ-ਨਾਲ ਯੋਗ ਆਪ੍ਰੇਟਰਾਂ ਲਈ ਬਰਾਬਰ ਦੇ ਮੌਕੇ ਪ੍ਰਦਾਨ ਕਰ ਰਹੇ ਹਾਂ ਅਤੇ ਅਤੇ ਗ਼ੈਰ-ਕਾਨੂੰਨੀ ਖਣਨ 'ਤੇ ਨਕੇਲ ਕੱਸ ਰਹੇ ਹਾਂ।ਕੈਬਨਿਟ ਮੰਤਰੀ ਨੇ ਦੱਸਿਆ ਕਿ ਪਹਿਲੇ ਪੜਾਅ ਤਹਿਤ ਸਰਕਾਰ ਵੱਲੋਂ ਇੱਕ ਖੁੱਲ੍ਹੀ ਅਤੇ ਪ੍ਰਤੀਯੋਗੀ ਆਨਲਾਈਨ ਬੋਲੀ ਪ੍ਰਕਿਰਿਆ ਰਾਹੀਂ 29 ਨਵੀਆਂ ਵਪਾਰਕ ਮਾਈਨਿੰਗ ਸਾਈਟਾਂ (ਸੀ.ਐਮ.ਐਸ.) ਦੀ ਨਿਲਾਮੀ ਕੀਤੀ ਗਈ। ਅਕਤੂਬਰ-ਨਵੰਬਰ ਵਿੱਚ ਸ਼ੁਰੂ ਕੀਤੀਆਂ ਗਈਆਂ ਇਨ੍ਹਾਂ ਨਿਲਾਮੀਆਂ ਨਾਲ 16 ਸਫ਼ਲ ਬੋਲੀਆਂ ਹੋਈਆਂ ਅਤੇ 11.61 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਗਿਆ।

# ਰੁਜ਼ਗਾਰ ਦ.ਫ਼ਤਰ ਦੇ ਆਪਣੇ ਦਫਤਰ 'ਚ ਰੁਜ਼ਗਾਰ ਦੀਆਂ ਪੋਸਟਾਂ ਖਾਲੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਰੰਗਲੇ ਪੰਜਾਬ ਦੇ ਰੁਜ਼ਗਾਰ ਮੁਹਈਆ ਕਰਵਾਉਣ ਵਾਲੇ ਵਿਭਾਗ ਵਿਚ ਆਪਣੇ ਮੁਲਾਜ਼ਮਾਂ ਦੀਆਂ ਪੋਸਟਾਂ ਖਾਲੀ ਹਨ ।ਵਿਭਾਗਾਂ ਦੇ ਨਾਮ ਬਦਲਣ ਦੀ ਨੀਤੀ ਲੋਕਾਂ ਵਿਚ ਅਸਥਿਰਤਾ ਪੈਦਾ ਕਰ ਰਹੀ ਹੈ।ਕਦੇ ਰੁਜ਼ਗਾਰ ਦਫਤਰ ਦਾ ਨਾਮ ਵੀ ਬੜਾ ਸਧਾਰਨ ਨਾਮ ਰੁਜਗਾਰ ਦਫਤਰ ਸੀ।ਪਰ ਹੌਲੀ ਹੌਲੀ ਸਰਕਾਰਾਂ ਨੇ ਲੋਕਾਂ ਨੂੰ ਚੰਗੀਆਂ ਸੇਵਾਵਾਂ ਮੁਹਈਆ ਕਰਵਾਉਣ ਉਤੇ ਜ਼ੋਰ ਦੇਣ ਦੀ ਮਦ 'ਤੇ ਬੇਰੁਜ਼ਗਾਰ ਦਫਤਰ ਦਾ ਨਾਮ ਬਦਲ ਕੇ ਜ਼ਿਲ੍ਹਾ ਬਿਓਰੋ ਆਫ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਰੱਖ ਲਿਆ ਤੇ ਕੰਮਾਂ ਵਿਚ ਸੁਧਾਰ ਪਹਿਲਾਂ ਨਾਲੋਂ ਵੀ ਗਿਰਾਵਟ ਵੱਲ ਗਿਆ। ਸ਼ਾਇਦ ਹੁਣ ਬੜੀ ਮੁਸ਼ਕਲ ਨਾਲ ਹੀ ਬੱਚਿਆਂ ਨੂੰ ਰੁਜ਼ਗਾਰ ਦਫਤਰ ਦਾ ਅਸਲੀ ਨਾਮ ਪਤਾ ਹੋਵੇ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ 2005 ਦੇ ਤਹਿਤ ਰੁਜ਼ਗਾਰ ਦਫਤਰ ਦੇ ਕੰਮਾਂ ਅਤੇ ਬੇਰੁਜ਼ਗਾਰਾਂ ਨੂੰ ਮੁਹਈਆ ਕਰਵਾਏ ਜਾਂਦੇ ਬੇਰੁਜ਼ਗਾਰੀ ਭੱਤਾ ਅਤੇ ਦਫਤਰ ਵਿਚ ਅਧਿਕਾਰੀਆਂ ਤੇ ਮੁਲਾਜ਼ਮਾਂ ਦੀਆਂ ਖਾਲੀ



ਪੋਸਟਾਂ ਸਬੰਧੀ ਜਾਣ ਲੈਣ ਤੋਂ ਬਾਅਦ ਖੁਲਾਸਾ ਕਰਦਿਆਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੇ ਰੁਜ਼ਗਾਰ ਮੁਹਈਆ ਕਰਵਾਉਣ ਵਾਲੇ ਆਪਣੇ ਹੀ ਦਫਤਰ ਵਿਚ ਸਟਾਫ ਦੀ ਭਾਰੀ ਘਾਟ ਹੈ ਤਾਂ ਦੁਸਰਿਆਂ ਨੂੰ ਕਿਸ ਤਰ੍ਹਾਂ ਰੁਜ਼ਗਾਰ ਮੁਹਈਆ ਕਰਵਾਇਆ ਜਾਵੇਗਾ। ਉਨ੍ਹਾਂ ਦਸਿਆ ਕਿ ਪੰਜਾਬ ਪੇਮੈਂਟ ਆਫ ਅਨਇੰਪਲਾਇਮੈਂਟ ਅਲਾਉਂਸ ਟੂ ਐਜੂਕੇਟਿਡ ਅਨਇੰਪਲਾਇਮੈਂਟ ਪਰਸਨ ਰੂਲਜ਼ 1978 ਦੇ ਤਹਿਤ ਅਪਾਹਜ ਅਤੇ ਅੱਖਾਂ ਤੋਂ ਬਿਨਾਂ ਰੋਸ਼ਨੀ ਵਾਲੇ ਬੇਰੁਜ਼ਗਾਰਾਂ ਨੂੰ ਮੈਡੀਕਲ ਸਰਟੀਫਿਕੇਟ ਦੇ ਅਧਾਰ 'ਤੇ 10ਵੀਂ/ ਅੰਡਰ ਗਰਜੂਏਟ ਨੂੰ 450 ਰੁ: ਪ੍ਰਤੀ ਮਹੀਨਾ, ਗਰੈਜੂਏਟ—ਪੋਸਟ ਗਰੈਜੂਏਟ ਲਈ 600 ਰੁ: ਪ੍ਰਤੀ ਮਹੀਨਾ ਅਤੇ ਹੈਂਡੀਕੈਪਡ 10ਵੀਂ —ਗਰੈਜੂਏਟ ਲਈ 225 ਰੁ: ਪ੍ਰਤੀ ਮਹੀਨਾ, ਗਰੇਜੂਏਟ —ਪੋਸਟ ਗਰੇਜੂਏਟ ਲਈ 300 ਰੁ: ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ।ਪਰ ਜਿਹੜੇ ਬੱਚੇ ਤੰਦਰੁਸਤ ਹਨ ਉਨ੍ਹਾਂ ਵਿਚੋਂ 10ਵੀਂ — ਅੰਡਰ ਗਰੇਜੂਏਟ ਪ੍ਰਾਰਥੀ ਨੂੰ 150 ਰੁ: ਪ੍ਰਤੀ ਮਹੀਨਾ ਅਤੇ ਗਰੇਜੂਏਟ ਅਤੇ ਪੋਸਟ ਗਰੇਜੂਏਟ ਪ੍ਰਾਰਥੀ ਨੂੰ 200 ਰੁ: ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ।ਇਹ ਆਪਣੇ ਆਪ ਵਿਚ ਇਕ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ ਬੇਰੁਜ਼ਗਾਰਾਂ ਨਾਲ।ਇਹ ਵੀ ਸਮੇਂ ਸਿਰ ਨਹੀਂ ਦਿੱਤਾ ਜਾਂਦਾ।ਧੀਮਾਨ ਨੇ ਦਸਿਆ ਕਿ ਰੁਜ਼ਗਾਰ ਦਫਤਰ ਵਿਚ ਬੇਰੁਜ਼ਗਾਰਾਂ ਦੇ ਭੱਤੇ ਲਈ ਪਿਛਲੇ ਲਗਭਗ 6 ਸਾਲਾਂ ਤੋਂ ਭੱਤੇ ਦੀ ਰਾਸ਼ੀ ਹਵਾ ਹਵਾਈ ਹੋਈ ਪਈ ਹੈ। ਧੀਮਾਨ ਨੇ ਦਸਿਆ ਕਿ ਉਹ ਕਾਨੂੰਨੀ ਘਾੜਿਆਂ ਨਾਲ ਸਲਾਹ ਕਰਕੇ ਬੇਰੁਜ਼ਗਾਰ ਬੱਚਿਆਂ ਨੂੰ ਇਨਸਾਫ ਦਵਾਉਣ ਲਈ ਕੋਈ ਠੋਸ ਉਪਰਾਲਾ ਕਰਨਗੇ।

# ਮਨਰੇਗਾ ਖਤਮ ਕਰਕੇ ਗਰੀਬ ਪਰਵਾਰਾਂ ਦੇ ਰੁਜ਼ਗਾਰ ਨੂੰ ਖਤਮ ਕੀਤਾ ਜਾ ਰਿਹਾ : ਡਾ. ਕਰੀਮਪੁਰੀ



ਹੁਸ਼ਿਆਰਪੁਰ (ਓ ਪੀ ਰਾਣਾ) ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਅਹੁਦੇਦਾਰਾਂ ਦੀ ਮੀਟਿੰਗ ਐਡਵੋਕੇਟ ਪਲਵਿੰਦਰ ਮਾਨਾ ਜਿਲ੍ਹਾ ਇੰਚਾਰਜ ਅਤੇ ਹਲਕਾ ਇੰਚਾਰਜ ਦੀ ਅਗਵਾਈ ਵਿੱਚ ਕਮਿਊਨਿਟੀ ਸੈਂਟਰ ਚੱਬੇਵਾਲ ਵਿਖੇ ਹੋਈ, ਜਿਸ ਵਿਚ ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ।ਇਸ ਮੌਕੇ ਕਰੀਮਪੁਰੀ ਨੇ ਹਲਕਾ ਚੱਬੇਵਾਲ ਦੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 15 ਜਨਵਰੀ ਨੂੰ ਗੜ੍ਹਸ਼ੰਕਰ ਵਿਖੇ ਬਸਪਾ ਦੇ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦਾ ਜਨਮ ਦਿਨ ਪੰਜਾਬ ਸੰਭਾਲੋ ਮੁਹਿੰਮ ਤਹਿਤ ਜਨ ਕਲਿਆਣ ਦਿਵਸ ਦੇ ਤੌਰ ਮਨਾਇਆ ਜਾਵੇਗਾ ਜਿਸ ਵਿੱਚ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦੀਆਂ ਲੋਕ ਵਿਰੋਧੀ, ਗਰੀਬ ਕਿਰਤੀ ਮਜ਼ਦੂਰ ਵਿਰੋਧੀ ਅਤੇ ਪੰਜਾਬ ਵਿਰੋਧੀ ਨੀਤੀਆਂ ਖਿਲਾਫ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਨੇ ਮਨਰੇਗਾ ਰੁਜ਼ਗਾਰ ਯੋਜਨਾ ਖਤਮ ਕਰਕੇ ਗਰੀਬ ਪਰਵਾਰਾਂ ਦੇ ਰੁਜ਼ਗਾਰ ਨੂੰ ਖਤਮ ਕੀਤਾ ਹੈ ਇਸ ਦੇ ਵਿਰੋਧ ਵਿਚ ਬਸਪਾ ਵੱਡੇ ਪੱਧਰ 'ਤੇ ਵਿਸ਼ਾਲ ਰੈਲੀ ਕਰੇਗੀ। ਕਰੀਮਪੁਰੀ ਨੇ ਕਿਹਾ ਜਨ ਕਲਿਆਣ ਦਿਵਸ ਮੌਕੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਕਿਰਤੀ ਮਜਦੂਰ, ਗਰੀਬ ਕਿਸਾਨ, ਛੋਟਾ ਦੁਕਾਨਦਾਰ, ਮੁਲਾਜਮ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਵੇਗਾ। ਕਰੀਮਪੁਰੀ ਨੇ ਕਿਹਾ ਆਮ ਆਦਮੀ ਪਾਰਟੀ ਸਤਿਗੁਰੂ ਰਵਿਦਾਸ ਜੀ,ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਹੋਰ ਮਹਾਨ ਗੁਰੂ ਸਾਹਿਬਾਨਾਂ ਦੇ ਵਿਰੋਧੀ ਪਾਰਟੀ ਹੈ ਇਸੇ ਕਰਕੇ ਜਿਥੇ ਪੰਜਾਬ ਅੰਦਰ ਸਤਿਗੁਰੂ ਰਵਿਦਾਸ ਜੀ ਦੇ ਅਸਥਾਨਾਂ, ਡਾ. ਅੰਬੇਡਕਰ ਸਾਹਿਬ ਦੇ ਬੁੱਤਾਂ ਨੂੰ ਤੋੜ ਕੇ ਬੇਅਦਵੀ ਕੀਤੀ ਜਾ ਰਹੀ ਹੈ। ਇਸ ਮੌਕੇ ਕਰੀਮਪੁਰੀ ਨੇ ਅੰਦੋਲਨ ਨੂੰ ਸਫਲ ਕਰਨ ਦੇ ਲਈ ਹਲਕੇ ਦੀ ਲੀਡਰਸ਼ਿਪ ਦੀਆਂ ਡਿਊਟੀਆਂ ਲਗਾਈਆਂ ਅਤੇ ਭਾਰੀ ਗਿਣਤੀ ਵਿੱਚ ਹਲਕਾ ਚੱਬੇਵਾਲ ਦੇ ਲੋਕਾਂ ਨੂੰ ਗੜ੍ਹਸ਼ੰਕਰ ਪਹੁੰਚਾਉਣ ਦੇ ਦਿਸ਼ਾਂ ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਜ਼ਿਲਾ ਪ੍ਰਧਾਨ ਦਲਜੀਤ ਰਾਏ, ਰਾਕੇਸ਼ ਕਿਟੀ ਜਿਲਾ ਇੰਚਾਰਜ, ਦਵਿੰਦਰ ਸਿੰਘ ਬਾਹੋਵਾਲ ਬਾਮਸੇਫ ਇੰਚਾਰਜ, ਸਤਪਾਲ ਬਡਲਾ ਜਨਰਲ ਸਕੱਤਰ, ਵਿਕੀ ਬੰਗਾ,ਰਾਜੇਸ਼ ਭੁੰਨੋ, ਪ੍ਰੇਮ ਸਿੰਘ ਖਾਲਸਾ, ਬਾਬੂ ਰੌਸ਼ਨ ਲਾਲ, ਸਿਮਰੂ ਰਾਮ, ਡਾ. ਹਰਨੇਕ ਸਿੰਘ, ਠੇਕੇਦਾਰ ਜੱਸੀ ਖਾਨਪੁਰ, ਮਿਸ਼ਨਰੀ ਗਾਇਕ ਨੀਲਮ ਜੱਸਲ, ਚਰਨਜੀਤ ਬਾਹੋਵਾਲ, ਜੋਗਿੰਦਰ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ, ਜਗਦੀਪ ਸਿੰਘ, ਸੰਤੋਖ ਸਿੰਘ, ਤੇਜਪਾਲ ਸਿੰਘ ਅਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜਰ ਸਨ।

## ਥਾਣਾ ਸਦਰ ਦੇ ਐੱਸ ਐੱਚ ਓ ਤੇ ਸਮੂਹ ਸਟਾਫ ਨੇ ਦੁੱਧ ਤੇ ਬਿਸਕੁਟਾਂ ਦਾ ਲੰਗਰ ਵਰਤਾਇਆ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)- ਥਾਣਾ ਸਦਰ ਹੁਸ਼ਿਆਰਪੁਰ ਦੇ ਐੱਸ ਐੱਚ ਓ ਹਰਜੀਤ ਸਿੰਘ ਅਤੇ ਉਨ੍ਹਾਂ ਦੇ ਸਮੂਹ ਸਟਾਫ ਵਲੋਂ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਜੀਤ ਸਿੰਘ ਜੀ, ਜੁਝਾਰ ਸਿੰਘ ਜੀ, ਜ਼ੋਰਾਵਰ ਸਿੰਘ ਜੀ,





ਫਤਹਿ ਸਿੰਘ ਜੀ, ਮਾਤਾ ਗੁਜਰ ਕੌਰ ਜੀ ਦੀਆਂ ਸ਼ਹੀਦੀਆਂ ਅਤੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਸ਼ਹੀਦੀਆਂ ਨੂੰ ਸਮਰਪਤ ਦੁੱਧ ਅਤੇ ਬਿਸਕੁਟਾਂ ਦਾ ਅਤੁੱਟ ਲੰਗਰ ਲਗਾਇਆ ਗਿਆ । ਇਸ ਮੌਕੇ ਰਿਟਾਇਰਡ ਡੀ ਐਸ ਪੀ ਸਤਵੰਤ ਸਿੰਘ ਅਤੇ ਲਾਇਨਜ਼ ਕਲੱਬ ਰਿਹਾਣਾ ਜੱਟਾ ਕੋਹਿਨੂਰ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਨੇ ਵੀ ਹਾਜ਼ਰੀ ਲਗਵਾਈ।ਸੰਦੀਪ ਕੁਮਾਰ ਮਲਿਕ ਆਈ ਪੀ ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੀ ਸੁਹਿਰਦ ਰਹਿਨੁਮਾਈ ਹੇਠ, ਲੋਕਾਂ ਮਿਲਵਰਤਣ ਦੀ ਭਾਵਨਾ ਨਾਲ ਵਿਚਰ ਰਹੀ ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਸ ਦੀ ਇਲਾਕੇ ਦੇ ਲੋਕਾਂ ਵੱਲੋ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ ।

# ਜੰਡਿਆਲਾ ਵਿਖੇ ਲਗਾਇਆ ਗਿਆ ਦੋ ਦਿਨਾ ਖੇਤੀਬਾੜੀ ਕੈਂਪ

ਗੁਰਾਇਆ (ਬਿੰਦਰ ਸੁਮਨ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ, ਵੱਲੋਂ ਡਾ. ਜਸਵਿੰਦਰ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਜਲੰਧਰ ਦੀ ਪ੍ਰਧਾਨਗੀ ਹੇਠ ਨੈਸ਼ਨਲ ਮਿਸ਼ਨ ਓਨ ਐਡੀਬਲ ਆਇਲ ਸਕੀਮ ਅਧੀਨ ਬਲਾਕ ਰੁੜਕਾ ਕਲਾਂ ਦੇ ਪਿੰਡ



ਜੰਡਿਆਲਾ ਵਿਖੇ ਸਰੋਂ ਦੀ ਕਾਸ਼ਤ ਸੰਬੰਧੀ 2 ਦਿਨਾ ਟ੍ਰੇਨਿੰਗ ਕਰਵਾਈ ਗਈ।ਟ੍ਰੇਨਿੰਗ ਵਿੱਚ ਜਾਣਕਾਰੀ ਦੇਂਦੇ ਹੋਏ ਉਹਨਾਂ ਦੱਸਿਆ ਕਿ ਸਰੋਂ ਪੰਜਾਬ ਦੀ ਇੱਕ ਮੁੱਖ ਤੇਲ ਬੀਜ ਫ਼ਸਲ ਹੈ। ਅੱਜ ਦੇ ਸਮੇ ਵਿੱਚ ਬਾਜ਼ਾਰ ਵਿੱਚ ਵਿਕਣ ਵਾਲੇ ਤੇਲ ਵਿੱਚ ਕਾਫ਼ੀ ਮਿਲਾਵਟ ਕੀਤੀ ਜਾਂਦੀ ਹੈ।ਇਸ ਸਭ ਨੂੰ ਵੇਖਦੇ ਹੋਏ ਕਿਸਾਨ ਨੂੰ ਮੁੜ ਤੋਂ ਸਰੋਂ ਹੇਠ ਰਕਬਾ ਵਧਾਉਣਾ ਚਾਹੀਦਾ ਹੈ ਤਾਂ ਕਿ ਕਿਸਾਨ ਤੇਲ ਬੀਜਾ ਦੀ ਖੁਦ ਪ੍ਰੋਸੈਸਿੰਗ ਕਰ ਕੇ ਵੱਧ ਮੁਨਾਫਾ ਕਮਾਉਣ ਦੇ ਨਾਲ ਨਾਲ ਸਿਹਤ ਪੱਖੋ ਵੀ ਤੰਦੁਰਸਤ ਰਹਿ ਸਕਣ। ਟ੍ਰੇਨਿੰਗ ਵਿੱਚ ਉੱਚੇਚੇ ਤੌਰ 'ਤੇ ਪੁੱਜੇ ਕੀਟ ਵਿਗਿਆਨੀ ਡਾ. ਸੰਜੀਵ ਕੁਮਾਰ ਕਟਾਰੀਆ ਡਿਪਟੀ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ ਨੇ ਤੇਲ ਬੀਜ ਫਸਲਾ ਦੀ ਬੀਮਾਰੀਆਂ ਅਤੇ ਕੀੜੇ ਮਕੌੜੇ ਦੀ ਰੋਕਥਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਫ਼ਸਲ ਵਿਗਿਆਨੀ ਡਾ ਪ੍ਰਭਜੀਤ ਕੌਰ ਨੇ ਸਰੋਂ ਦੀ ਕਾਸ਼ਤ ਸੰਬੰਧੀ ਅਤੇ ਨਦੀਨਾਂ ਦੀ ਰੋਕਥਾਮ ਬਾਰੇ ਦੱਸਿਆ। ਕੈਂਪ ਵਿੱਚ ਮਜੂਦ ਐਫ਼ ਪੀ ਓ ਰੁੜਕਾ ਕਲਾਂ ਦੇ ਮੈਂਬਰ ਨਵਜੋਤ ਕੌਰ ਅਤੇ ਵਿਕਰਾਂਤ ਸਿੰਘ ਵੱਲੋ ਸਰੋਂ ਦੀ ਮਾਰਕੇਟਿੰਗ ਬਾਰੇ ਦੱਸਿਆ ਅਤੇ ਇਸ ਸੰਬੰਧੀ ਸਰੋਂ ਦੇ ਤੇਲ ਦੀ ਬੋਤਲ ਦੀ ਪੈਕਿੰਗ ਸੰਬੰਧੀ ਪ੍ਰਦਰਸ਼ਨੀ ਵੀ ਲਗਾਈ। ਅੰਤ ਵਿੱਚ ਡਾ ਰਮਨਦੀਪ, ਖੇਤੀਬਾੜੀ ਵਿਕਾਸ ਅਫ਼ਸਰ ਰੁੜਕਾ ਕਲਾਂ ਵਲੋਂ ਸੱਭ ਆਏ ਅਧਿਕਾਰੀਆਂ ਅਤੇ ਕਿਸਾਨਾਂ ਦਾ ਧੰਨਵਾਦ ਕਰਦੇ ਹੋਏ ਏਸ ਟ੍ਰੇਨਿੰਗ ਕੈਂਪ ਦੀ ਸਮਾਪਤੀ ਕੀਤੀ ਗਈ ।

# ਬੀਬੀ ਰਣਜੀਤ ਕੌਰ ਕਾਕੜ ਵੱਲੋਂ ਨੁੱਕੜ ਮੀਟਿੰਗਾਂ

ਮਹਿਤਪੁਰ (ਰਾਜਾ) ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਦਿੱਤੀਆਂ ਜਾਂਦੀਆਂ ਪੰਜਾਬ ਵਾਸੀਆਂ ਨੂੰ ਤੰਦਰੁਸਤ ਪੰਜਾਬ, ਰੰਗਲਾ ਪੰਜਾਬ ਤੇ ਖੁਸ਼ਹਾਲ ਪੰਜਾਬ



ਦੀ ਤਰਜਮਾਨੀ ਹੇਠ ਹਲਕਾ ਮਹਿਤਪੁਰ ਦੇ ਪਿੰਡ ਲੋਹਗੜ ਅਤੇ ਖੁਰਲਾਪੁਰ ਵਿਖੇ ਪੰਜਾਬ ਵਾਸੀਆਂ ਲਈ ਬਹੁਤ ਹੀ ਜਲਦ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਜਾ ਰਹੀਆਂ ਨਵੀਆਂ ਸਕੀਮਾਂ ਦੀ ਜਾਣਕਾਰੀ ਦਿੰਦੇ ਹੋਏ ਬੀਬੀ ਰਣਜੀਤ ਕੌਰ ਕਾਕੜ ਨੇ ਕਿਹਾ ਕਿ ਪੰਜਾਬ ਵਾਸਤੇ ਜੋ ਕੰਮ ਪਿਛਲੀਆਂ ਸਰਕਾਰਾਂ ਨੇ ਹੁਣ ਤੱਕ ਨਹੀਂ ਕੀਤੇ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਉਸ ਕੰਮਾਂ ਤੇ ਮੋਹਰ ਲਾ ਕੇ ਦਰਸਾ ਦਿੱਤਾ ਹੈ ਕਿ ਜਦ ਇਰਾਦਾ ਨੇਕ ਹੋਵੇ ਤੇ ਹੌਸਲੇ ਬੁਲੰਦ ਹੋਣ ਤਾਂ ਦੇਖੋ ਕੋਈ ਵੀ ਕੰਮ ਪੰਜਾਬੀਆਂ ਦੇ ਭਲੇ ਵਾਲਾ ਰੁਕਦਾ ਨਹੀਂ ਇਸੇ ਲੜੀ ਨੂੰ ਤੋਰਦੇ ਹੋਏ ਬੀਬੀ ਕਾਕੜ ਨੇ ਕਿਹਾ ਕਿ ਜਿੱਥੇ ਪੰਜਾਬੀਆਂ ਨੇ ਆਪਣੀ ਏਕਤਾ ਦਾ ਸਬੂਤ ਦਿੰਦੇ ਹੋਏ 2022 ਵਿੱਚ ਇੰਨੇ ਵੱਡੇ ਫਰਕ ਦੇ ਨਾਲ ਸਰਦਾਰ ਭਗਵੰਨ ਸਿੰਘ ਮਾਨ ਜੀ ਦੀ ਸਰਕਾਰ ਬਣਾਈ ਹੈ, ਉੱਥੇ ਹੀ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ 2027 ਵਿੱਚ ਵੀ ਪੰਜਾਬ ਵਾਸੀ ਬਹੁਤ ਹੀ ਵੱਡੀ ਲੀਡ ਨਾਲ ਇੱਕ ਵਾਰ ਫਿਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਣਾਉਣ ਲਈ ਕਮਰਕੱਸੇ ਕੱਸੀ ਬੈਠੇ ਹਨ। ਇਸ ਮੌਕੇ ਸਤਨਾਮ ਸਿੰਘ ਖੁਰਲਾਪੁਰ ਹਰਵਿੰਦਰ ਸਿੰਘ, ਸਤਨਾਮ ਸਿੰਘ ਲੋਹਗੜ੍ਹ, ਸੁੱਚਾ ਸਿੰਘ, ਕੁਲਦੀਪ ਸਿੰਘ, ਮਨਦੀਪ ਸਿੰਘ ਝੀਤਾ, ਲਛਮਣ ਸਿੰਘ ਪੂਨੀਆ, ਸਰਬਜੀਤ ਸਿੰਘ ਤੇ ਸਵਰਾਜ ਸਿੰਘ ਆਦਿ ਹਾਜ਼ਰ ਸਨ।

# ਸਾਲਾਨਾ ਗੁਰਮਤਿ ਸਮਾਗਮ 25 ਨੂੰ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਜਥੇਬੰਦੀ ਵੱਲੋਂ ਸਮੂਹ ਇਲਾਕਾ ਤੇ ਨਗਰ ਨਿਵਾਸੀ ਸੰਗਤ ਦੇ ਸਹਿਯੋਗ ਨਾਲ ਧੰਨ- ਧੰਨ ਬਾਬਾ ਅੱਘੜ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਸਾਲਾਨਾ ਗੁਰਮਤਿ ਸਮਾਗਮ 25 ਜਨਵਰੀ ਨੂੰ ਗੁਰਦੁਆਰਾ ਸ਼ਹੀਦ ਬਾਬਾ ਅੱਗੜ ਸਿੰਘ ਜੀ ਪਿੰਡ ਟੂਟੋਮਜਾਰਾ ਜ਼ਿਲਾ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆ ਜਥੇਦਾਰ ਬਾਬਾ ਨਾਗਰ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਅੱਘੜ ਸਿੰਘ



ਜੀ ਸ਼ਹੀਦ ਪਿੰਡ ਟੂਟੋਮਜਾਰਾ ਨੇ ਦੱਸਿਆ ਕਿ 25 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਹਜੂਰੀ ਰਾਗੀ ਜਥਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਭਾਈ ਸਾਹਿਬ ਭਾਈ ਜਗਤਾਰ ਸਿੰਘ ਜੀ, ਭਾਈ ਹਰਭਜਨ ਸਿੰਘ ਜੀ ਸੋਤਲੇ ਵਾਲੇ, ਗਿਆਨੀ ਗੁਰਪ੍ਰੀਤ ਸਿੰਘ ਜੀ ਹਜੂਰੀ ਕਥਾਵਾਚਕ, ਭਾਈ ਸੁਖਦੇਵ ਸਿੰਘ ਜੀ ਹਜੂਰੀ ਰਾਗੀ ਜਥਾ, ਭਾਈ ਅਮਨਵੀਰ ਸਿੰਘ ਜੀ ਹਜੂਰੀ ਕਵੀਸ਼ਰੀ ਜਥਾ, ਗਿਆਨੀ ਤਰਸੇਮ ਸਿੰਘ ਜੀ ਮੋਰਾਂਵਾਲੀ ਪੰਥ ਪ੍ਰਸਿੱਧ ਸ਼੍ਰੋਮਣੀ ਢਾਡੀ ਜਥਾ ਅਤੇ ਸੰਤ ਬਾਬਾ ਸੁੱਖਾ ਸਿੰਘ ਜੀ ਗੁਰਦੁਆਰਾ ਪੀਰ ਬਾਲਾ ਸਾਹਿਬ ਫਤਿਹਪੁਰ ਕੋਠੀ ਸੰਗਤਾਂ ਨੂੰ ਕਥਾ ਕੀਰਤਨ ਅਤੇ ਆਪਣੇ ਧਾਰਮਿਕ ਪ੍ਰਵਚਨਾਂ ਰਾਹੀਂ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ ਜੋ ਇਸ ਬ੍ਰਹਿਮੰਡ ਦੇ ਕਣ- ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪ੍ਰਤਿਪਾਲਣਾ ਕਰ ਰਿਹਾ ਹੈ। ਇਸ ਮੌਕੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਵੀ ਚਾਨਣਾ ਪਾਇਆ ਜਾਵੇਗਾ। ਇਸੇ ਦਿਨ 25 ਜਨਵਰੀ ਨੂੰ ਹੀ ਦੁਪਹਿਰ 12 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਜਥੇਦਾਰ ਬਾਬਾ ਨਾਗਰ ਸਿੰਘ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

